ਅੰਗ ੧੩੬੪ = ਸਲੋਕ ਭਗਤ ਕਬੀਰ ਜੀਉ ਕੇ ੴ ਸਤਿਗੁਰ ਪ੍ਰਸਾਦਿ ॥

ਉਥਾਨਕਾ = ਇਕ ਭਗਤ ਨੇ ਕਬੀਰ ਜੀ ਨੂੰ ਕਿਹਾ, ਕਿ ਤੁਸੀਂ ਭਗਤ ਹੋ ਕੇ ਮਾਲਾ ਨਹੀ ਰੱਖਦੇ। ਉਤਰ ਵਿਚ ਕਬੀਰ ਜੀ ਨੇ ਕਿਹਾ, ਹਰੀ ਦਾ ਰਸਨਾ ਦੁਆਰਾ ਨਾਮ ਜਪਣਾ ਸਾਡੀ ਅਸਲੀ ਮਾਲਾ ਹੈ। {ਹਰਿ ਹਰਿ ਅਖਰ ਦੁਇ ਇਹ ਮਾਲਾ। (੩੮੮)

ਕਬੀਰ ਮੇਰੀ ਸਿਮਰਨੀ, ਰਸਨਾ ਊਪਰਿ ਰਾਮੁ ॥ ਆਦਿ ਜੁਗਾਦੀ ਸਗਲ ਭਗਤ, ਤਾਕੋ ਸੁਖੁ ਬਿਸ੍ਰਾਮੁ ॥੧॥ ਕਬੀਰ ਜੀ ਆਖਦੇ ਹਨ, ਰਸਨਾ ਉਪਰ ਹਰੀ ਦਾ ਨਾਮ ਜਪਣਾ, ਇਹੀ ਮੇਰੀ ਮਾਲਾ ਹੈ। ਭਗਤ ਜਲ੍ਹਣ = ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ ਵਾਹਿਆ। ਬੁੱਢੇ ਹੋਏ ਮਾਲਾ ਫੜ ਲਈ, ਰੱਬ ਦਾ ਉਲਾਂਭਾ ਲਾਹਿਆ। ਵੱਡਾ ਕਿੱਕਰ ਵੱਢ ਕੇ, ਜਪਮਾਲ ਬਣਾਯਾ। ਉੱਚੇ ਟਿੱਬੇ ਬੈਠ ਕੇ, ਠਾਹ ਠਾਹ ਬਜਾਯਾ। ਲੋਕਾਂ ਦੀਆਂ ਜਪਮਾਲੀਆਂ, ਜਲ੍ਹਣ ਦਾ ਜਪਮਾਲ। ਸਾਰੀ ਉਮਰ ਜਪੇਂਦਿਆਂ, ਇਕ ਨ ਖੁੱਥਾ ਵਾਲ। (ਵਾਲ-ਮਾਯਾ ਹਰੀ ਦੇ ਵਾਲ ਦੀ ਤਰ੍ਹਾਂ ਹੈ)।

ਸਭ ਤੋਂ ਪਹਿਲਾਂ, ਜੁਗਾਂ ਤੋਂ ਵੀ ਪਹਿਲਾਂ (ਜਦ ਤੋਂ ਦੁਨੀਆਂ ਬਣੀ ਹੈ, ਸਦਾ) ਜੋ ਸਾਰੇ ਭਗਤ ਹੋਏ ਹਨ, ਉਨ੍ਹਾਂ ਨੂੰ (ਨਾਮ ਜਪਣ ਨਾਲ ਹੀ) ਸੁੱਖ ਤੇ ਟਿਕਾਓ ਮਿਲਿਆ ਹੈ।੧।

ਪਦਾਰਥ = ਸਿਮਰਨੀ-ਮਾਲਾ (੨੭ ਨਛੱਤਰਾਂ ਤੋਂ ੨੭ ਮਣਕਿਆਂ ਦਾ ਸਿਮਰਨਾ ਬਣਿਆ ਅਤੇ ਇਕ ਇਕ ਨਛੱਤ੍ਰ ਦੇ ਚਾਰ ਚਾਰ ਭਾਗ ਹਨ, ਇਸ ਤਰ੍ਹਾਂ ੨੭ ਚੌਕਾ ੧੦੮ ਮਣਕਿਆਂ ਦੀ ਅਠੋਤਰੀ ਮਾਲਾ ਹੋਂਦ ਵਿਚ ਆਈ)। ਰਸਨਾ-ਜੀਭ। ਰਾਮੁ-ਸਰਬ ਵਿਆਪਕ ਪ੍ਰਮਾਤਮਾ। ਆਦਿ ਜੁਗਾਦੀ-ਜਦ ਤੋਂ ਸ੍ਰਿਸਟੀ ਬਣੀ ਹੈ ਉਦੋਂ ਤੋਂ ਸਦਾ। ਸਗਲ-ਸਾਰੇ। ਬਿਸ੍ਰਾਮੁ-ਅਡੋਲਤਾ; ਟਿਕਾਓ; ਸ਼ਾਂਤੀ।੧।

ਕਬੀਰ ਮੇਰੀ ਜਾਤਿ ਕਉ, ਸਭੁ ਕੋ ਹਸਨੇਹਾਰੁ ॥ ਬਲਿਹਾਰੀ ਇਸ ਜਾਤਿ ਕਉ, ਜਿਹ ਜਪਿਓ ਸਿਰਜਨਹਾਰ ॥੨॥ ਹੇ ਕਬੀਰ! ਮੇਰੀ ਜਾਤ ਨੂੰ (ਜੁਲਾਹਾ ਨੀਵੀਂ ਹੋਣ ਕਰਕੇ) ਸਭ ਕੋਈ ਹਸਣ (ਮਖੌਲ ਕਰਨ) ਵਾਲਾ ਹੈ। ਪਰ ਮੈਂ ਇਸ ਜਾਤ ਤੋਂ ਕੁਰਬਾਨ ਜਾਂਦਾ ਹਾਂ, ਜਿਸ (ਜਾਤ ਵਿਚ ਪੈਦਾ ਹੋ ਕੇ) (ਜਗਤ ਦੇ) ਰਚਨਹਾਰ ਨੂੰ ਜਪਿਆ ਹੈ।੨।

ਪਦਾਰਥ = ਕਉ-ਨੂੰ। ਸਭ ਕੋ-ਸਭ ਕੋਈ। ਹਸਨੇਹਾਰੁ-ਹਸਣ (ਮਖੌਲ) ਕਰਨ ਵਾਲਾ। ਸਿਰਜਨਹਾਰ-ਜਗਤ ਨੂੰ ਪੈਦਾ ਕਰਨ ਵਾਲਾ ਹਰੀ।੨

ਸਾਖੀ = ਕਪੜਾ ਬੇਚਣ ਲਈ ਦਸ ਜੁਲਾਹੇ ਅਪਣੇ ਨਗਰ ਤੋਂ ਬਾਹਰ ਗਏ। ਰਸਤੇ ਵਿਚ ਨਦੀ ਸੀ, ਪਰ ਪਾਣੀ ਨਹੀ ਸੀ ਨਦੀ ਵਿਚ। ਨਦੀ ਦਾ ਰੇਤ ਧੁੱਪ ਦੀ ਚਮਕ ਕਰਕੇ ਪਾਣੀ ਦਾ ਭੁਲੇਖਾ ਪਾਉਂਦਾ ਸੀ। ਕਪੜੇ ਲਾਹ ਕੇ ਨਦੀ ਪਾਰ ਕਰਕੇ ਗਿਣਤੀ ਕਰਨ ਲੱਗੇ, ਕੋਈ ਡੁੱਬ ਨਾ ਗਿਆ ਹੋਵੇ। ਜਿਹੜਾ ਵੀ ਗਿਣਤੀ ਕਰੇ, ਉਹ ਅਪਣੇ ਆਪ ਨੂੰ ਨਾ ਗਿਣੇ, ਇਸ ਲਈ ਗਿਣਤੀ ਵਿਚ ਨੌਂ ਹੀ ਗਿਣੀ ਜਾਣ। ਇਕ ਬੰਦਾ ਡੁੱਬਿਆ ਜਾਣ ਕੇ ਰੋਣ ਲੱਗ ਪਏ। ਕਿਸੇ ਹੋਰ ਆਏ ਰਾਹੀ ਨੇ ਰੋਣ ਦਾ ਕਰਣ ਪੁੱਛਿਆ। ਜਦ ਇਨ੍ਹਾਂ ਨੇ ਇਕ ਦੇ ਡੁੱਬਣ ਦੀ ਗੱਲ ਦਸੀ, ਤਾਂ ਰਾਹੀ ਨੇ ਸਾਰੇ ਦਸ ਗਿਣ ਦਿਤੇ। ਤਦ ਤੋਂ ਲੋਕ ਜੁਲਾਹਿਆਂ ਨੂੰ ਮੋਟੀ ਬੁਧੀ ਦਾ ਸਮਝ ਕੇ ਮਖੌਲ ਕਰਦੇ ਹਨ।੨।

ਕਬੀਰ ਡਗਮਗ ਕਿਆ ਕਰਹਿ, ਕਹਾ ਡੁਲਾਵਹਿ ਜੀਉ ॥ ਸਰਬ ਸੂਖ ਕੋ ਨਾਇਕੋ, ਰਾਮ ਨਾਮ ਰਸੁ ਪੀਉ ॥੩॥ ਕਬੀਰ ਜੀ ਕਹਿੰਦੇ ਹਨ, ਹੇ ਭਾਈ! ਡਾਵਾਂਡੋਲ ਕਿਉਂ ਹੁੰਦਾ ਹੈਂ ਅਤੇ ਅਪਣੇ ਚਿੱਤ ਨੂੰ ਕਿਉਂ ਡੁਲਾਉਂਦਾ ਹੈਂ। ਸਾਰੇ ਸੁਖਾਂ ਦਾ ਮਾਲਕ ਜੋ ਰਾਮ ਹੈ, ਉਸ ਦੇ ਨਾਮ ਦੇ ਅੰਮ੍ਰਿਤ ਰਸ ਨੂੰ ਪੀ (ਅਨ ਮਤੀਆਂ ਦਾ ਮਨ ਸਥਿਰ ਨਹੀ ਰਹਿੰਦਾ, ਥਿੜਕਦਾ ਹੈ, ਨਾਮ ਜਪਣ ਤੇ ਸੁੱਖ ਮਿਲਦਾ ਹੈ)।੩।

ਪਦਾਰਥ = ਡਗਮਗ-ਡਾਵਾਂ ਡੋਲ। ਕਿਆ-ਕਿਉਂ। ਕਹਾ-ਕਿਉਂ। ਜੀਉ-ਚਿਤ ਨੂੰ। ਸਰਬ-ਸਾਰੇ। ਨਾਇਕੋ-ਮਾਲਕ। ਪੀਉ-ਪੀ।੩।

ਕਬੀਰ ਕੰਚਨ ਕੇ ਕੁੰਡਲ ਬਨੇ, ਊਪਰਿ ਲਾਲ ਜੜਾਉ ॥ ਦੀਸਹਿ ਦਾਧੇ ਕਾਨ ਜਿਉਂ, ਜਿਨ ਮਨਿ ਨਾਹੀ ਨਾਉ ॥੪॥ (ਕੰਨਾਂ ਵਿਚ ਸੋਨੇ ਦੇ ਕੁੰਡਲ ਪਾਏ ਹੋਏ ਇਕ ਹੰਕਾਰੀ ਪੁਰਸ਼ ਨੂੰ ਉਪਦੇਸ਼ ਦੇਂਦੇ ਹਨ) ਕਬੀਰ ਜੀ ਆਖਦੇ ਹਨ, ਹੇ ਭਾਈ! ਕੰਨਾਂ ਵਿਚ ਸੋਨੇ ਦੇ ਬਣੇ ਹੋਏ ਕੁੰਡਲ ਪਾਏ ਹੋਣ, ਉਤੇ ਲਾਲਾਂ (ਦੇ ਨਗ) ਜੜੇ ਹੋਏ ਹੋਣ (ਅਮੀਰੀ ਦਾ ਦਿਖਾਵਾ ਕਰਦਾ ਹੋਵੇ)। ਪਰ ਜਿਨ੍ਹਾਂ ਪੁਰਸ਼ਾਂ ਦੇ ਮਨ ਵਿਚ ਪ੍ਰਮਾਤਮਾ ਦਾ ਨਾਮ ਨਹੀ, ਉਹ ਸੜੇ ਹੋਏ ਕਾਨੇ ਵਾਂਗ ਦਿਸਦੇ ਹਨ।੪।

ਪਦਾਰਥ = ਕੰਚਨ ਕੇ-ਸੋਨੇ ਦੇ। ਬਨੇ-ਬਣੇ ਹੋਣ। ਕੁੰਡਲ-ਮੁੰਦਰਾਂ; ਬਾਲੇ। ਦੀਸਹਿ-ਦਿਸਦੇ ਹਨ। ਦਾਧੇ-ਸੜੇ ਹੋਏ। ਕਾਨ-(ਸਰਕੜੇ ਦੇ) ਕਾਨੇ। ਜਿਨ ਮਨਿ-ਜਿਨ੍ਹਾਂ ਦੇ ਮਨ ਵਿਚ। ਨਾਉ-ਵਾਹਿਗੁਰੂ ਦਾ ਨਾਮ।੪।

ਵਿਆਖਿਆ = ਗਾਂ ਦੇ ਗਲ ਵਿਚ ਕਿੰਨੇ ਕੀਮਤੀ ਟੱਲ ਬੰਨ੍ਹ ਦੇਈਏ, ਇਕ ਦੁੱਧ ਬਾਝੋਂ ਗਾਂ ਦਾ ਕੋਈ ਮੁੱਲ ਨਹੀ। ਗਾਂ ਨੂੰ ਤਾਂ ਪੱਠੇ ਖਾਣ ਨੂੰ ਚਾਹੀਦੇ ਹਨ, ਟੱਲ ਦਾ ਕੋਈ ਲਾਭ ਨਹੀ ਗਾਂ ਨੂੰ। ਤਿਵੇਂ ਨਾਮ ਤੋਂ ਖਾਲੀ ਗਹਿਣੇ ਪਾਈ ਬੰਦਾ ਸੜੇ ਹੋਏ ਕਾਨੇ ਵਾਂਗ ਉਪਰੋਂ ਸਾਬਤ ਲਿਸ਼ਕਦਾ ਅਤੇ ਅੰਦਰੋਂ ਸੁਆਹ ਰੂਪ ਪਾਪਾਂ ਕਰਕੇ ਕਾਲਾ ਹੈ ਜਾਂ ਸਾਕਤ ਪੁਰਸ਼ ਬਾਹਰੋਂ ਚਮਕਦਾ (ਸੁੰਦਰ ਦਿਸਦਾ) ਹੈ, ਪਰ ਅੰਦਰੋਂ ਸੜੇ ਹੋਏ ਕਾਨੇ ਵਾਂਗ ਈਰਖਾ ਦੀ ਅੱਗ ਦਾ ਸੜਿਆ ਹੋਇਆ ਅਤੇ ਦਿਲ ਦਾ ਬੜਾ ਕਠੋਰ ਹੈ।੪।

ਕਬੀਰ ਐਸਾ ਏਕੁ ਆਧੁ, ਜੋ ਜੀਵਤ ਮਿਰਤਕੁ ਹੋਇ ॥ ਨਿਰਭੈ ਹੋਇ ਕੈ ਗੁਨ ਰਵੈ, ਜਤ ਪੇਖਉ ਤਤ ਸੋਇ ॥੫॥ ਹੇ ਕਬੀਰ! (ਸੰਸਾਰ ਵਿਚ) ਇਹੋ ਜਿਹਾ ਕੋਈ ਇਕ ਅੱਧਾ (ਵਿਰਲਾ) ਹੀ ਹੈ, ਜੋ ਜਿਉਂਦਿਆਂ ਹੀ ਮਰਿਆ (ਜੀਵਤ ਭਾਵ ਤੋਂ ਮੁਰਦਾ) ਹੁੰਦਾ ਵ ਦੇਹ

ਅਭਿਮਾਨ, ਮਮਤਾ ਆਦਿ ਤੋਂ ਮੁਕਤ ਹੁੰਦਾ ਹੈ।(ਅਤੇ) ਭੈ ਰਹਿਤ ਹੋ ਕੇ (ਹਰੀ ਦੇ) ਗੁਣ ਉਚਾਰਣ ਕਰਦਾ ਹੈ, (ਮੈਂ) ਜਿਧਰ ਦੇਖਦਾ ਹਾਂ, ਉਧਰ (ਸਾਰੇ ਵਿਸ਼ਵ ਨੂੰ) ਉਸ ਹਰੀ ਦਾ ਰੂਪ ਹੀ ਦੇਖਦਾ ਹਾਂ ਭਾਵ ਹਰੀ ਨੂੰ ਸਾਰੇ ਵਿਆਪਕ ਹੋਇਆ ਦੇਖਦਾ ਹਾਂ।੫।

ਪਦਾਰਥ = ਏਕੁ ਆਧੁ-ਇਕ ਅੱਧਾ (ਵਿਰਲਾ)।ਜੀਵਤ ਮਿਰਤਕੁ-ਜਿਉਂਦਾ ਹੀ ਮੁਰਦਾ (ਦੁਨੀਆਵੀ ਸੁਖਾਂ ਵਲੋਂ ਬੇਪ੍ਰਵਾਹ) ਹੈ।ਨਿਰਭੈ ਹੋਇ ਕੈ-ਭੈ ਰਹਿਤ ਹੋ ਕੇ।ਰਵੈ-ਉਚਾਰਦਾ ਹੈ।ਜਤ-ਕਿਧਰ।ਪੇਖਉ-ਮੈਂ ਦੇਖਦਾ ਹਾਂ।ਤਤ-ਉਧਰ।੫।

ਕਬੀਰ ਜਾ ਦਿਨ ਹਉ ਮੂਆ, ਪਾਛੈ ਭਇਆ ਅਨੰਦੁ ॥ ਮੋਹਿ ਮਿਲਿਓ ਪ੍ਰਭੁ ਆਪਨਾ, ਸੰਗੀ ਭਜਹਿ ਗੁੋਬਿੰਦੁ ॥੬॥ ਹੇ ਕਬੀਰ! ਜਿਸ ਦਿਨ ਮੇਰਾ ਝੂਠਾ ਹੰਕਾਰ ਮਰ (ਦੂਰ ਹੋ) ਗਿਆ (ਤਾਂ ਹੰਕਾਰ ਦੇ ਮਰਨ) ਪਿਛੋਂ ਮੈਨੂੰ ਅਨੰਦ ਪ੍ਰਾਪਤ ਹੋ ਗਿਆ।ਜਿਸ ਕਰਕੇ ਮੈਨੂੰ ਅਪਣਾ ਪ੍ਰਭੂ ਮਿਲ ਗਿਆ (ਮੇਰੇ ਅਨੰਦ ਨੂੰ ਦੇਖ ਕੇ) ਮੇਰੇ ਸਾਥੀ ਵੀ ਹੁਣ ਗੋਬਿੰਦ ਨੂੰ ਸਿਮਰਦੇ ਹਨ (ਮੇਰੇ ਇੰਦ੍ਰੇ ਸਾਥੀ ਮੇਰੇ ਵਾਂਗ ਅਨੰਦ ਲੈਣ ਲਈ ਹਰੀ ਨੂੰ ਜਪਦੇ ਹਨ)।੬।

ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ।(੩੩੯)।ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂੰ ਹੀ ਮੈ ਨਾਹੀ।(੬੫੭)

ਪਦਾਰਥ = ਜਾ ਦਿਨ-ਜਿਸ ਦਿਨ।ਹਉ-ਅਪਣੱਤ; ਮੈ ਮੈਂ ਦਾ ਸੁਭਾਵ; ਹੰਕਾਰ।(ਹੰਕਾਰ ਦੇ ਮਰਨ) ਪਾਛੈ-ਪਿੱਛੋਂ।ਭਇਆ-ਹੋਇਆ।ਮੋਹਿ-ਮੈਨੂੰ।ਸੰਗੀ-(ਮੇਰੇ) ਸਾਥੀ; ਇਦ੍ਰੇ ਸਾਥੀ।ਭਜਹਿ-ਸਿਮਰਦੇ ਹਨ।੬।

ਕਬੀਰ ਸਭ ਤੇ ਹਮ ਬੁਰੇ, ਹਮ ਤਜਿ ਭਲੋ ਸਭੁ ਕੋਇ ॥ ਜਿਨਿ ਐਸਾ ਕਰਿ ਬੂਝਿਆ, ਮੀਤੁ ਹਮਾਰਾ ਸੋਇ ॥੭॥ ਹੇ ਕਬੀਰ! (ਪ੍ਰਭੂ ਦੇ ਮਿਲਣ ਨਾਲ ਪਤਾ ਲੱਗਾ ਕਿ) ਅਸੀਂ ਸਾਰਿਆ ਤੋਂ ਬੁਰੇ ਹਾਂ, ਸਾਨੂੰ ਛੱਡ ਕੇ ਹੋਰ ਸਭ ਕੋਈ ਚੰਗਾ ਹੈ {ਮੰਦਾ ਜਾਣੈ ਆਪ ਕਉ, ਅਵਰ ਭਲਾ ਸੰਸਾਰੁ ੯੯੧}।ਦੂਜਾ ਅਰਥ = ਸਭ ਨਾਲੋਂ ਹੰਗਤਾ ਮਮਤਾ ਵਾਲੇ ਮਨੁੱਖ ਬੁਰੇ ਹਨ, ਹੰਗਤਾ ਮਮਤਾ ਵਾਲਿਆਂ ਨੂੰ ਛੱਡ ਕੇ ਹੋਰ ਸਭ ਕੋਈ ਭਲਾ ਹੈ; ਜਿਨ੍ਹਾਂ ਹੰਗਤਾ ਮਮਤਾ ਨੂੰ ਛੱਡਿਆ ਹੈ, ਉਹ ਸਭ ਕੋਈ ਭਲਾ ਹੈ (ਸੰ. ਸ.) {ਹਮ ਨਹੀ ਚੰਗੇ ਬੁਰਾ ਨਹੀ ਕੋਇ ੭੨੮}।ਜਿਸ ਨੇ (ਅਪਣੇ ਆਪ ਨੂੰ) ਐਸਾ ਕਰਕੇ ਸਮਝਿਆ (ਜਿਸਦਾ ਹੰਕਾਰ ਦੂਰ ਹੋ ਗਿਆ) ਹੈ, ਉਹ ਮਨੁੱਖ ਸਾਡਾ ਮਿਤ੍ਰ ਹੈ।੭।

ਪਦਾਰਥ = ਤੇ-ਤੋਂ; ਨਾਲੋਂ।ਹਮ-ਅਸੀਂ।ਤਜਿ-ਛਡ ਕੇ।ਜਿਨਿ-ਜਿਸ ਨੇ।ਸੋਇ-ਉਹ।੭।

ਵਿਆਖਿਆ = ਜਿਸ ਨੂੰ ਮਾਣ ਵਡਿਆਈ, ਧਨ ਉਚੀ ਪਦਵੀ ਜਾਂ ਵਿਦਿਆ, ਬਹਾਦਰੀ ਅਧਿਆਤਮਕ ਤਾਕਤ ਹਰੀ ਨੇ ਬਖਸ਼ੀ ਹੈ ਤਾਂ ਉਹ ਨੀਵਾਂ ਬਣ ਕੇ ਹਰੀ ਦਾ ਸ਼ੁਕਰਾਨਾ ਕਰੇ।ਪਰਜਾ ਦਾ ਅਪਣੇ ਆਪ ਨੂੰ ਸੇਵਾਦਾਰ ਜਾਣੇ।੭।

ਕਬੀਰ ਆਈ ਮੁਝਹਿ ਪਹਿ, ਅਨਿਕ ਕਰੇ ਕਰਿ ਭੇਸ ॥ ਹਮ ਰਾਖੇ ਗੁਰ ਆਪਨੇ, ਉਨਿ ਕੀਨੋ ਆਦੇਸੁ ॥੮॥ ਹੇ ਕਬੀਰ! ਮਾਇਆ ਅਨੇਕ ਰੂਪ ਧਾਰ ਕੇ ਮੇਰੇ ਪਾਸ (ਮੈਨੂੰ) ਛਲਣ ਵਾਸਤੇ ਆਈ।(ਉਸ ਵੇਲੇ) ਮੈਨੂੰ ਮੇਰੇ ਗੁਰੂ ਨੇ (ਮਾਯਾ ਦੇ ਛਲ ਤੋਂ) ਬਚਾ ਲਿਆ, ਤੇ ਉਸ ਮਾਯਾ ਨੇ ਮੈਨੂੰ (ਤਿਆਗੀ ਜਾਣ ਕੇ) ਨਮਸ਼ਕਾਰ ਕੀਤੀ ਤੇ ਚਲੇ ਗਈ।੮।

ਸਾਖੀ = ਇਕ ਵਾਰ ਸ਼ਾਹਣੀ ਦਾ ਰੂਪ ਧਾਰ ਕੇ ਮਾਯਾ ਆਈ।ਆ ਕੇ ਆਖਣ ਲੱਗੀ ਮੇਰਾ ਕਪੜਾ ਛੇਤੀ ਬੁਣ ਦੇ।ਲੋਕਾਂ ਨਾਲੋਂ ਦੁੱਗਣੀ ਮਜਦੂਰੀ ਦੇਵਾਂਗੀ।ਜਦ ਕਬੀਰ ਜੀ ਨੇ ਨਾਂਹ ਕਰ ਦਿਤੀ ਤਾਂ ਨਲਕੀਆਂ ਸੋਨੇ ਦੀਆਂ ਬਣਾ ਦਿਤੀਆਂ, ਜਿਸ ਤੇ ਕਬੀਰ ਜੀ ਨੇ ਮਾਯਾ ਨੂੰ ਪਛਾਣ ਕੇ ਨੱਕ ਵੱਢ ਦਿਤਾ।ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ।ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ।(੪੭੬)।ਵੇਸ ਕਰੇ ਬਹੁ ਰੂਪ ਦਿਖਾਵੈ।ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ।(੩੭੧)

ਪਦਾਰਥ = ਆਈ-ਛਲਣ ਆਈ।ਮੁਝਹਿ ਪਹਿ-ਮੇਰੇ ਪਾਸ; ਮੇਰੇ ਕੋਲ।ਕਰਿ ਭੇਸ-ਵੇਸ ਕਰਕੇ; ਸ਼ਕਲਾਂ ਬਣਾ ਕੇ।ਉਨਿ-ਉਸ (ਮਾਯਾ) ਨੇ।ਕੀਨੋ ਆਦੇਸ-ਨਾਮਸ਼ਕਾਰ ਕੀਤੀ।੮।

ਉਥਾਨਕਾ = ਇਕ ਪਾਂਧਾ ਪੜ੍ਹਨ ਵਾਲੇ ਬੱਚਿਆਂ ਨੂੰ ਮਾਰ ਰਿਹਾ ਸੀ, ਤਿਸ ਨੂੰ ਦੇਖ ਕੇ ਕਬੀਰ ਜੀ ਸਿਖਿਆ ਦੇਂਦੇ ਹਨ =

ਕਬੀਰ ਸੋਈ ਮਾਰੀਐ, ਜਿਹ ਮੂਐ ਸੁਖੁ ਹੋਇ ॥ ਭਲੋ ਭਲੋ ਸਭੁ ਕੋ ਕਹੈ, ਬੁਰੋ ਨ ਮਾਨੈ ਕੋਇ ॥੯॥ ਹੇ ਕਬੀਰ! ਉਸ ਹੰਕਾਰ ਨੂੰ ਮਾਰ ਦੇਈਏ, ਜਿਸ ਦੇ ਮਰਨ ਨਾਲ ਮਨੁੱਖ ਨੂੰ ਸੁੱਖ ਹੁੰਦਾ ਹੈ।(ਨਿਰ ਹੰਕਾਰੀ ਨੂੰ) ਸਾਰੇ ਭਲਾ ਭਲਾ ਆਖਦੇ (ਸਲਾਹੁੰਦੇ) ਹਨ, ਕੋਈ ਵੀ (ਹਉਮੈ ਮਾਰਨ ਵਾਲੇ ਨੂੰ) ਬੁਰਾ ਨਹੀ ਮੰਨਦਾ (ਸਮਝਦਾ)।੯।

ਪਦਾਰਥ = ਸੋਈ-ਉਸ (ਹੰਕਾਰ) ਨੂੰ।ਜਿਹ ਮੂਐ-ਜਿਸ ਦੇ ਮਰਨ ਨਾਲ।ਨ ਮਾਨੈ-ਨਹੀਂ ਮੰਨਦਾ।੯।

ਵਿਆਖਿਆ = ਕਬੀਰ ਸਾਹਿਬ ਨੂੰ ਇਕ ਸੰਤ ਨੇ ਪੁਛਿਆ, ਉਹ ਕਿਹੜੀ ਚੀਜ ਹੈ ਜਿਸਦੇ ਮਾਰਨ ਨਾਲ ਸੁਖ ਹੁੰਦਾ ਹੈ।ਕਬੀਰ ਜੀ ਨੇ ਕਿਹਾ, ਹੰਕਾਰ (ਕਈ ਮਨ ਜਾਂ ਦ੍ਵੈਤ ਵੀ ਕਹਿੰਦੇ ਹਨ) ਮਾਰਨ ਨਾਲ ਸੁੱਖ ਮਿਲਦਾ ਹੈ।ਸਾਰੇ ਸਿਫਤ ਵੀ ਕਰਦੇ ਹਨ।੯।

ਅੰਗ ੧੩੬੫ = ਕਬੀਰ ਰਾਤੀ ਹੋਵਹਿ ਕਾਰੀਆ, ਕਾਰੇ ਊਭੇ ਜੰਤ ॥ ਲੈ ਫਾਹੇ ਉਠਿ ਧਾਵਤੇ, ਸਿ ਜਾਨਿ ਮਾਰੇ ਭਗਵੰਤ ॥੧੦॥ ਹੇ ਕਬੀਰ! ਜਦ (ਹਨ੍ਹੇਰ ਪੱਖ ਵਿਚ) ਰਾਤਾਂ ਕਾਲੀਆਂ ਹੁੰਦੀਆਂ ਹਨ, ਉਦੋਂ ਕਾਲੇ (ਮਨਾਂ ਵਾਲੇ) ਚੋਰ ਮਨੁੱਖ (ਚੋਰੀ ਕਰਨ ਲਈ) ਉਠ ਖੜੋਂਦੇ ਭਾਵ ਤਿਆਰ ਹੋ ਜਾਂਦੇ ਹਨ।ਉਹ (ਚੋਰ) ਰੱਸੇ ਲੈ ਕੇ (ਚੋਰੀ ਕਰਨ ਲਈ) ਉਠ ਦੌੜਦੇ ਹਨ, ਉਹ (ਚੋਰ ਪੁਰਸ਼) ਹਰੀ ਦੇ ਮਾਰੇ ਹੋਏ ਸਮਝੋ; ਭਗਵੰਤ ਉਨ੍ਹਾਂ ਨੂੰ ਪਾਪੀ ਜਾਣ ਕੇ ਅੰਤ ਸਮੇਂ ਜਮਾਂ ਦੇ ਰਾਹੀਂ ਮਾਰਦਾ ਹੈ (ਫ .ਸ.)।੧੦।

ਅੰਤ੍ਰੀਵ ਭਾਵ = ਜਿਨ੍ਹਾ ਮਨੁੱਖਾਂ ਦੇ ਜੀਵਨ ਦੀਆਂ ਅਵਸਥਾ ਰੂਪ ਰਾਤਾਂ ਪਾਪਾਂ ਕਰਕੇ ਕਾਲੀਆਂ ਹਨ (ਸਾਰਾ ਜੀਵਨ ਪਾਪ ਕਰਮ ਕਰਦਿਆਂ ਗੁਜਾਰ ਦਿਤਾ), ਕਾਲੇ ਮਨਾਂ ਵਾਲੇ ਪਾਪ ਕਰਨ ਵਾਸਤੇ ਉਠ ਖਲੋਂਦੇ ਹਨ।ਅਤੇ ਫੁਰਨੇ ਰੂਪ ਫਾਹੇ ਲੈ ਕੇ ਖੋਟੇ ਧੰਧੇ ਕਰਨ ਲਈ ਉਠ ਦੌੜੇ ਫਿਰਦੇ ਹਨ, ਐਸੇ ਪੁਰਖ ਹਰੀ ਦੇ ਮਾਰੇ ਹੋਏ ਸਮਝੋ।੧੦।

ਪਦਾਰਥ = ਰਾਤੀ ਕਾਰੀਆ-ਕਾਲੀਆਂ (ਹਨ੍ਹੇਰੀਆਂ) ਰਾਤਾਂ; ਅਵਸਥਾ ਰੂਪ ਰਾਤਾਂ।ਕਾਰੇ-ਕਾਲੇ ਮਨਾਂ ਵਾਲੇ (ਪਾਪੀ)।ਉਭੇ-ਉਠ ਖਲੋਂਦੇ (ਤੁਰ ਪੈਂਦੇ) ਹਨ।ਜੰਤ-ਚੋਰ (ਪੁਰਖ)।ਫਾਹੇ-ਫੰਧੇ; ਰੱਸੇ (ਚੋਰੀ ਜਾਂ ਲੋਕਾਂ ਨੂੰ ਬੰਨ੍ਹ ਕੇ ਲੁੱਟਣ ਲਈ)।ਧਾਵਤੇ-ਦੌੜਦੇ ਹਨ। ਸਿ-ਉਹ; ਅਜੇਹੇ।ਜਾਨਿ-ਜਾਣ ਲਵੋ (ਸਮਝੋ)।ਮਾਰੇ-ਮਾਰੇ ਹੋਏ; ਰੱਬ ਤੋਂ ਦੂਰ; ਆਤਮਕ ਮੌਤੇ ਮਾਰੇ ਹੋਏ।ਭਗਵੰਤ-ਪ੍ਰਭੂ।੧੦।

ਵਿਆਖਿਆ = ਚੋਰ ਧਾੜਵੀ, ਪਾਪੀ ਰਾਤਾਂ ਨੂੰ ਹੀ ਖੋਟੇ ਕੰਮ ਕਰਦੇ ਹਨ।ਬੇਸ਼ਕ ਐਸੇ ਮਨੁੱਖ ਜਿਉਂਦੇ ਦਿਸਦੇ ਹਨ ਪਰ ਜ਼ਮੀਰ ਮਰੀ ਹੁੰਦੀ ਹੈ।ਫੜੇ ਜਾਣ ਤੇ ਜਿਥੇ ਬਦਨਾਮੀ ਹੁੰਦੀ ਹੈ, ਪੁਲਸ ਦੀ ਕੁੱਟ ਮਾਰ, ਜੇਲ੍ਹ ਦੀ ਸਜਾ ਆਦਿ ਭੋਗਣੀ ਪੈਂਦੀ ਹੈ।ਮਨ ਵਿਚੋਂ ਚੰਗੇ ਗੁਣ ਖਤਮ ਹੋ ਜਾਦੇ ਹਨ, ਮਨ ਨੂੰ ਕਾਲੀਆਂ ਰਾਤਾਂ ਵਾਂਗ ਕਾਲੇ ਕਰ ਲੈਦੇ ਹਨ।ਰਾਤ ਆਰਾਮ ਕਰਨ ਲਈ ਅਤੇ ਭਜਨ ਸਿਮਰਨ ਲਈ ਹੈ, ਬੁਰੇ ਕੰਮ ਕਰਨ ਲਈ ਨਹੀ।੧੦। ਲੈ ਫਾਹੇ ਰਾਤੀ ਤੁਰਹਿ, ਪ੍ਰਭੁ ਜਾਣੈ ਪ੍ਰਾਣੀ।(੩੧੫)

ਕਬੀਰ ਚੰਦਨ ਕਾ ਬਿਰਵਾ ਭਲਾ, ਬੇੜ੍ਹਿਓ ਢਾਕ ਪਲਾਸ ॥ ਓਇ ਭੀ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ ॥੧੧॥ ਹੇ ਕਬੀਰ! ਚੰਦਨ ਦਾ ਬ੍ਰਿਛ (ਹੋਰ ਬ੍ਰਿਛਾਂ ਨਾਲੋਂ) ਉਤਮ ਹੈ, ਜੋ ਛਿਛਰੇ ਦੇ ਦਰਖਤਾਂ ਨਾਲ ਘਿਰਿਆ ਹੋਇਆ ਹੈ।ਜੋ ਬ੍ਰਿਛ ਚੰਦਨ ਦੇ ਕੋਲ ਵਸਦੇ ਹਨ, ਉਹ ਵੀ ਚੰਦਨ (ਦਾ ਰੂਪ) ਹੀ ਹੋ ਰਹਿੰਦੇ ਹਨ।ਸੰਤ ਜਨ ਆਮ ਲੋਕਾਂ ਤੋਂ ਭਲੇ ਹਨ, ਜੋ ਲੋਕ ਸੰਤਾਂ ਦੇ ਆਲੇ ਦੁਆਲੇ ਰਹਿੰਦੇ ਹਨ, ਉਹ (ਗੁਣਾਂ ਕਰਕੇ) ਸੰਤਾਂ ਵਰਗੇ ਹੀ ਹੋ ਰਹਿੰਦੇ ਹਨ (ਗੁਰੂ ਦੀ ਸੰਗਤ ਕਰਕੇ ਪਲਾਹ ਵਰਗੇ ਨਿਕੰਮੇ ਲੋਕ ਵੀ ਗੁਰੂ ਦਾ ਰੂਪ ਬਣ ਜਾਂਦੇ ਹਨ)।੧੧।

ਪਦਾਰਥ = ਬਿਰਵਾ-ਬੂਟਾ।ਬੇੜ੍ਹਿਓ-ਘਿਰਿਆ ਹੋਇਆ।ਢਾਕ-ਛਿਛਰਾ।ਪਲਾਸ-ਛਿਛਰਾ; ਪਲਾਹ (ਢਾਕ ਤੇ ਪਲਾਸ ਦਾ ਅਰਥ ਇਕੋ ਹੈ)।ਬਸੇ-ਵਸਦੇ ਹਨ।ਜੁ-ਜਿਹੜੇ।ਪਾਸਿ-ਕੋਲ।੧੧।

ਕਬੀਰ ਬਾਂਸ ਬਡਾਈ ਬੂਡਿਆ, ਇਉ ਮਤ ਡੂਬਹੁ ਕੋਇ ॥ ਚੰਦਨ ਕੈ ਨਿਕਟੇ ਬਸੈ, ਬਾਂਸੁ ਸੁਗੰਧੁ ਨ ਹੋਇ ॥੧੨॥ ਹੇ ਕਬੀਰ! ਜਿਵੇਂ ਬਾਂਸ ਅਪਣੀ ਵਡਿਆਈ ਵਿਚ ਡੁੱਬਿਆ ਹੋਇਆ ਹੈ, ਇਸ ਤਰ੍ਹਾਂ ਨਾ ਕੋਈ ਡੁੱਬੋ।ਚੰਦਨ ਦੇ ਨੇੜੇ ਵਸਣ ਤੇ ਵੀ ਬਾਂਸ (ਚੰਦਨ ਦੀ) ਮਹਿਕ ਵਾਲਾ ਨਹੀ ਹੁੰਦਾ।੧੨।

ਪਦਾਰਥ = ਬਡਾਈ-ਵਡੱਪਣ; ਹੰਕਾਰ; ਵਡਿਆਈ।ਬੂਡਿਆ-ਡੁੱਬਿਆ ਹੋਇਆ।ਇਉ-ਇਸ ਤਰ੍ਹਾਂ।ਮਤ-ਨਾ।ਨਿਕਟੇ-ਨੇੜੇ।੧੨।

ਵਿਆਖਿਆ = ਬਾਂਸ ਵਰਗੇ ਹੰਕਾਰੀ ਮਨੁੱਖ ਅਪਣੀ ਬਡੱਪਣ ਵਿਚ ਡੁੱਬੇ ਹੋਏ ਹਨ, ਇਸ ਤਰ੍ਹਾਂ ਹੋਰ ਕੋਈ ਨਾ ਡੁਬੋ।ਸੰਤਾਂ ਦੇ ਨੇੜੇ ਰਹਿਣ ਤੇ ਵੀ ਹੰਕਰੀ ਪੁਰਸ਼ ਗੁਣਾਂ ਰੂਪ ਮਹਿਕ ਵਾਲੇ ਨਹੀ ਹੁੰਦੇ।ਜਿਵੇਂ ਬਾਂਸ ਚੰਦਨ ਦੀ ਮਹਿਕ ਨੂੰ ਗ੍ਰਹਿਣ ਨਹੀ ਕਰਦਾ, ਇਸੇ ਤਰ੍ਹਾਂ ਮਾਨੀ, ਈਰਖਾਲੂ, ਗੁਣਾਂ ਤੋਂ ਖਾਲੀ, ਦੁਸ਼ਟ ਮਨੁੱਖ ਗੁਰੂ ਦੀ ਸੰਗਤ ਵਿਚ ਰਹਿ ਕੇ ਵੀ ਅਪਣੇ ਜੀਵਨ ਨੂੰ ਸੁਆਰ ਨਹੀ ਸਕਦੇ।ਹੰਕਾਰ ਇਕ ਅਜੇਹਾ ਔਗੁਣ ਹੈ ਜੋ ਗੁਰੂ ਦੀ ਸਿਖਿਆ ਦੇ ਅਸਰ ਨੂੰ ਅੰਦਰ ਪ੍ਰਵੇਸ਼ ਨਹੀ ਹੋਣ ਦਿੰਦਾ।ਬਾਂਸ ਵਿਚ ਪੰਜ ਅਵਗੁਣ ਹਨ = ੧. ਉਚਾ ਹੁੰਦਾ ਹੈ (ਹੰਕਾਰੀ ਪੁਰਖ ਅਪਣੀ ਕੁਲ, ਮਾਇਆ ਅਤੇ ਜੋਬਨ ਦੇ ਹੰਕਾਰ ਕਰਕੇ ਅਪਣੇ ਆਪ ਨੂੰ ਉਚਾ ਜਾਣਦਾ ਹੈ), ੨. ਗੰਢਾਂ ਵਾਲਾ (ਹੰਗਤਾ ਦੀਆਂ ਗੰਢਾਂ), ੩. ਅੰਦਰੋਂ ਪੋਲਾ (ਸ਼ੁੱਭ ਗੁਣਾਂ ਤੋਂ ਹੀਣ ਹੋਣ ਰੂਪ ਪੋਲਾ ਪਣ), ੪. ਕੁਲ ਘਾਤੀ (ਅਪਣੇ ਸਾਥੀਆਂ ਨੂੰ ਅਪਣੇ ਵਰਗਾ ਵਿਕਾਰੀ ਬਣਾ ਕੇ ਉਨ੍ਹਾਂ ਦਾ ਵੀ ਨਾਸ਼ ਕਰਦਾ ਹੈ), ੫. ਸਿਲਤਾਂ ਵਾਲਾ ਹੁੰਦਾ ਹੈ (ਈਰਖਾ ਦੀਆਂ ਸਿਲਤਾਂ ਹਨ)।੧੨।

ਕਬੀਰ ਦੀਨੁ ਗਵਾਇਆ ਦੁਨੀ ਸਿਉ, ਦੁਨੀ ਨ ਚਾਲੀ ਸਾਥਿ ॥ ਪਾਇ ਕੁਹਾੜਾ ਮਾਰਿਆ, ਗਾਫਲਿ ਅਪਨੈ ਹਾਥਿ ॥੧੩॥ ਹੇ ਕਬੀਰ! ਜਿਸ ਮਾਯਾ ਨਾਲ ਲੱਗ ਕੇ ਮਨੁੱਖ ਨੇ ਅਪਣਾ ਧਰਮ ਗਵਾ ਲਿਆ ਹੈ, ਇਹ ਮਾਇਆ (ਅੰਤ ਸਮੇਂ) ਕਿਸੇ ਨਾਲ ਨਹੀ ਚਲਦੀ (ਜਾਂਦੀ) ।ਗਾਫਲ ਮਨੁੱਖ ਨੇ ਅਪਣੇ ਹੱਥ ਨਾਲ ਅਪਣੇ ਪੈਰਾਂ ਤੇ ਆਪ ਹੀ ਕੁਹਾੜਾ ਮਾਰ ਲਿਆ (ਅਪਣਾ ਨੁਕਸਾਨ ਆਪ ਹੀ ਕਰ ਲਿਆ)।੧੩

ਪਦਾਰਥ = ਦੀਨੁ-ਧਰਮ।ਦੁਨੀ ਸਿਉ-ਮਾਇਆ ਨਾਲ ਲਗ ਕੇ।ਸਾਥਿ-ਨਾਲ।ਪਾਇ-ਪੈਰਾਂ ਤੇ।ਗਾਫਲਿ-ਬੇ ਸਮਝ; ਮੂਰਖ ਮਨੁੱਖ ਨੇ ।ਹਾਥਿ-ਹੱਥਾਂ ਨਾਲ।੧੩।

ਵਿਆਖਿਆ = ਮਨ ਰੂਪ ਹੱਥ ਨਾਲ ਬੁਧੀ ਰੂਪ ਪੈਰ ਤੇ ਲੋਭ ਦਾ ਕੁਹਾੜਾ ਮਾਰ ਕੇ ਮੂਰਖ ਬੰਦੇ ਨੇ ਅਪਣਾ ਨੁਕਸਾਨ ਖੁਦ ਕੀਤਾ ਹੈ। ਸਾਰੀ ਉਮਰ ਮਾਇਆ ਕਮਾਉਂਦਿਆਂ ਗੁਜਰ ਜਾਂਦੀ ਹੈ।ਅਖੀਰ ਜਦ ਮੌਤ ਆਉਂਦੀ ਹੈ ਫਿਰ ਬੰਦਾ ਪਛਤਾਉਂਦਾ ਹੈ, ਅਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ ਹੈ।੧੩।

ਉਥਾਨਕਾ = ਇਕ ਸਮੇਂ ਕਾਂਸ਼ੀ ਲਾਗੇ ਮੇਲਾ ਲੱਗਾ।ਰਾਮਾਨੰਦ ਜੀ ਦੇ ਸਾਰੇ ਚੇਲੇ ਕਬੀਰ ਜੀ ਦੇ ਸਮੇਤ ਆਗਿਆ ਲੈ ਕੇ ਮੇਲਾ ਦੇਖਣ ਚਲੇ ਗਏ।ਜਦ ਮੇਲਾ ਦੇਖ ਕੇ ਵਾਪਸ ਆਏ ਤਾਂ ਰਾਮਾਨੰਦ ਜੀ ਨੇ ਸਭ ਤੋਂ ਪੁਛਿਆ ਕਿ ਮੇਲੇ ਵਿਚ ਕੀ ਕੁਛ ਦੇਖ ਕੇ ਆਏ ਹੋ।ਸਭ ਨੇ ਜੋ ਜੋ ਕੁਛ ਦੇਖਿਆ ਆਪੋ ਅਪਣੇ ਖਿਆਲ ਅਨੁਸਾਰ ਦਸ ਦਿਤਾ।ਜਦ ਕਬੀਰ ਸਾਹਿਬ ਤੋਂ ਪੁਛਿਆ ਤਾਂ ਇਹ ਸਲੋਕ ਉਚਾਰਿਆ =

ਕਬੀਰ ਜਹ ਜਹ ਹਉ ਫਿਰਿਓ, ਕਉਤਕ ਠਾਓ ਠਾਇ ॥ ਇਕ ਰਾਮ ਸਨੇਹੀ ਬਾਹਰਾ, ਊਜਰੁ ਮੇਰੇ ਭਾਂਇ ॥੧੪॥ ਹੇ ਕਬੀਰ! ਜਿਥੇ ਜਿਥੇ ਮੈਂ (ਮੇਲੇ ਵਿਚ) ਫਿਰਿਆ ਹਾਂ, ਸਭ ਥਾਂਵਾਂ ਤੇ ਤਮਾਸ਼ੇ ਹੁੰਦੇ ਦੇਖੇ। (ਪਰ) ਇਕ ਰਾਮ ਦੇ ਪ੍ਰੇਮੀ (ਗੁਰਮੁਖ) ਤੋਂ ਬਿਨਾ ਮੇਰੇ ਭਾਣੇ (ਮੇਲੇ ਵਾਲੀ ਥਾਂ) ਉਜਾੜ ਵਾਂਗ ਹੀ ਸੀ।੧੪।

ਪਦਾਰਥ = ਜਹ-ਜਿਥੇ। ਕਉਤਕ-ਤਮਾਸੇ। ਠਾਓ ਠਾਇ-ਹਰੇਕ ਥਾਂ ਤੇ। ਸਨੇਹੀ-ਪ੍ਰੇਮੀ। ਬਾਹਰਾ-ਬਿਨਾ। ਊਜਰੁ-ਉਜਾੜ। ਭਾਂਇ-ਭਾਦੇ; ਖਿਆਲ ਵਿਚ; ਭਾਣੇ।੧੪। ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ। (੭੦੭)

ਕਬੀਰ ਸੰਤਨ ਕੀ ਝੁੰਗੀਆ ਭਲੀ, ਭਠਿ ਕੁਸਤੀ ਗਾਉ ॥ ਆਗਿ ਲਗਉ ਤਿਹ ਧਉਲਹਰ, ਜਿਹ ਨਾਹੀ ਹਰਿ ਕੋ ਨਾਉ ॥੧੫॥ ਹੇ ਕਬੀਰ! ਸੰਤਾਂ ਦੀ (ਕੱਖਾਂ ਕਾਨਿਆਂ ਦੀ ਬਣੀ) ਕੁੱਲੀ ਵੀ ਚੰਗੀ ਹੈ (ਜਿਥੇ ਨਾਮ ਸਿਮਰਨ ਕਾਰਣ ਸ਼ਾਂਤੀ ਹੈ), ਪਰ ਖੋਟੇ (ਬੇਈਮਾਨ) ਮਨੁੱਖਾਂ ਦਾ ਪਿੰਡ ਸੜਦੀ ਭੱਠੀ (ਵਾਂਗ ਤਪਾਉਣ ਵਾਲਾ) ਹੈ {ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ, ਭਠਿ ਨਗਰ ਸੇ ਗ੍ਰਾਮ ੧੩੩}। ਉਨ੍ਹਾਂ ਉਚੇ ਮਹਿਲਾਂ ਨੂੰ ਅੱਗ ਲਗ ਜਾਵੇ, ਜਿਥੇ ਹਰੀ ਦਾ ਨਾਮ ਨਹੀ (ਜਪਿਆ ਜਾਂਦਾ)।

ਪਦਾਰਥ = ਭਠਿ-ਭੱਠੀ। ਕੁਸਤੀ-(ਕੁਸੱਤੀ ਬੋਲੋ) ਬੇਈਮਾਨ; ਖੋਟਾ ਪੁਰਖ। ਆਗਿ ਲਗਉ-ਅੱਗ ਲਗ ਜਾਵੇ। ਜਹ-ਜਿੱਥੇ। ਧਉਲਹਰ-ਮਹਿਲ। ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ। ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ। (੭੪੫)। ਝੁੰਗੀਆ-ਸੰਤਾਂ ਦਾ ਕਮਜੋਰ ਸਰੀਰ। ਕੁਸਤੀ ਗਾਉ-ਬੇਈਮਾਨ ਦਾ ਸਰੀਰ ਰੂਪ ਪਿੰਡ ਚਾਹੇ ਮੋਟਾ ਹੈ। ਭਠਿ-ਵਿਸ਼ਿਆਂ ਦੀ ਭੱਠੀ ਵਿਚ ਅੰਦਰੋਂ ਸੜਦਾ ਹੈ। ਧਉਲਹਰ-ਖੋਟੇ ਸਰੀਰ ਰੂਪ ਮਹਿਲ ਨੂੰ (ਸੰ. ਸ.)।੧੫।

ਵਿਆਖਿਆ = ਗੁਰੂ ਨਾਨਕ ਦੇਵ ਜੀ ਨੇ ਐਸੇ ਖੋਟੇ ਪੁਰਖਾਂ ਦੇ ਪਿੰਡ ਨੂੰ ਵਸਦੇ ਰਹੋ ਕਿਹਾ ਸੀ, ਤਾਂ ਕਿ ਉਹ ਅਪਣੇ ਅਉਗੁਣ ਹੋਰ ਥਾਂ ਜਾ ਕੇ ਨਾ ਫੈਲਾਉਣ।੧੫।

ਉਥਾਨਕਾ = ਰਾਮਾਨੰਦ ਜੀ ਜਦ ਸਰੀਰ ਛੱਡ ਗਏ ਤਾਂ ਕਈ ਚੇਲੇ ਅਤੇ ਹੋਰ ਪ੍ਰੇਮੀ ਰੋਣ ਲੱਗੇ, ਤਾਂ ਕਬੀਰ ਜੀ ਸਿਖਿਆ ਦਿੰਦੇ ਹਨ।

ਕਬੀਰ ਸੰਤ ਮੂਏ ਕਿਆ ਰੋਈਐ, ਜੋ ਅਪਨੇ ਗ੍ਰਿਹਿ ਜਾਇ ॥ ਰੋਵਹੁ ਸਾਕਤ ਬਾਪੁਰੇ, ਜੁ ਹਾਟੈ ਹਾਟ ਬਿਕਾਇ ॥੧੬॥ ਹੇ ਕਬੀਰ! ਜੋ ਸੰਤ ਅਪਣੇ ਸੱਚਖੰਡ ਰੂਪ ਘਰ ਵਿਚ ਜਾਂਦੇ (ਵਾਹਿਗੁਰੂ ਚਰਨਾਂ ਵਿਚ ਜਾ ਬਿਰਾਜਦੇ) ਹਨ, ਉਨ੍ਹਾਂ ਦੇ ਮਰਨ ਤੇ ਕਿਸ ਵਾਸਤੇ ਰੋਣਾ ਹੈ? (ਭਾਵ ਨਹੀ ਰੋਣਾ ਚਾਹੀਦਾ)। ਹਰੀ ਤੋਂ ਟੁੱਟੇ ਹੋਏ ਬਿਚਾਰੇ ਸਾਕਤਾਂ ਨੂੰ ਰੋਵੋ, ਜੋ (ਮੰਦ ਕਰਮਾਂ ਕਰਕੇ) ਹੱਟੀ ਹੱਟੀ ਬਿਕਦੇ ਹਨ ਭਾਵ ਆਵਾਗੌਣ ਵਿਚ ਪੈ ਕੇ ਅਨੇਕਾਂ ਜਨਮ ਲੈਂਦੇ ਹਨ।੧੬।

ਪਦਾਰਥ = ਗ੍ਰਿਹਿ-ਘਰ; ਸੱਚਖੰਡ; ਪ੍ਰਭੂ ਦੀ ਹਜੂਰੀ। ਗ੍ਰਿਹਿ-ਘਰ ਵਿਚ। ਸਾਕਤ-ਹਰੀ ਤੋਂ ਟੁੱਟਾ ਹੋਇਆ ਮਨੁੱਖ; ਮਨਮੁੱਖ। ਬਾਪੁਰੇ-ਬਿਚਾਰੇ; ਬਦ ਨਸੀਬ। ਹਾਟੈ ਹਾਟ-ਇਕ ਹੱਟੀ ਤੋਂ ਦੂਜੀ ਹੱਟੀ ਤੇ (ਅਨੇਕਾਂ ਜੂਨਾਂ ਵਿਚ)। ਬਿਕਾਇ-ਬਿਕਦਾ ਹੈ।੧੬।

ਵਿਆਖਿਆ = ਸੰਤਾਂ ਦਾ ਮਰਨਾ ਐਸਾ ਹੈ ਜਿਵੇਂ ਜੇਲ੍ਹ ਵਰਗੀ ਭਿਆਨਕ ਥਾਂ ਤੋਂ ਨਿਕਲ ਕੇ ਸ਼ੀਸ਼ ਮਹਲ ਵਿਚ ਪਹੁੰਚ ਜਾਣ। ਸਾਕਤ ਦਾ ਮਰਨਾ ਐਸਾ ਹੈ ਜਿਵੇਂ ਕੋਈ ਕਿਸੇ ਨੂੰ ਹਨ੍ਹੇਰੀ ਕਾਲੀ ਬੋਲੀ ਸਿਆਲ ਦੇ ਮੀਂਹ ਗੜ੍ਹੇ ਪੈਂਦੀ ਰਾਤ ਨੂੰ ਘਰੋਂ ਕਢ ਦੇਵੇ।੧੬।

ਕਬੀਰ ਸਾਕਤੁ ਐਸਾ ਹੈ, ਜੈਸੇ ਲਸਨ ਕੀ ਖਾਨਿ ॥ ਕੋਨੇ ਬੈਠੇ ਖਾਈਐ, ਪਰਗਟ ਹੋਇ ਨਿਦਾਨਿ ॥੧੭॥ ਹੇ ਕਬੀਰ! ਹਰੀ ਨਾਲੋਂ ਟੁੱਟਿਆ ਹੋਇਆ ਮਨੁੱਖ ਐਸਾ ਹੈ ਜਿਵੇਂ ਲਸਨ ਖਾਧਾ ਜਾਵੇ। (ਲਸਣ ਨੂੰ ਭਾਵੇਂ ਲੁਕ ਕੇ) ਕਿਸੇ ਕੋਨੇ ਵਿਚ ਬੈਠ ਕੇ ਵੀ ਖਾ ਲਈਏ, ਫਿਰ ਵੀ ਲਸਣ ਦੀ ਬਦਬੋ ਅੰਤ ਨੂੰ ਪ੍ਰਗਟ ਹੋ ਜਾਂਦੀ ਹੈ। {ਜੈਸੇ ਤਉ ਲਸਨ ਖਾਇ ਮੋਨਿ ਕੈ ਸਭਾ ਮੈ ਬੈਠੇ, ਪ੍ਰਗਟੈ ਦੁਰਗੰਧਿ ਨਾਹਿ ਦੁਰਤਿ ਦੁਰਾਈਐ (ਭਾ: ਗੁ: ਕਬਿਤ ੫੧੭)}। ਮਨਮੁਖ ਚਾਹੇ ਕਿੰਨਾ ਹੀ ਲੁਕ ਕੇ ਮੰਦੇ ਕੰਮ ਕਰੇ, ਅੰਤ ਨੂੰ ਜਾਹਰ ਹੋ ਜਾਂਦੇ ਹਨ।੧੭।

ਪਦਾਰਥ = ਸਾਕਤੁ-ਰੱਬ ਨਾਲੋਂ ਟੁੱਟਿਆ ਮਨੁੱਖ। ਖਾਨਿ-(ਲਸਨ ਨੂੰ) ਖਾਣਾ; ਭੋਜਨ; ਘਰ (ਲਸਨ ਦਾ); ਫਾੜੀ (ਲਸਣ ਦੀ)। ਕੋਨੇ-ਨੁੱਕਰ। ਨਿਦਾਨਿ-ਅੰਤ ਨੂੰ।੧੭। ਅੰਤਰਿ ਬਹਿ ਕੈ ਕਰਮ ਕਮਾਵੈ, ਸੋ ਚਹੁ ਕੁੰਡੀ ਜਾਣੀਐ। (੧੩੮); ਅੰਦਰਿ ਕਮਾਣਾ ਸਰਪਰ ਉਘੜੈ, ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ। (੩੧੬)

ਕਬੀਰ ਮਾਇਆ ਡੋਲਨੀ, ਪਵਨੁ ਝਕੋਲਨਹਾਰੁ ॥ ਸੰਤਹੁ ਮਾਖਨੁ ਖਾਇਆ, ਛਾਛਿ ਪੀਐ ਸੰਸਾਰੁ ॥੧੮॥ ਕਬੀਰ ਜੀ ਆਖਦੇ ਹਨ ਕਿ (ਹੇ ਭਾਈ!) ਮਾਇਆ (ਰਚਿਤ) ਦੇਹ ਰੂਪ ਚਾਟੀ ਹੈ, ਇਸ ਵਿਚ ਜੋ ਸਾਹ ਚਲ ਰਹੇ ਹਨ, ਇਹ (ਦੁੱਧ ਰਿੜਕਣ ਵਾਲੀ) ਮਧਾਣੀ ਹੈ। ਸੰਤਾਂ ਨੇ (ਆਤਮ ਰਸ ਰੂਪ) ਮੱਖਣ ਖਾਧਾ ਹੈ ਤੇ ਸੰਸਾਰੀ ਲੋਕ ਮਾਇਕ ਪਦਾਰਥਾਂ ਦੀ ਛਾਛ (ਲੱਸੀ) ਪੀਂਦੇ ਹਨ।੧੮।

ਪਦਾਰਥ = ਮਾਇਆ-ਮਾਯਾ ਰਚਿਤ ਦੇਹ। ਡੋਲਨੀ-(ਦੁੱਧ ਵਾਲੀ) ਚਾਟੀ। ਪਵਨ-ਸੁਆਸ। ਝਕੋਲਨਹਾਰੁ-(ਦੁੱਧ) ਰਿੜਕਣ ਵਾਲੀ ਮਧਾਣੀ। ਮਾਖਨ- ਗਿਆਨ; ਨਾਮ; ਮਨੁੱਖਾ ਜਨਮ ਦਾ ਅਸਲ ਮਨੋਰਥ; ਆਤਮ ਰਸ। ਛਾਛਿ-ਲੱਸੀ (ਸੰਸਾਰਕ ਭੋਗਾਂ ਦਾ ਸੁੱਖ)।੧੮।

ਵਿਆਖਿਆ = ਪਹਿਲੇ ਜਮਾਨੇ ਵਿਚ ਵੱਡੇ ਘਰਾਂ ਦੀਆਂ ਬੀਬੀਆਂ ਜਦ ਆਪ ਦੁੱਧ ਰਿੜਕਣ ਨਹੀ ਸਨ ਜਾਣਦੀਆਂ, ਤਦ ਗ੍ਰੀਬ ਬੀਬੀਆਂ ਦੁੱਧ ਰਿੜਕ ਕੇ ਮਖਣ ਦੇ ਜਾਂਦੀਆਂ, ਤੇ ਮਜੂਰੀ ਵਿਚ ਲੱਸੀ ਆਪ ਲੈ ਜਾਂਦੀਆਂ ਸਨ (ਭਾ: ਵੀਰ ਸਿੰਘ)। ਦੇਹ ਰੂਪ ਚਾਟੀ ਵਿਚ ਸ਼ੁੱਭ ਕਰਮ ਰੂਪ ਦੁੱਧ ਹੈ, ਹਰੇਕ ਨੂੰ ਦੁੱਧ ਰਿੜਕ ਕੇ ਮਖਣ ਕੱਢਣਾ ਨਹੀ ਆਉਂਦਾ। ਜਿਨ੍ਹਾਂ ਪੁਰਖਾਂ ਨੂੰ ਦੁਧ ਰਿੜਕਣ ਦੀ ਜਾਚ ਆ ਗਈ ਹੈ,

ਉਨ੍ਹਾਂ ਨੇ ਸੁਆਸ ਸੁਆਸ ਭਜਨ (ਸੁਆਸ ਰੂਪ ਮਧਾਣੀ ਦੀ ਸਯੋਗ ਵਰਤੋਂ) ਕਰਕੇ ਆਤਮ ਰਸ ਰੂਪ ਮਖਣ ਹਾਸਲ ਕਰ ਲਿਆ ਹੈ। ਪਰ ਇਹ ਮਖਣ ਸੰਸਾਰੀ ਲੋਕਾਂ ਨੂੰ ਨਹੀ ਕਢਣਾ ਆਉਂਦਾ, ਇਸ ਕਰਕੇ ਲੱਸੀ ਪੀਂਦੇ ਹਨ ਭਾਵ ਸਰੀਰਕ ਸੁੱਖ ਜਾਂ ਵਿਸ਼ੇ ਭੋਗਾਂ ਨੂੰ ਹੀ ਜੀਵਨ ਦਾ ਲਕਸ਼ ਸਮਝਦੇ ਹਨ। ਸਰੀਰ ਰੂਪ ਚਾਟੀ ਤੇ ਸੁਆਸ ਰੂਪ ਮਧਾਣੀ ਸਭ ਕੋਲ ਹੈ, ਪਰ ਮਖਣ ਕਢਣ ਦੀ ਜਾਚ ਸੰਤਾਂ ਕੋਲ ਹੈ, ਕਰਮ ਕਾਂਡੀਆਂ ਕੋਲ ਨਹੀ।੧੮।

ਕਬੀਰ ਮਾਇਆ ਡੋਲਨੀ, ਪਵਨੁ ਵਹੈ ਹਿਵ ਧਾਰ ॥ ਜਿਨਿ ਬਿਲੋਇਆ ਤਿਨਿ ਖਾਇਆ, ਅਵਰ ਬਿਲੋਵਨਹਾਰ ॥੧੯॥ ਹੇ ਕਬੀਰ! ਮਾਇਆ ਰਚਤ ਦੇਹ ਰੂਪ ਚਾਟੀ ਹੈ, ਬਰਫ ਦੀ ਧਾਰਾ ਵਾਂਗ ਸੀਤਲ ਕਰਨ ਵਾਲੇ (ਨਾਮ ਸਿਮਰਨ ਨਾਲ ਮਿਲੇ ਹੋਏ) ਸੁਆਸ ਚਲ ਰਹੇ ਹਨ, ਇਹ ਮਾਨੋ ਸਰੀਰ ਚਾਟੀ ਵਿਚ ਮਧਾਣੀ ਚਲ ਰਹੀ ਹੈ (ਜੀਵਨ ਵਿਚ ਆਤਮਕ ਸ਼ਾਂਤੀ ਹੈ)। ਜਿਸ (ਗੁਰਮੁਖ) ਨੇ ਇਸ ਤਰੀਕੇ ਨਾਲ ਰਿੜਕਿਆ (ਵਿਚਾਰਿਆ) ਹੈ, ਉਸ ਨੇ ਆਤਮ ਤੱਤ ਰੂਪ ਮੱਖਣ ਖਾਧਾ ਹੈ, ਹੋਰ ਸਾਰੇ (ਪਾਣੀ) ਰਿੜਕਣ ਵਾਲੇ ਹੀ ਹਨ।੧੯।

ਪਦਾਰਥ = ਡੋਲਨੀ–ਚਾਟੀ। ਪਵਨੁ–ਹਵਾ (ਸੁਆਸ)। ਹਿਵ ਧਾਰ–ਬਰਫ ਵਰਗੇ ਠੰਢੇ ਪਾਣੀ ਦੀ ਧਾਰਾ; ਹਿਮਾਲੇ ਵਾਲੇ ਪਾਸਿਓ ਆਉਣ ਵਾਲੀ ਠੰਢੀ ਹਵਾ; ਸੁਆਸ ਸੁਆਸ ਨਾਮ ਸਿਮਰਨ ਕਰਕੇ ਸ਼ਾਂਤ ਹੋਇਆ ਮਨ, ਇਹ ਮੱਖਣ ਕੱਢਣ ਸਮੇਂ ਠੰਢੇ ਜਲ ਦਾ ਰਿੜਕਣੇ ਵਿਚ ਪਾਉਣਾ ਹੈ, ਜਿਸ ਤੋਂ ਪਤਲਾ ਮੱਖਣ ਸਖਤ ਤੇ ਕੱਠਾ ਹੋ ਜਾਂਦਾ ਹੈ। ਜਿਨਿ–ਜਿਸ ਨੇ। ਬਿਲੋਇਆ–ਰਿੜਕਿਆ। ਤਿਨਿ– ਉਸ ਨੇ। ਅਵਰ–ਹੋਰ। ਬਿਲੋਵਨਹਾਰ–ਰਿੜਕਣ ਵਾਲੇ।੧੯।

ਵਿਆਖਿਆ = ਦੁੱਧ ਰਿੜਕਣਾ ਵੀ ਇਕ ਕਲਾ ਹੈ, ਜਿਨ੍ਹਾਂ ਨੂੰ ਰਿੜਕਣਾ ਨਹੀ ਆਉਂਦਾ ਉਹ ਮੱਖਣ ਨਹੀ ਕਢ ਸਕਦੇ। ਜਾਣਕਾਰ ਬੀਬੀਆਂ ਨੂੰ ਪਤਾ ਹੁੰਦਾ ਹੈ, ਜੇ ਮੱਖਣ ਨਾ ਨਿਕਲ ਰਿਹਾ ਹੋਵੇ ਤਾਂ ਠੰਢਾ ਪਾਣੀ ਪਾਇਆ ਜਾਂਦਾ ਹੈ ਤਾਂ ਕਿ ਪਿਘਲਿਆ ਮੱਖਣ ਠੰਢਾ ਕਰਕੇ ਕੱਠਾ ਕੀਤਾ ਜਾ ਸਕੇ। ਨਾਮ ਜਪਣਾ ਠੰਢਾ ਪਾਣੀ ਪਾਉਣ ਵਾਂਗ ਹੈ ਜੋ ਮਨ ਨੂੰ ਸ਼ਾਂਤ ਰਖਦਾ ਹੈ, ਤਮੋ ਬ੍ਰਿਤੀ ਨਹੀ ਹੁੰਦੀ। ਜੋ ਮਨੁੱਖ ਇਸ ਤਰ੍ਹਾਂ ਸੁਆਸ ੨ ਭਜਨ ਕਰਦੇ ਹਨ, ਮਨ ਨੂੰ ਸਤੋ ਗੁਣੀ ਕਰਕੇ ਆਤਮਕ ਗਿਆਨ ਦਾ ਮੱਖਣ ਪ੍ਰਾਪਤ ਕਰਦੇ ਹਨ। ਬਾਕੀ ਸਾਰੇ ਲੋਕ ਸੁਆਸਾਂ ਨੂੰ ਬ੍ਰਿਥਾ ਗੁਆ ਰਹੇ ਹਨ।੧੯। ਨੀਰੁ ਬਿਲੋਵੈ ਅਤਿ ਸ੍ਰਮੁ ਕਰੈ, ਨੈਨੂੰ ਕੈਸੇ ਰੀਸੈ।(੧੨੦੭)।

ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ। ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ। (੬੩੫)

ਕਬੀਰ ਮਾਇਆ ਚੋਰਟੀ, ਮੁਸਿ ਮੁਸਿ ਲਾਵੈ ਹਾਟਿ ॥ ਏਕੁ ਕਬੀਰਾ ਨ ਮੁਸੈ, ਜਿਨਿ ਕੀਨੀ ਬਾਰਹ ਬਾਟ ॥੨੦॥ ਕਬੀਰ ਜੀ ਕਹਿੰਦੇ ਹਨ (ਕਿ ਭਾਈ!) ਮਾਇਆ ਚੋਰਨੀ (ਠਗਣੀ) ਹੈ, ਜੋ (ਮਨੁੱਖਾਂ ਨੂੰ) ਠੱਗ ਠੱਗ ਕੇ ਵਿਸ਼ਿਆਂ ਰੂਪ ਹੱਟੀਆਂ ਵਿਚ ਲਾਉਂਦੀ ਹੈ; ਹਿਰਦੇ ਰੂਪ ਹੱਟ ਵਿਚੋਂ ਸ਼ੁੱਭ ਗੁਣਾਂ ਦੇ ਧਨ ਨੂੰ ਲੁੱਟ ਲੈਂਦੀ ਹੈ। ਇਕ ਕਬੀਰ (ਇਸ ਮਾਯਾ ਤੋਂ) ਨਹੀ ਠੱਗਿਆ ਜਾਂਦਾ, ਜਿਸ (ਕਬੀਰ) ਨੇ ਇਸ ਦੀ ਬਾਰਾਂ ਥਾਂਈਂ ਵੰਡ ਕਰ ਦਿਤੀ (੧੨ ਟੋਟੇ ਕਰ ਦਿਤੇ) ਭਾਵ ਗਰੀਬਾਂ ਵਿਚ ਵੰਡ ਦਿਤੀ; ਬਾਹਰੋਂ ਆਉਂਦੀ ਨੂੰ ਹੀ ਰਸਤੇ ਪਾ ਦਿਤਾ (ਇਹ ਤਿੰਨੇ ਅਰਥ ਸੰ. ਸ.; ਫ. ਸ. ਦੇ ਹਨ)।੨੦।

ਪਦਾਰਥ = ਚੋਰਟੀ–ਚੋਰੀ ਕਰਨ ਵਾਲੀ; ਠਗਣੀ। ਮੁਸਿ–ਠਗ (ਮੋਹ) ਕੇ। ਹਾਟਿ–ਦੁਕਾਨ; ਹਿਰਦਾ। ਨ ਮੁਸੈ–ਨਹੀਂ ਠੱਗਿਆ ਜਾਂਦਾ। ਬਾਰਹ ਬਾਟ–ਬਾਰਾਂ ਟੋਟੇ; ਨਾਸ ਕਰ ਦਿਤੀ; ਤਿੱਤਰ ਬਿਤਰ ਕਰ ਦਿਤਾ ਭਾਵ ਦੂਰ ਕਰ ਦਿਤਾ।੨੦।

ਕਬੀਰ ਸੂਖੁ ਨ ਏਂਹ ਜੁਗਿ, ਕਰਹਿ ਜੁ ਬਹੁਤੈ ਮੀਤ ॥ ਜੋ ਚਿਤੁ ਰਾਖਹਿ ਏਕ ਸਿਉ, ਤੇ ਸੁਖੁ ਪਾਵਹਿ ਨੀਤ ॥੨੧॥ ਹੇ ਕਬੀਰ! ਇਸ ਜੁਗ (ਮਨੁੱਖਾ ਜਨਮ) ਵਿਚ ਜੋ ਮਨੁੱਖ (ਹਰੀ ਨੂੰ ਛਡ ਕੇ ਮਾਇਆ ਜਾਂ ਦੇਵੀ ਦੇਵਤਿਆਂ ਨੂੰ) ਬਹੁਤੇ ਮਿਤ੍ਰ ਬਣਾਉਂਦੇ ਹਨ, ਉਨ੍ਹਾਂ ਨੂੰ (ਮਿਤ੍ਰਾਂ ਤੋਂ) ਸੁਖ ਨਹੀਂ ਮਿਲਦਾ। ਜੋ ਮਨੁੱਖ ਇਕ ਹਰੀ (ਮਿਤ੍ਰ) ਨਾਲ ਮਨ ਨੂੰ ਜੋੜੀ ਰਖਦੇ ਹਨ, ਉਹ ਸਦੀਵੀ ਸੁਖ ਪਾਉਂਦੇ ਹਨ।੨੧

ਸਾਖੀ = ਦੇਵਤਿਆਂ ਦੇ ਉਪਾਸ਼ਕ ਇਕ ਸਾਧੂ ਦੀ ਝੁੱਗੀ ਨੂੰ ਅੱਗ ਲਗ ਗਈ। ਬੁਝਾਉਣ ਦੇ ਸਾਰੇ ਜਤਨ ਜਦ ਸਫਲ ਨਾ ਹੋਏ, ਤਾਂ ਸਹਾਇਤਾ ਲਈ ਸਾਧੂ ਨੇ ਪਹਿਲਾਂ ਗਣੇਸ਼ ਨੂੰ ਯਾਦ ਕੀਤਾ, ਕੁਝ ਸਮੇਂ ਬਾਦ ਗਣੇਸ਼ ਤੋਂ ਅੱਕ ਕੇ ਸ਼ਿਵਾਂ ਨੂੰ ਯਾਦ ਕਰਨ ਲੱਗ ਗਿਆ। ਸ਼ਿਵ ਵਲੋਂ ਨਿਰਾਸ਼ ਹੋਕੇ ਵਿਸ਼ਨੂੰ ਨੂੰ। ਗਲ ਕੀ ਕਈ ਦੇਵੀ ਦੇਵਤਿਆਂ ਦੀ ਆਰਾਧਨਾ ਕੀਤੀ। ਕਿਸੇ ਨੇ ਸਹੈਤਾ ਨਾ ਕੀਤੀ, ਕੁਲੀ ਸੜ ਗਈ। ਇਸ ਲਈ ਕਬੀਰ ਸਾਹਿਬ ਆਖਦੇ ਹਨ ਇਕ ਹਰੀ ਨਾਲ ਚਿਤ ਜੋੜੋ।੨੦।

ਪਦਾਰਥ = ਜੁਗਿ–ਇਸ ਜੁਗ ਭਾਵ ਮਨੁੱਖਾ ਜਨਮ ਵਿਚ। ਕਰਹਿ–ਕਰਦੇ (ਬਣਾਉਂਦੇ) ਹਨ। ਮੀਤ–ਮਿਤ੍ਰ। ਏਕ ਸਿਉ–ਇਕ ਵਾਹਿਗੁਰੂ ਨਾਲ। ਤੇ–ਉਹ (ਮਨੁੱਖ)। ਨੀਤ–ਸਦਾ ਲਈ।੨੧।

ਵਿਆਖਿਆ = ਸੰਸਾਰਕ ਮਿਤ੍ਰ ਸੁਆਰਥੀ ਹਨ, ਤੇ ਦੇਵਤਿਆਂ ਨੂੰ ਵੀ ਮਿਤ੍ਰ ਬਣਾਉਣ ਨਾਲ ਸੁਖ ਨਹੀ ਮਿਲਦਾ। ਹਰੀ ਇਕ ਐਸਾ ਮਿਤ੍ਰ ਹੈ ਜੋ ਸਾਡੇ ਦੋਸ਼ ਦੇਖ ਕੇ ਵੀ ਸਾਥ ਨਹੀ ਛਡਦਾ।੨੧।

ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੈ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ, ਪੂਰਨੁ ਪਰਮਾਨੰਦੁ ॥੨੨॥ ਹੇ ਕਬੀਰ! ਜਿਸ ਮਰਨੇ ਤੋਂ ਸਾਰਾ ਜਗਤ ਡਰਦਾ ਹੈ, ਮੇਰੇ ਮਨ ਵਿਚ ਉਸ ਮਰਨ ਦੀ ਖੁਸ਼ੀ ਹੈ {ਜਿਹ ਮਰਨੈ ਸਭੁ ਜਗਤੁ ਤਰਾਸਿਆ। ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ੩੨੭}। ਕਿਉਂਕਿ ਮਰਨ ਤੇ ਹੀ ਪੂਰਨ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।੨੨।

ਪਦਰਥ = ਤੇ-ਤੋਂ।ਮਨਿ-ਮਨ ਵਿਚ।ਪੂਰਨ-ਮੁਕੰਮਲ; ਗੁਣਾਂ ਕਰਕੇ ਪੂਰਾ।੨੨।
ਅੰਤ੍ਰੀਵ ਭਾਵ = ਜਿਸ ਜੀਵਤ ਭਾਵ ਦੇ ਮਰਨ ਤੋਂ ਸਾਰਾ ਜਗਤ ਡਰਦਾ ਹੈ, ਪਰ ਮੇਰੇ ਮਨ ਵਿਚ ਉਸ ਜੀਵਤ ਭਾਵ ਤੋਂ ਮਰਨ ਨਾਲ ਅਨੰਦ ਹੁੰਦਾ ਹੈ।ਜੀਵਤ ਭਾਵ ਤੋਂ ਮਰਨ ਨਾਲ ਹੀ ਪ੍ਰਭੂ ਪਾਈਦਾ ਹੈ (ਸੰ. ਸ.)।
ਵਿਆਖਿਆ = ਗਿਆਨ ਵਾਨ ਮਨੁੱਖ ਹਰੀ ਦੀ ਪ੍ਰਾਪਤੀ ਕਰਕੇ ਜਦ ਸਰੀਰ ਤਿਆਗਦਾ ਹੈ, ਤਾਂ ਮਰ ਕੇ ਪ੍ਰਭੂ ਵਿਚ ਲੀਨ ਹੁੰਦਾ ਹੈ, ਮੁੜ ਕੋਈ ਜਨਮ ਨਹੀ ਲੈਂਦਾ।ਇਸ ਦਾ ਗਿਆਨੀਆਂ ਨੂੰ ਅਨੰਦ ਮਿਲਦਾ ਹੈ।ਜਗਤ ਤਾਂ ਡਰਦਾ ਹੈ ਕਿਉਕਿ ਉਹ ਕਈ ਵਾਰ ਮਰਦੇ ਹਨ।੨੨।ਪ੍ਰਭ ਕੀ ਆਗਿਆ ਆਤਮ ਹਿਤਾਵੈ।ਜੀਵਨ ਮੁਕਤਿ ਸੋਊ ਕਹਾਵੈ।(੨੭੫)
ਰਾਮ ਪਦਾਰਥੁ ਪਾਇਕੈ, ਕਬੀਰਾ ਗਾਂਠਿ ਨ ਖੋਲ੍ਹਿ ॥ ਨਹੀ ਪਟਣੁ ਨਹੀ ਪਾਰਖੂ, ਨਹੀ ਗਾਹਕੁ ਨਹੀ ਮੋਲੁ ॥੨੩॥ ਹੇ ਕਬੀਰ! (ਮਨ ਨੂੰ ਆਖਦੇ ਹਨ) ਰਾਮ ਦੇ ਨਾਮ ਰੂਪ ਪਦਾਰਥ ਨੂੰ ਪ੍ਰਾਪਤ ਕਰਕੇ ਗੁਹਜ (ਨਾਮ ਬਾਣੀ) ਦਾ ਭੇਤ (ਹਰੇਕ ਅੱਗੇ) ਨਾ ਖੋਲ੍ਹ ਭਾਵ ਅਨ ਅਧਿਕਾਰੀ ਪੁਰਸ਼ ਨੂੰ ਸਿਖਿਆ ਦਿਤੀ ਦਾ ਕੋਈ ਲਾਭ ਨਹੀ {ਵਿਣੁ ਗਾਹਕ ਗੁਣੁ ਵੇਚੀਐ, ਤਉ ਗੁਣੁ ਸਹਘੋ ਜਾਇ।ਗੁਣ ਕਾ ਗਾਹਕੁ ਜੇ ਮਿਲੈ, ਤਉ ਗੁਣੁ ਲਾਖ ਵਿਕਾਇ ੧੦੮੬}।ਜਿਥੇ ਸੱਤ ਸੰਗ ਰੂਪ ਸ਼ਹਿਰ ਨਹੀ, ਕੋਈ ਗਿਆਨਵਾਨ ਪਾਰਖੂ ਨਹੀ, (ਉਤਮ ਅਧਿਕਾਰੀ) ਜਗਿਆਸੂ ਰੂਪ ਗਾਹਕ ਨਹੀ, ਸ਼ਰਧਾ ਰੂਪ ਮੁੱਲ ਨਹੀ।੨੩।
ਪਦਾਰਥ = ਗਾਂਠਿ-ਗੰਢ (ਉਪਦੇਸ਼ ਰੂਪ)।ਪਟਣੁ-ਸ਼ਹਿਰ।ਪਾਰਖੂ-ਪਰਖ ਕਰਨ ਵਾਲਾ; ਕਦਰਦਾਨ।ਮੋਲੁ-ਮੁੱਲ (ਅਮੁੱਕ ਸ਼ਰਧਾ)।
ਵਿਆਖਿਆ = ਗੁਣਾਂ ਜਾਂ ਸਿਖਿਆ ਦੀ ਗਠੜੀ ਪਾਰਖੂਆਂ ਅੱਗੇ, ਜਿਥੇ ਕਦਰ ਹੋਵੇ, ਖੋਲ੍ਹਣੀ ਚਾਹੀਦੀ ਹੈ।੨੩।
ਉਥਾਨਕਾ = ਇਕ ਮਨੁੱਖ ਕਬੀਰ ਜੀ ਦੀ ਸੰਗਤ ਕਰਨ ਰੋਜ ਆਉਂਦਾ ਸੀ, ਪਰ ਕੁਛ ਦਿਨ ਨਾ ਆਉਣ ਤੇ ਕਬੀਰ ਜੀ ਨੇ ਨਾ ਆਉਣ ਦਾ ਕਾਰਨ ਪੁਛਿਆ।ਉਤਰ ਵਿਚ ਮਨੁੱਖ ਨੇ ਦਸਿਆ ਕਿ ਬੜੇ ਬੜੇ ਰਾਜਿਆਂ ਅਤੇ ਪੰਡਤਾਂ ਨਾਲ ਮੇਲ ਜੋਲ ਹੋਣ ਕਰਕੇ ਆਉਣ ਦਾ ਸਮਾਂ ਨਹੀ ਮਿਲਿਆ।ਤਾਂ ਕਬੀਰ ਜੀ ਨੇ ਇਸ ਸਲੋਕ ਰਾਹੀਂ ਸਿਖਿਆ ਦਿਤੀ =
ਕਬੀਰ ਤਾ ਸਿਉ ਪ੍ਰੀਤਿ ਕਰਿ, ਜਾ ਕੋ ਠਾਕੁਰੁ ਰਾਮੁ ॥ ਪੰਡਿਤ ਰਾਜੇ ਭੂਪਤੀ, ਆਵਹਿ ਕਉਨੇ ਕਾਮ ॥੨੪॥ ਹੇ ਕਬੀਰ! ਜਿਸ ਦਾ ਮਾਲਕ (ਕੇਵਲ ਇਕ) ਰਾਮ (ਵਾਹਿਗੁਰੂ) ਹੈ, ਉਸ ਗੁਰਮੁਖ ਨਾਲ ਪ੍ਰੀਤ ਕਰ।ਪੰਡਤ, ਰਾਜੇ ਅਤੇ ਜਮੀਮਾਂ ਦੇ ਮਾਲਕ (ਇਹ ਸਭ ਭਲਾਂ) ਕਿਸ ਕੰਮ ਆਉਣ ਵਾਲੇ ਹਨ? (ਇਨ੍ਹਾਂ ਨਾਲ ਪ੍ਰੇਮ ਕਰਨ ਦਾ ਕੋਈ ਫਾਇਦਾ ਨਹੀ)।੨੪।
ਪਦਾਰਥ = ਤਾ ਸਿਉ-ਉਸ ਨਾਲ।ਜਾ ਕੋ-ਜਿਸ ਦਾ।ਠਾਕੁਰੁ-ਮਾਲਕ।ਭੂਪਤੀ-ਜਮੀਨਾਂ ਦੇ ਮਾਲਕ।ਕਉਨੈ ਕਾਮ-ਕਿਸ ਕੰਮ।੨੪।
ਕਬੀਰ ਪ੍ਰੀਤਿ ਇਕ ਸਿਉ ਕੀਏ, ਆਨ ਦੁਬਿਧਾ ਜਾਇ ॥ ਭਾਵੈ ਲਾਂਬੇ ਕੇਸ ਕਰੁ, ਭਾਵੈ ਘਰਰਿ ਮੁਡਾਇ ॥੨੫॥ ਹੇ ਕਬੀਰ! ਇਕ ਹਰੀ ਨਾਲ ਪ੍ਰੀਤ ਕਰਨ ਨਾਲ ਹੋਰ (ਸਭ ਤਰ੍ਹਾਂ ਦੀ) ਦੁਬਿਧਾ ਚਲੇ ਜਾਂਦੀ ਹੈ।(ਹਰੀ ਨਾਲ ਪ੍ਰੇਮ ਕੀਤੇ ਬਿਨਾ) ਭਾਵੇਂ ਵੱਡੀਆਂ ਵੱਡੀਆਂ ਜਟਾਂ ਵਧਾ ਲੈ, ਭਾਵੇਂ ਸਿਰ ਮੁਨਾ ਕੇ ਘੋਨ ਮੋਨ ਹੋ ਜਾ (ਚਾਹੇ ਜਟਾਂਧਾਰੀ, ਚਾਹੇ ਵਾਲ ਰਹਿਤ ਸੰਨਿਆਸੀ ਹੋ ਜਾ)।੨੫।
ਪਦਾਰਥ = ਇਕ ਸਿਉ-ਇਕ ਨਾਲ।ਆਨ-ਹੋਰ (ਦੁਨੀਆਵੀ)।ਦੁਬਿਧਾ-ਮਨ ਦਾ ਦੋ ਪਾਸੇ ਹੋਣਾ, ਕਦੇ ਹਰੀ ਵੱਲ, ਕਦੇ ਦੁਨੀਆਂ ਵੱਲ; ਦੁਚਿੱਤਾ ਪਨ।ਭਾਵੈ-ਭਾਵੇਂ।ਲਾਂਬੇ ਕੇਸ-ਸੰਨਿਆਸੀ ਸਾਧੂ ਬੋਹੜ ਦਾ ਦੁੱਧ ਲਾ ਲਾ ਕੇ ਜਟਾਂ ਵਧਾ ਲੈਂਦੇ ਹਨ।ਘਰਰਿ ਮੁਡਾਇ - ਸਿਰ ਦੇ ਵਾਲਾਂ ਨੂੰ ਮੁਨਾ ਕੇ ਟਿੰਡ ਵਰਗਾ ਕਰ ਲੈ।੨੫।
ਵਿਆਖਿਆ = ਜਟਾਂ ਵਧਾ ਲੈਣ ਜਾਂ ਸਿਰ ਨੂੰ ਮੁਨਾਉਣ ਨਾਲ ਦੁਬਿਧਾ ਨਹੀ ਜਾਂਦੀ, ਨਾ ਹੀ ਹਰੀ ਨਾਲ ਮੇਲ ਹੁੰਦਾ ਹੈ।ਕੇਸ ਰੱਖਣ ਜਾਂ ਨਾ ਰੱਖਣ ਦੀ ਗੱਲ ਨਹੀ ਇਥੇ, ਕਬੀਰ ਜੀ ਭੇਖ ਦੀ ਗੱਲ ਕਰਦੇ ਹਨ।ਅੱਗੇ ੧੦੧ ਵੇਂ ਸਲੋਕ ਵਿਚ ਮਨ ਮੂੰਡਿਆ ਨਹੀ ਕੇਸ ਮੁੰਡਾਇ ਕਾਂਇ।ਪ੍ਰੇਮ ਬਿਨਾ ਭੇਖ ਦਾ ਕੋਈ ਲਾਭ ਨਹੀ।ਮੂੰਡ ਮੁੰਡਾਏ ਜੌ ਸਿਧਿ ਪਾਈ।ਮੁਕਤੀ ਭੇਡ ਨ ਗਈਆ ਕਾਈ।(੩੨੪)।ਕੇਸ ਧਰੇ ਪਾਹੁਲ ਬਿਨਾ ਭੇਖੀ ਮੂਰਖ ਸਿੱਖ।ਮਮ ਦਰਸ਼ਨ ਨਾਹਿ ਤਿਹ ਪਾਪੀ ਤਿਆਗੇ ਭਿਖ (ਰਹਿਤਨਾਮਾ)}।
ਗੁਰੂ ਜੀ ਨੇ ਸਿੱਖ ਨੂੰ ਅੰਮ੍ਰਿਤ ਛਕ ਕੇ ਕੇਸ ਰਖਣ ਦੀ ਸਿਖਿਆ ਦਿਤੀ ਹੈ, ਜਿੰਨੇ ਰਿਸ਼ੀ ਮੁਨੀ ਸੰਤ ਭਗਤ ਹੋਏ ਹਨ, ਕੇਸਾ ਧਾਰੀ ਸਨ ।ਕਬੀਰ ਸਾਹਿਬ ਆਪ ਵੀ ਕੇਸਾ ਧਾਰੀ ਸਨ।੨੫।
ਕਬੀਰ ਜਗੁ ਕਾਜਲ ਕੀ ਕੋਠਰੀ, ਅੰਧ ਪਰੇ ਤਿਸ ਮਾਹਿ ॥ ਹਉ ਬਲਿਹਾਰੀ ਤਿਨ ਕਉ, ਪੈਸਿ ਜੁ ਨੀਕਸਿ ਜਾਹਿ ॥੨੬॥ ਹੇ ਕਬੀਰ! ਜਗਤ ਤਾਂ ਪਾਪਾਂ ਰੂਪ ਕੱਜਲ ਦੀ ਕੋਠੜੀ ਹੈ (ਕੱਜਲ ਦੀ ਕੋਠੀ ਵਿਚ ਰਹਿਣ ਵਾਲਾ ਵੀ ਕਾਲਾ (ਕਲੰਕਤ) ਹੋ ਜਾਂਦਾ ਹੈ), ਅਗਿਆਨੀ ਮਨੁੱਖ (ਕੱਜਲ ਦੀ ਕੋਠੀ ਵਿਚ) ਪਏ (ਵੜੇ) ਹੋਏ ਹਨ {ਜਿਉ ਕਾਜਰ ਭਰਿ ਮੰਦਰੁ ਰਾਖਿਓ, ਜੋ ਪੈਸੈ ਕਾਲੂਖੀ ਰੇ ੪੩੫}।ਮੈਂ ਤਿਨ੍ਹਾਂ (ਗੁਰਮੁਖਾਂ) ਤੋਂ ਸਦਕੇ ਜਾਂਦਾ ਹਾਂ, ਜੋ ਇਸ (ਕਾਲਖ ਦੀ ਕੋਠੀ) ਵਿਚ ਪ੍ਰਵੇਸ਼ ਕਰਕੇ (ਬਿਨਾ ਦਾਗ ਤੋਂ ਬਾਹਰ) ਨਿਕਲ ਆਉਂਦੇ ਹਨ ਭਾਵ ਸੰਸਾਰ ਵਿਚ ਜਨਮ ਲੈ ਕੇ ਭਜਨ ਦੇ ਪ੍ਰਤਾਪ ਨਾਲ ਮਨ ਨੂੰ ਪਾਪਾਂ ਦੀ ਕਾਲਖ ਨਹੀ ਲਗਣ ਦੇਂਦੇ, ਜਗਤ ਦੇ ਝਮੇਲਿਆਂ ਚੋਂ ਬਾਹਰ ਨਿਕਲ (ਨਿਰਲੇਪ ਰਹਿ) ਕੇ ਹਰੀ ਵਿਚ ਮਿਲ ਜਾਂਦੇ ਹਨ।੨੬।ਕਾਜਰ ਕੋਠ ਮਹਿ ਭਈ ਨ ਕਾਰੀ, ਨਿਰਮਲ ਬਰਨੁ ਬਨਿਓ ਰੀ।੩੭੪
ਪਦਾਰਥ = ਕਾਜਲ-ਕਾਲਖ; ਕੱਜਲ।ਕੋਠੜੀ-ਘਰ; ਕੋਠੀ।ਅੰਧ-ਅਨ੍ਹੇ (ਅਗਿਆਨੀ ਮਨੁੱਖ)।ਪਰੇ-ਪਏ ਹੋਏ (ਰਹਿੰਦੇ) ਹਨ। ਪਰੇ-

ਪਏ (ਵੜੇ) ਹੋਏ। ਹਉ-ਮੈਂ। ਪੈਸਿ-ਪੈ ਕੇ; ਰਹਿੰਦੇ ਹੋਏ। ਨੀਕਸਿ ਜਾਹਿ-ਨਿਕਲਦੇ ਜਾਂਦੇ ਹਨ।੨੬।

ਕਬੀਰ ਇਹੁ ਤਨੁ ਜਾਇਗਾ, ਸਕਹੁ ਤ ਲੇਹੁ ਬਹੋਰਿ ॥ ਨਾਂਗੇ ਪਾਵਹੁ ਤੇ ਗਏ, ਜਿਨ ਕੇ ਲਾਖ ਕਰੋਰਿ ॥੨੭॥ ਹੇ ਕਬੀਰ! ਇਹ ਸਰੀਰ (ਇਕ ਦਿਨ ਜਰੂਰ) ਨਾਸ਼ ਹੋ ਜਾਵੇਗਾ, ਜੇ ਮੋੜ ਸਕਦੇ ਹੋ, ਤਾਂ ਮੋੜ ਲਵੋ (ਕੋਈ ਵੀ ਸਰੀਰ ਨੂੰ ਨਾਸ਼ ਹੋਣ ਤੋਂ ਬਚਾ ਸਕਣ ਦੇ ਸਮਰੱਥ ਨਹੀ)। ਦੂਜਾ ਅਰਥ = ਕਬੀਰ ਜੀ ਕਹਿੰਦੇ ਹਨ, ਹੇ ਭਾਈ! ਇਹ ਸਰੀਰ ਧਨ ਕੱਠਾ ਕਰਦਿਆਂ ਹੀ ਨਿਸਫਲ ਚਲਾ ਜਾਵੇਗਾ, ਜੇ ਮੋੜ ਸਕਦੇ ਹੋ ਤਾਂ ਮੋੜ ਲਓ ਭਾਵ ਸਫਲ ਕਰ ਲਵੋ (ਸੰ. ਸ.)। ਜਿਨ੍ਹਾਂ (ਰਾਜਿਆਂ, ਧਨਾਢਾਂ) ਕੋਲ ਲੱਖਾਂ ਕ੍ਰੋੜਾਂ (ਦਾ ਧਨ) ਸੀ, ਉਹ ਵੀ ਨੰਗੇ ਪੈਰੀਂ (ਸੰਸਾਰ ਤੋਂ) ਚਲੇ ਗਏ ਹਨ।੨੭। ਨਾਂਗੇ ਆਵਨੁ ਨਾਂਗੇ ਜਾਨਾ। ਕੋਇ ਨ ਰਹਿ ਹੈ ਰਾਜਾ ਰਾਨਾ। (੧੧੫੭)। ਲੰਕਾ ਗਢੁ ਸੋਨੇ ਕਾ ਭਇਆ। ਮੂਰਖੁ ਰਾਵਨੁ ਕਿਆ ਲੇ ਗਇਆ। (੧੧੫੮)

ਪਦਾਰਥ = ਸਕਹੁ-ਜੇ ਸਕਦੇ ਹੋ। ਲੇਹੁ ਬਹੋਰਿ-ਮੋੜ (ਬਚਾ) ਲਵੋ। ਨਾਂਗੇ ਪਾਵਹੁ-ਨੰਗੇ ਪੈਰੀਂ। ਤੇ-ਉਹ (ਲੋਕ)। ਜਿਨ ਕੇ-ਜਿਨ੍ਹਾਂ ਦੇ ਕੋਲ। ਲਾਖ ਕਰੋਰਿ-ਲੱਖਾਂ ਕ੍ਰੋੜਾਂ ਦਾ ਧਨ।੨੭।

ਕਬੀਰ ਇਹੁ ਤਨੁ ਜਾਇਗਾ, ਕਵਨੈ ਮਾਰਗਿ ਲਾਇ ॥ ਕੈ ਸੰਗਤਿ ਕਰਿ ਸਾਧ ਕੀ, ਕੈ ਹਰਿ ਕੇ ਗੁਨ ਗਾਇ ॥੨੮॥ ਹੇ ਕਬੀਰ! ਇਹ ਤਨ (ਇਕ ਦਿਨ ਜਰੂਰ) ਮ੍ਰਿਤੂ ਹੋ ਜਾਵੇਗਾ, (ਪਰ ਤੈਂ ਇਸ ਨੂੰ) ਕਿਹੜੇ ਰਸਤੇ ਤੇ ਲਾਇਆ ਹੋਇਆ ਹੈ? ਜਾਂ (ਇਸ ਨੂੰ ਸਫਲ ਕਰਨ ਲਈ) ਕਿਸੇ ਚੰਗੇ ਰਸਤੇ ਲਗਾ ਲੈ। ਦੂਜਾ ਅਰਥ = ਇਹ ਸਰੀਰ (ਭਜਨ ਬਿਨਾ) ਨਿਸਫਲ ਹੀ ਚਲਾ ਜਾਵੇਗਾ, ਸਫਲ ਕਰਨ ਲਈ ਇਸ ਤਨ ਨੂੰ ਚੰਗੇ ਰਾਸਤੇ ਲਗਾਓ(ਸੰ. ਸ.)। ਜਾਂ ਤਾਂ ਸੰਤਾਂ ਦੀ ਸੰਗਤ ਕਰ ਜਾਂ ਹਰੀ ਦੇ ਗੁਣ ਗਾ (ਸੰਤਾਂ ਦੀ ਸੰਗਤ ਵਿਚ ਹਰੀ ਦੇ ਗੁਣ ਗਾ, ਇਸ ਤਰ੍ਹਾਂ ਮਨੁੱਖਾ ਜਨਮ ਸਫਲ ਹੋਵੇਗਾ)।੨੮।

ਪਦਾਰਥ = ਤਨੁ-ਸਰੀਰ। ਕਵਨੈ-ਕਿਸੇ; ਕਿਹੜੇ। ਮਾਰਗਿ-ਰਸਤੇ ਤੇ। ਕੈ-ਜਾਂ; ਅਥਵਾ। ਗੁਨ ਗਾਇ-ਗੁਣ ਗਾ।੨੮।

ਵਿਆਖਿਆ = ਕੈ ਦਾ ਭਾਵ ਇਹ ਨਹੀ ਕਿ ਦੋਹਾਂ ਵਿਚੋਂ ਇਕ ਚੁਣ। ਭਾਵ ਦੋਵੇਂ ਕਰਮ ਕਰ, ਸੰਗਤ ਵੀ ਤੇ ਗੁਣ ਵੀ ਗਾ। ਕਬੀਰ ਜੀ ਤਨ ਸਫਲ ਕਰਨ ਦੀ ਜੁਗਤੀ ਦਸਦੇ ਹਨ। ਇਸ ਨੂੰ ਕਿਸੇ ਚੰਗੇ ਰਾਹੇ ਪਾ, ਸੰਤਾਂ ਦੇ ਦੱਸੇ ਰਸਤੇ ਤੇ ਚੱਲ। ।੨੮।

ਅੰਗ ੧੩੬੬ = ਕਬੀਰ ਮਰਤਾ ਮਰਤਾ ਜਗੁ ਮੂਆ, ਮਰਿ ਭੀ ਨ ਜਾਨਿਆ ਕੋਇ ॥ ਐਸੇ ਮਰਨੇ ਜੋ ਮਰੈ, ਬਹੁਰਿ ਨ ਮਰਨਾ ਹੋਇ ॥ ੨੯॥ ਹੇ ਕਬੀਰ! ਮਰਦਾ ਮਰਦਾ ਸਾਰਾ ਜਗਤ ਹੀ ਮਰ ਗਿਆ, ਪਰ ਅਸਲੀ ਮਰਨਾ ਕਿਸੇ ਨੇ ਵੀ ਨਹੀ ਜਾਣਿਆ (ਮਰਨ ਦੀ ਜਾਚ ਕਿਸੇ ਨੂੰ ਨਹੀ ਆਈ)। ਜਿਹੜੇ ਗੁਰਮੁਖ ਇਹੋ ਜਿਹੀ ਮੌਤੇ (ਜੀਵਤ ਭਾਵ ਤੋਂ) ਮਰਦੇ ਹਨ, ਉਨ੍ਹਾਂ ਨੂੰ ਮੁੜ ਦੁਬਾਰਾ ਮਰਨਾ ਨਹੀ ਹੁੰਦਾ (ਅਮਰ ਹੋ ਜਾਂਦੇ ਹਨ)੨੯। ਅੰਤਿ ਕਾਲਿ ਨਾਰਾਇਣ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ। ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰ ਵਾ ਕੇ ਰਿਦੈ ਬਸੈ। (੫੨੬)। ਸਬਦਿ ਮਰਹੁ ਫਿਰਿ ਜੀਵਹੁ ਸਦਹੀ, ਤਾ ਫਿਰਿ ਮਰਣੁ ਨ ਹੋਈ। (੬੦੪)

ਵਿਆਖਿਆ = ਗੁਰੂ ਦੇ ਉਪਦੇਸ਼ ਤੇ ਚਲ ਕੇ ਨਾਮ ਬਾਣੀ ਦੇ ਅਭਿਆਸ ਨਾਲ ਜਿਸ ਨੇ ਹਉਮੈ ਮਮਤਾ ਤੇ ਅਪਣੱਤ ਨੂੰ ਮਾਰ ਦਿਤਾ ਹੈ, ਉਹ ਮਨੁੱਖ ਜਿਉਂਦਾ ਹੀ ਮਰ ਗਿਆ। ਐਸੇ ਮਨੁੱਖ ਨੂੰ ਆਤਮਕ ਮੌਤ ਨਹੀ ਆਉਂਦੀ, ਅਮਰ ਹੋ ਜਾਂਦਾ ਹੈ। ਕਬੀਰ ਜੀ ਦਾ ਭਾਵ ਹੈ ਹਰੀ ਨੂੰ ਭੁਲਾ ਕੇ ਸਾਰਾ ਜਗਤ ਬਾਰ ਬਾਰ (ਜੰਮਦਾ ਹੈ ਫਿਰ) ਮਰਦਾ ਹੈ, ਜੇ ਕਿਤੇ ਜਿਉਂਦਿਆਂ ਇਹ ਕਿਸੇ ਪੂਰਨ ਗੁਰੂ ਤੋਂ ਮਰਨ ਦੀ ਜਾਚ ਸਿੱਖ ਲਵੇ, ਤਾਂ ਸਦਾ ਵਾਸਤੇ ਇਸ ਦਾ ਮਰਨਾ ਮੁੱਕ ਸਕਦਾ ਹੈ, ਅਟੱਲ ਅਤੇ ਅਮਰ ਪਦਵੀ ਪ੍ਰਾਪਤ ਕਰ ਲਵੇਗਾ। ਹਉਮੈ ਮੇਰਾ ਮਰੀ ਮਰੁ ,ਮਰਿ ਜੰਮੈ ਵਾਰੋਵਾਰ। ਗੁਰ ਕੈ ਸਬਦੇ ਜੇ ਮਰੈ, ਫਿਰਿ ਮਰੈ ਨ ਦੂਜੀ ਵਾਰ। (੧੦੦੯)। ਗੁਰ ਪ੍ਰਸਾਦਿ ਜੀਵਤੁ ਮਰੈ, ਤਾ ਫਿਰਿ ਮਰਣੁ ਨ ਹੋਇ। (੫੫੪)। ਜਿਨ ਕਉ ਬਿਸਰੈ ਮੇਰਾ ਰਾਮ ਪਿਆਰਾ, ਸੇ ਮੂਏ ਮਰਿ ਜਾਹੀ। (੧੨੬੯)

ਕਬੀਰ ਮਾਨਸ ਜਨਮੁ ਦੁਲੰਭੁ ਹੈ, ਹੋਇ ਨ ਬਾਰੈ ਬਾਰ ॥ ਜਿਉ ਬਨ ਫਲ ਪਾਕੇ ਭੁਇ ਗਿਰਹਿ, ਬਹੁਰਿ ਨ ਲਾਗਹਿ ਡਾਰ ॥੩੦॥ ਕਬੀਰ ਜੀ ਆਖਦੇ ਹਨ, ਹੇ ਭਾਈ! ਮਨੁੱਖਾ ਜਨਮ (ਬੜੇ) ਮੁਸ਼ਕਲ ਨਾਲ ਮਿਲਦਾ ਹੈ, (ਇਕ ਵਾਰ ਹੱਥੋਂ ਗਿਆ) ਵਾਰ ਵਾਰ ਪ੍ਰਾਪਤ ਨਹੀ ਹੁੰਦਾ। ਜਿਸ ਤਰ੍ਹਾਂ ਬਨ (ਵਿਚ ਦਰੱਖਤਾਂ) ਦੇ ਪੱਕੇ ਫਲ ਜਮੀਨ ਤੇ ਡਿਗ ਪੈਂਦੇ ਹਨ, ਫਿਰ ਮੁੜ (ਉਹ ਡਿੱਗੇ ਫਲ ਬ੍ਰਿਛ ਦੀ) ਟਾਹਣੀ ਨਾਲ ਨਹੀ ਲਗ ਸਕਦੇ।੩੦।

ਪਦਾਰਥ = ਮਾਨਸ ਜਨਮੁ-ਮਨੁੱਖਾ ਜਨਮ। ਦੁਲੰਭੁ-ਮੁਸ਼ਕਲ ਨਾਲ ਮਿਲਣ ਵਾਲਾ। ਬਨ-ਜੰਗਲ; ਬਾਗ। ਭੁਇ ਗਿਰਹਿ-ਜਮੀਨ ਤੇ ਡਿਗ ਪੈਂਦੇ ਹਨ। ਬਹੁਰਿ-ਮੁੜ ਕੇ। ਡਾਰ-ਡਾਲੀ; ਟਾਹਣੀ।੩੦।

ਉਥਾਨਕਾ = ਕਿਸੇ ਜਗਿਆਸੂ ਨੇ ਕਬੀਰ ਜੀ ਦਾ ਜਸ ਸੁਣ ਕੇ ਆਕੇ ਪੁਛਿਆ ਕਿ ਤੂੰ ਹੀ ਕਬੀਰ ਹੈ? ਜਵਾਬ ਵਿਚ ਕਬੀਰ ਜੀ ਨੇ ਕਿਹਾ ਕਿ ਕਬੀਰ (ਤਾਂ ਮਹਾਨ ਪ੍ਰਭੂ ਹੈ) ਤੂੰ ਵੀ ਉਸ ਦਾ ਰੂਪ ਹੋ ਸਕਦਾ ਹੈਂ। ਜਗਿਆਸੂ ਆਖਦਾ ਹੈ, ਨਹੀ ਜੀ ਮੈਂ ਤਾਂ ਨਾਮ ਪੁਛਦਾ ਹਾਂ, ਤੇਰਾ ਨਾਮ ਕਬੀਰ ਹੈ? ਕਬੀਰ ਜੀ ਪੁਛਦੇ ਹਨ, ਹੇ ਭਾਈ ਦਸ ਕੰਮ ਕੀ ਹੈ। ਜਗਿਆਸੂ ਕਹਿੰਦਾ ਜੀ! ਮੈਨੂੰ ਵੀ ਹਰੀ ਨਾਲ ਮਿਲਾ ਦਿਓ। ਤਾਂ ਕਬੀਰ ਜੀ ਆਖਦੇ ਹਨ, ਪਹਿਲਾਂ ਦੇਹ ਅਭਿਮਾਨ ਛੱਡ, ਫਿਰ ਹਰੀ ਆਪੇ ਪ੍ਰਾਪਤ ਹੋ ਜਾਵੇਗਾ।

ਕਬੀਰਾ ਤੁਹੀ ਕਬੀਰੁ ਤੂ, ਤੇਰੋ ਨਾਉ ਕਬੀਰੁ ॥ ਰਾਮ ਰਤਨੁ ਤਬ ਪਾਈਐ, ਜਉ ਪਹਿਲੇ ਤਜਹਿ ਸਰੀਰੁ ॥੩੧॥ (ਕਬੀਰ ਜੀ ਜਦ

ਹਰੀ ਨਾਲ ਇਕ ਮਿਕ ਹੋ ਗਏ, ਉਸ ਅਵਸਥਾ ਵਿਚ ਹਰੀ ਦੀ ਵਡਿਆਈ ਕਰਦੇ ਹਨ) ਹੇ ਕਬੀਰ! ਤੂੰ ਹੀ ਕਬੀਰ ਹੈਂ (ਉਸ ਵੱਡੇ ਪ੍ਰਭੂ ਦਾ ਰੂਪ ਹੈਂ), ਤੇਰਾ ਨਾਮ ਹੀ ਕਬੀਰ ਕਰਕੇ ਸੰਸਾਰ ਵਿਚ ਪ੍ਰਸਿੱਧ ਹੈ (ਹਰੀ ਦਾ ਨਾਮ ਕਬੀਰ ਹੈ, ਮੈਨੂੰ ਨਿਮਾਣੇ ਨੂੰ ਲੋਕ ਐਵੇਂ ਕਬੀਰ ਕਹੀ ਜਾਂਦੇ ਹਨ)। ਦੂਜਾ ਅਰਥ = ਹੇ ਹਰੀ! ਭੂਤਕਾਲ ਵਿਚ ਵੀ ਸਭ ਤੋਂ ਵੱਡਾ (ਕਬੀਰ) ਰੂਪ ਹਰੀ ਤੂੰ ਹੀ ਸੀ, ਹੁਣ ਵੀ ਸਭ ਤੋਂ ਵੱਡਾ (ਕਬੀਰ) ਰੂਪ ਤੂੰ ਹੀ ਹੈਂ ਅਤੇ ਭਵਿਖ ਵਿਚ ਵੀ ਤੇਰਾ ਨਾਮ (ਕਬੀਰ) ਵੱਡਾ ਰਹੇਗਾ (ਸੰ. ਸ.; ਫ. ਸ.)।(ਪਰ) ਰਾਮ ਰੂਪ ਰਤਨ (ਅਮੋਲਕ ਪ੍ਰਭੂ) ਤਦ ਪਾਇਆ ਜਾਂਦਾ ਹੈ, ਜੇ ਪਹਿਲਾਂ ਸਰੀਰ ਦੇ ਹੰਕਾਰ ਨੂੰ ਛੱਡ ਦੇਵੇ (ਜੀਵਤ ਭਾਵ ਤੋਂ ਮਰ ਜਾਵੇ)।੩੧।

ਪਦਾਰਥ = ਰਾਮ ਰਤਨ–ਪ੍ਰਮਾਤਮਾ ਰੂਪ ਅਮੋਲਕ ਰਤਨ। ਤਬ–ਤਦ। ਜਉ–ਜੇ; ਜਦ। ਤਜਹਿ–ਛਡ ਦੇਵੇ।੩੧।

ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ। (੯੬੯)

ਵਿਆਖਿਆ = ਹਰੀ ਦੀ ਪ੍ਰਾਪਤੀ ਤੇ ਸਰੀਰ ਦਾ ਹੰਕਾਰ ਨਾਸ਼ ਹੋ ਜਾਂਦਾ ਹੈ। ਮਨ ਹਰੀ ਨਾਲ ਅਭੇਦ ਹੋ ਜਾਂਦਾ ਹੈ, ਇਸ ਹਾਲਤ ਵਿਚ ਕਬੀਰ ਜੀ ਹਰੀ ਦੀ ਸਿਫਤ ਕਰਦੇ ਹਨ, ਤੂੰ ਵੱਡਾ ਹੈਂ, ਤੂੰ ਹੀ ਵੱਡਾ ਹੈਂ, ਤੇਰਾ ਨਾਮ ਵੱਡਾ ਹੈ। ਮੈਂ ਤਾਂ ਕੁਛ ਵੀ ਨਹੀ, ਮੈਂ ਤਾਂ ਹਾਂ ਹੀ ਨਹੀ, ਸਭ ਤੂੰ ਹੀ ਤੂੰ ਹੈਂ। ਐਵੇਂ ਜਮਾਨਾ ਮੈਨੂੰ ਕਬੀਰ ਕਬੀਰ ਕਹੀ ਜਾਂਦਾ ਹੈ। ਹੇ ਕਬੀਰ ਦਿਆ ਮਨਾਂ! ਤੂੰ ਹੀ ਕਬੀਰ ਹੈਂ (ਹਰੀ ਰੂਪ ਹੋ ਗਿਆ ਹੈਂ) ਅਤੇ ਤੇਰਾ ਨਾਮ ਹੀ ਕਬੀਰ ਹੈ ਭਾਵ ਹਰੀ ਤੇ ਮਨ ਇਕ ਰੂਪ ਹੋਣ ਕਰਕੇ ਕਬੀਰ ਹਰੀ ਹੈ, ਹਰੀ ਕਬੀਰ ਹੈ। ਪਰ ਇਸ ਅਵਸਥਾ ਤੇ ਮਨੁੱਖ ਤਦ ਪੁਜਦਾ ਹੈ ਜਦ ਪਹਿਲਾਂ ਅਪਣੱਤ ਦਾ ਤਿਆਗ ਕਰੇ।੩੧। ਜਬ ਹਮ ਹੋਤੇ ਹੋਤੇ ਤਬ ਤੂ ਨਾਹੀ, ਅਬ ਤੁਮ ਹਹੁ ਹਮ ਨਾਹੀ। ਅਬ ਹਮ ਤੁਮ ਏਕ ਭਏ ਹਹਿ, ਏਕੈ ਦੇਖਤ ਮਨੁ ਪਤੀਆਹੀ। (੩੩੯)

ਕਬੀਰ ਝੰਖੁ ਨ ਝੰਖੀਐ, ਤੁਮਰੋ ਕਹਿਓ ਨ ਹੋਇ ॥ ਕਰਮ ਕਰੀਮ ਜੋ ਕਰਿ ਰਹੇ, ਮੇਟਿ ਨ ਸਾਕੈ ਕੋਇ ॥੩੨॥ ਕਬੀਰ ਜੀ ਆਖਦੇ ਹਨ, ਹੇ ਭਾਈ! ਐਵੇਂ (ਹੰਕਾਰ ਵਿਚ) ਫਜ਼ੂਲ ਗਪੌੜੇ ਨਹੀ ਮਾਰਨੇ ਚਾਹੀਦੇ, ਤੇਰੇ ਕਹੇ ਤੇ ਕੁਛ ਨਹੀ ਹੋ ਸਕਦਾ। ਕ੍ਰਿਪਾ ਕਰਨ ਵਾਲਾ ਪ੍ਰਭੂ ਜੀ ਜੋ ਕਰਮ (ਕਰਤੱਬ; ਬਖਸਿਸ਼) ਕਰ ਰਹੇ ਹਨ, ਉਸਨੂੰ ਕੋਈ ਮੇਟ ਨਹੀ ਸਕਦਾ।੩੨।

ਪਦਾਰਥ = ਝੰਖੁ ਨ ਝੰਖੀਐ–ਬਕਵਾਸ; ਗੱਪਾਂ; ਸਿਰ ਖਪਾਈ; ਗਿਲੇ ਸ਼ਿਕਵੇ ਨਹੀ ਕਰਨੇ ਚਾਹੀਦੇ। ਕਰਮ–ਕੰਮ; ਬਖਸਿਸ਼। ਕਰੀਮ–ਬਖਸ਼ਿਸ਼ ਕਰਨ ਵਾਲਾ ਪ੍ਰਭੂ।੩੨।

ਵਿਆਖਿਆ = ਵਰ ਸਰਾਪ ਦੇਣ ਵਾਲੇ ਹੋਛੇ ਸਾਧੂਆਂ ਨੂੰ ਸਿਖਿਆ ਦੇ ਰਹੇ ਹਨ, ਜੋ ਐਵੇਂ ਮਮੂਲੀ ਗੱਲਾਂ ਤੇ ਗੁੱਸੇ ਹੋਕੇ ਸਰਾਪ ਜਾਂ ਕਿਸੇ ਨੂੰ ਵਰ ਦੇ ਦੇਂਦੇ ਹਨ। ਜੋ ਹਰੀ ਕਰਦਾ ਹੈ,ਅਮਿੱਟ ਹੈ। ਉਸਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਵਰ ਸਰਾਪ ਦੇਣੇ ਬਿਅਰਥ ਹਨ।੩੨। ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ, ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ। (੧੬੮)

ਕਬੀਰ ਕਸਉਟੀ ਰਾਮ ਕੀ, ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ, ਜੋ ਮਰਿ ਜੀਵਾ ਹੋਇ ੩੩॥ ਹੇ ਕਬੀਰ! ਰਾਮ ਦੀ ਭਗਤੀ ਰੂਪ ਪਰਖ ਤੇ ਝੂਠਾ ਮਨੁੱਖ ਟਿਕ ਨਹੀ ਸਕਦਾ (ਇਸ ਪਰਖ ਤੇ ਬਾਬਾ ਲਹਿਣਾ ਜੀ, ਭਾਈ ਭਿਖਾਰੀ ਜੀ, ਪੰਜ ਪਿਆਰੇ ਆਦਿਕ ਹੋਰ ਬਹੁਤ ਗੁਰੂ ਕੇ ਪਿਆਰੇ ਗੁਰਮੁਖ ਪੂਰੇ ਉਤਰੇ ਹਨ)। ਰਾਮ ਦੀ ਇਸ ਕਸਵੱਟੀ ਨੂੰ ਉਹ ਹੀ ਸਹਾਰਦਾ ਹੈ, (ਪੂਰਾ ਉਤਰਦਾ ਹੈ) ਜੋ (ਮਰ ਜੀਵੜਾ ਹੋਵੇ) ਆਪਾ ਭਾਵ ਤੋਂ ਮਰ ਕੇ ਜਿਉਂਦਾ ਹੈ (ਜਿਸ ਨੇ ਦੇਹ ਅਭਿਮਾਨ ਤਿਆਗ ਦਿਤਾ ਹੈ)।੩੩।

ਪਦਾਰਥ = ਕਸਉਟੀ–ਸੋਨਾ ਪਰਖਣ ਦਾ ਕਾਲਾ ਪੱਥਰ। ਸੋ–ਉਹ। ਸਹੈ–ਸਹਿੰਦਾ ਹੈ। ਮਰਿ ਜੀਵਾ–ਮਰ ਜੀਵੜਾ (ਜੋ ਮਰ ਕੇ ਜਿਉਂਦਾ ਹੋਇਆ ਹੈ ਭਾਵ ਜਿਸ ਨੇ ਦੇਹ ਅਭਿਮਾਨ ਛਡ ਦਿਤਾ ਹੈ)।੩੩।

ਵਿਆਖਿਆ = ਅਸਲੀ ਸਾਧੂ ਸੰਤ ਉਹ ਹੈ ਜੋ ਪਰਖ ਤੇ ਪੂਰਾ ਉਤਰੇ। ਦੁਖ ਸੁਖ ਵਿਚ ਇਕ ਰਸ ਰਹੇ, ਦੁਖ ਬਿਪਤਾ ਪੈਣ ਤੇ ਡੋਲੇ ਨਾ। ਕੋਈ ਪਿਆਰਾ ਮਰ ਜਾਵੇ ਤਾਂ ਭਾਣਾ ਮਿਠਾ ਮੰਨੇ। ਜਿੰਨੇ ਵੀ ਦੁੱਖ ਤਕਲੀਫਾਂ ਜੀਵਨ ਵਿਚ ਮਿਲਦੀਆਂ ਹਨ, ਇਹ ਪਰਖਣ ਵਾਲੀ ਕਸਵੱਟੀ ਹੈ। ਜਿਵੇਂ ਸੋਨਾ ਕਸਵੱਟੀ ਤੇ ਘਸਾ ਕੇ ਪਰਖੀਦਾ ਹੈ, ਜੇ ਸ਼ੁੱਧ ਹੋਵੇ ਤਾਂ ਸਰਾਫ ਸੋਨੇ ਦੀ ਕੀਮਤ ਪਾਉਂਦਾ ਹੈ,ਜੇ ਖਰਾ ਨਾ ਹੋਵੇ ਤਾਂ ਉਸਦੀ ਦੀ ਕੋਈ ਕੀਮਤ ਨਹੀ। ਹਰੀ ਦੇ ਦਰ ਤੇ ਗੁਣਵਾਨ ਦੀ ਕਦਰ ਪੈਂਦੀ ਹੈ।੩੩।

ਕਬੀਰ ਊਜਲ ਪਹਿਰਹਿ ਕਾਪਰੇ, ਪਾਨ ਸੁਪਾਰੀ ਖਾਹਿ ॥ ਏਕਸ ਹਰਿ ਕੇ ਨਾਮ ਬਿਨੁ, ਬਾਧੇ ਜਮ ਪੁਰਿ ਜਾਂਹਿ ॥੩੪॥ ਕਬੀਰ ਜੀ ਆਖਦੇ ਹਨ, ਜੋ ਮਨੁੱਖ ਚਿੱਟੇ ਕਪੜੇ ਪਹਿਨਦੇ (ਬਣ ਠਣ ਕੇ ਬੇ ਪ੍ਰਵਾਹ ਹੋਏ ਰਹਿੰਦੇ) ਹਨ ਅਤੇ ਪਾਨ ਸੁਪਾਰੀ ਖਾਂਦੇ ਹਨ (ਪਾਨ ਚੱਬਣਾ ਇਕ ਅਮੀਰੀ ਸ਼ੌਕ ਹੈ)। ਅਜੇਹੇ ਪੁਰਸ਼ ਇਕ ਹਰੀ ਦੇ ਨਾਮ ਜਪੇ ਬਿਨਾ (ਅੰਤ ਨੂੰ ਜਮਦੂਤਾਂ ਦੇ) ਬੰਨ੍ਹੇ ਹੋਏ ਜਮਾਂ ਦੀ ਪੁਰੀ (ਨਰਕ) ਵਿਚ ਜਾਂਦੇ ਹਨ।੩੪। ਪਾਨ ਸੁਪਾਰੀ ਖਾਤੀਆ, ਮੁਖਿ ਬੀੜੀਆ ਲਾਈਆ। ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ।(੭੨੬)। ਹਾਥਿ ਤ ਡੋਰ ਮੁਖਿ ਖਾਇਓ ਤੰਬੋਰ। ਮਰਤੀ ਬਾਰ ਕਸਿ ਬਾਧਿਓ ਚੋਰ।(੩੨੬)

ਪਦਾਰਥ = ਊਜਲ–ਚਿੱਟੇ। ਪਹਿਰਹਿ–ਪਹਿਨਦੇ ਹਨ। ਕਾਪਰੇ–ਕੱਪੜੇ। ਬਾਧੇ–ਬੰਨ੍ਹੇ ਹੋਏ। ਜਮ ਪੁਰਿ–ਜਮਾਂ ਦੀ ਪੁਰੀ (ਨਰਕ)।੩੪।

ਵਿਆਖਿਆ = ਬਨਾਰਸ ਦੇ ਨਾਮ ਬਿਹੂਣੇ ਅਮੀਰੀ ਠਾਠ ਬਾਠ ਰੱਖਣ ਵਾਲੇ ਸ਼ੌਕੀਨਾਂ ਦਾ ਹਾਲ ਦਸਦੇ ਹਨ। ਪਾਨ ਚੱਬਦੇ ਹੋਏ ਬਣ ਠਣ ਕੇ ਗਲੀਆਂ ਬਜਾਰਾਂ ਵਿਚ ਵਿਕਾਰੀ ਨਜਰ ਨਾਲ ਵੇਹਲੇ ਘੁੰਮਦੇ ਰਹਿੰਦੇ ਹਨ, ਐਸੇ ਲੋਕ ਅੰਤ ਨੂੰ ਨਰਕਾਂ ਵਿਚ ਜਾਂਦੇ ਹਨ।੩੪।

ਕਬੀਰ ਬੇੜਾ ਜਰਜਰਾ, ਫੂਟੇ ਛੇਂਕ ਹਜਾਰ ॥ ਹਰੂਏ ਹਰੂਏ ਤਿਰਿ ਗਏ, ਡੂਬੇ ਜਿਨ ਸਿਰ ਭਾਰ ॥੩੫॥ ਕਬੀਰ ਜੀ ਆਖਦੇ ਹਨ, ਇਹ ਸਰੀਰ ਰੂਪ ਬੇੜਾ ਪੁਰਾਣਾ ਹੈ (ਬੁੱਢਾ ਹੋ ਗਿਆ ਹੈ ਅਤੇ ਸਰੀਰ ਰੂਪ ਬੇੜੇ ਵਿਚ), ਦੋਸ਼ ਰੂਪ ਹਾਜਰਾਂ ਹੀ ਛੇਕ ਫੁੱਟੇ ਹੋਏ ਹਨ। ਹੌਲੇ (ਨਿਰਮਲ ਜੀਵਨ ਵਾਲੇ ਮਨੁੱਖ ਭਵਜਲ ਤੋਂ) ਤਰ ਗਏ ਹਨ ਅਤੇ ਜਿਨ੍ਹਾਂ ਦੇ ਸਿਰ ਤੇ ਪਾਪਾਂ ਦਾ ਭਾਰ ਹੈ, ਉਹ ਡੁਬ ਗਏ ਹਨ।੩੫।

ਪਦਾਰਥ = ਬੇੜਾ-ਵੱਡੀ ਕਿਸ਼ਤੀ; ਜਹਾਜ।ਜਰਜਰਾ-ਪੁਰਾਣਾ; ਬੋਦਾ; ਗਲਿਆ ਹੋਇਆ ਭਾਵ ਬੁਢੇਪਾ।ਫੂਟੇ-ਫੁੱਟੇ ਹੋਏ ਹਨ।ਛੇਂਕ-ਸੁਰਾਖ।ਹਰੂਏ-ਹੌਲੇ (ਨਿਰਮਲ ਜੀਵਨ ਵਾਲੇ)।ਤਿਰਿ ਗਏ-(ਸੰਸਾਰ ਸਮੁੰਦਰ ਤੋਂ) ਤਰ ਗਏ।ਭਾਰ-ਵਜਨ; ਪਾਪਾਂ ਦਾ ਭਾਰ।੩੫।

ਵਿਆਖਿਆ = ਜਹਾਜ ਵਿਚ ਸੁਰਾਖ ਹੋਣ ਤੇ ਬਾਹਰੋਂ ਪਾਣੀ ਭਰ ਕੇ ਡੁੱਬ ਜਾਂਦਾ ਹੈ।ਇਹ ਮਨੁੱਖੀ ਜੀਵਨ ਵੀ ਇਕ ਬੇੜੀ ਵਾਂਗ ਹੈ। ਪਿਛਲੇ ਬੁਰੇ ਸੰਸਕਾਰ ਹੋਰ ਮੰਦੀਆਂ ਵਾਸ਼ਨਾਵਾਂ ਪੈਦਾ ਕਰਦੇ ਹਨ।ਇਨ੍ਹਾਂ ਵਾਸ਼ਨਾਵਾਂ ਕਰਕੇ ਅਨੇਕਾਂ ਗਲਤੀਆਂ ਕਰਦਾ ਹੈ।ਜਿਸ ਕਰਕੇ ਮਨੁਖ ਦੇ ਅੰਦਰ ਦੋਸ਼ਾਂ ਰੂਪ ਛੇਦਾਂ ਰਾਹੀਂ ਪਾਪਾਂ ਰੂਪ ਪਾਣੀ ਭਰ ਜਾਂਦਾ ਹੈ, ਤਾਂ ਡੁਬ ਜਾਂਦਾ ਹੈ।ਜਾਂ ਰੋਮ ਵ ਸੁਆਸਾਂ ਰੂਪ ਛੇਦ ਹਨ, ਜਿਨ੍ਹਾਂ ਰਾਹੀਂ ਕਾਲ ਰੂਪ ਪਾਣੀ ਭਰਦਾ ਰਹਿੰਦਾ ਹੈ।ਜਦ ਪੂਰਾ ਭਰ ਗਿਆ ਤਾਂ ਡੁੱਬ ਜਾਂਦਾ ਹੈ।ਜਿਨ੍ਹਾਂ ਦੇ ਮਨ ਪਾਪਾਂ ਰੂਪ ਭਾਰ ਤੋਂ ਰਹਿਤ ਹਨ, ਉਹ ਤਰ ਜਾਂਦੇ ਹਨ।੩੫। ਇਹੁ ਸਰੀਰੁ ਜਜਰੀ ਹੈ, ਇਸਨੋ ਜਰੁ ਪਹੁਚੈ ਆਏ। (੫੮੪)

ਕਬੀਰ ਹਾਡ ਜਰੇ ਜਿਉ ਲਾਕਰੀ, ਕੇਸ ਜਰੇ ਜਿਉ ਘਾਸੁ ॥ ਇਹੁ ਜਗੁ ਜਰਤਾ ਦੇਖਿ ਕੈ, ਭਇਓ ਕਬੀਰੁ ਉਦਾਸੁ ॥੩੬॥ ਕਬੀਰ ਜੀ ਕਹਿੰਦੇ ਹਨ ਕਿ (ਮੌਤ ਹੋਣ ਤੇ ਮਨੁੱਖ ਦੇ) ਇਸ ਸਰੀਰ ਦੇ ਹੱਡ ਲੱਕੜੀ ਵਾਂਗ ਸੜ ਜਾਂਦੇ ਹਨ ਅਤੇ ਕੇਸ ਘਾਹ ਵਾਂਗ ਸੜ ਜਾਂਦੇ ਹਨ {ਹਾਡ ਜਲੇ ਜੈਸੇ ਲਕਰੀ ਕਾ ਤੂਲਾ।ਕੇਸ ਜਲੇ ਜੈਸੈ ਘਾਸ ਕਾ ਪੂਲਾ ੮੭੦}।ਇਸ ਜਗਤ ਦੇ ਜੀਵਾਂ ਨੂੰ ਸੜਦੇ ਦੇਖ ਕੇ ਕਬੀਰ ਉਦਾਸ (ਬੈਰਾਗਵਾਨ) ਹੋ ਗਿਆ ਹੈ।੩੬।

ਪਦਾਰਥ = ਹਾਡ ਜਰੇ-ਹੱਡ ਜਲ ਜਾਂਦੇ ਹਨ।ਜਿਉ ਲਾਕਰੀ-ਲੱਕੜੀ ਵਾਂਗ।ਭਇਓ ਉਦਾਸ-ਉਦਾਸ (ਉਪਰਾਮ) ਹੋ ਗਿਆ ਹੈ।੩੬।

ਕਬੀਰ ਗਰਬੁ ਨ ਕੀਜੀਐ, ਚਾਮ ਲਪੇਟੇ ਹਾਡ ॥ ਹੈਵਰ ਊਪਰਿ ਛਤ੍ਰ ਤਰ, ਤੇ ਫੁਨਿ ਧਰਨੀ ਗਾਡ ॥੩੭॥ ਹੇ ਕਬੀਰ! ਇਸ ਸਰੀਰ ਦਾ ਹੰਕਾਰ ਨਹੀ ਕਰਨਾ ਚਾਹੀਦਾ, ਇਹ ਤਾਂ ਚੰਮ ਨਾਲ ਲਪੇਟੇ ਹੋਏ ਹੱਡ ਹਨ।ਵਧੀਆ ਘੋੜਿਆਂ ਤੇ ਚੜ੍ਹਨ ਵਾਲੇ ਤੇ ਸੁੰਦਰ ਛਤ੍ਰਾਂ ਹੇਠ ਚਲਣ ਵਾਲੇ (ਰਾਜੇ ਮਹਾਰਾਜੇ), ਉਹ ਵੀ (ਅੰਤ ਨੂੰ) ਕਬਰਾਂ ਵਿਚ (ਆਂਮ ਲੋਕਾਂ ਵਾਂਗ) ਦੱਬੇ ਜਾਂਦੇ ਹਨ।੩੭।

ਪਦਾਰਥ = ਗਰਬੁ-ਹੰਕਾਰ।ਚਾਮ-ਚੰਮ।ਹਾਡ-ਹੱਡ।ਹੈਵਰ-ਵਧੀਆ ਘੋੜੇ।ਛਤ੍ਰ ਤਰ-ਛਤ੍ਰ ਹੇਠ (ਚਲਣ ਵਾਲੇ); ਮੁਹਾਵਰਾ ਹੈ ਹਕੂਮਤ ਹੋਣ ਦਾ।ਤੇ-ਉਹ।ਫੁਨਿ-ਭੀ; ਫਿਰ।ਧਰਨੀ-ਧਰਤੀ (ਕਬਰ) ਵਿਚ।ਗਾਡ-ਗੱਡੇ (ਦੱਬੇ) ਜਾਂਦੇ ਹਨ।੩੭।

ਸਾਰ = ਵੱਡੇ ਛੋਟੇ ਅਮੀਰ ਗਰੀਬ ਸਭ ਅੰਤ ਨੂੰ ਧਰਤੀ ਵਿਚ ਮਿਲ ਜਾਂਦੇ ਹਨ।ਇਸ ਲਈ ਦੇਹ ਦਾ ਮਾਣ ਕਿਉਂ ਕਰੀਏ?।੩੭।

ਕਬੀਰ ਗਰਬੁ ਨ ਕੀਜੀਐ, ਊਚਾ ਦੇਖਿ ਅਵਾਸੁ ॥ ਆਜੁ ਕਾਲਿ ਭੁਇ ਲੇਟਣਾ, ਊਪਰਿ ਜਾਮੈ ਘਾਸੁ ॥੩੮॥ ਕਬੀਰ ਜੀ ਆਖਦੇ ਹਨ ਕਿ ਅਪਣਾ ਉਚਾ ਘਰ (ਮਹਿਲ) ਦੇਖ ਕੇ ਹੰਕਾਰ ਨਹੀ ਕਰਨਾ ਚਾਹੀਦਾ।(ਕਿਉਂਕਿ ਮਹਿਲਾਂ ਨੂੰ ਛੱਡ ਕੇ) ਅੱਜ ਜਾਂ ਕਲ੍ਹ ਨੂੰ (ਛੇਤੀ ਹੀ) ਜਮੀਨ ਤੇ ਲੇਟਣਾ ਪੈਣਾ ਹੈ ਅਤੇ ਉਪਰ ਘਾਹ ਜੰਮ ਪਵੇਗਾ (ਮੀਂਹ ਪੈਣ ਤੇ ਕਬਰਾਂ ਤੇ ਘਾਹ ਜੰਮ ਪੈਂਦਾ ਹੈ)।੩੮।

ਗੋਰਾ ਸੇ ਨਿਮਾਣੀਆ, ਬਹਸਨਿ ਰੂਹਾਂ ਮਲਿ। (੧੩੮੨)

ਪਦਾਰਥ = ਗਰਬੁ-ਹੰਕਾਰ।ਅਵਾਸੁ-ਘਰ।ਆਜੁ ਕਾਲਿ-ਅੱਜ ਕਲ੍ਹ ਨੂੰ (ਛੇਤੀ ਹੀ)।ਭੁਇ-ਜਮੀਨ ਵਿਚ।ਜਾਮੈ-ਜੰਮ (ਉਗ) ਪਵੇਗਾ ।ਘਾਸੁ-ਘਾਹ।੩੮।

ਕਬੀਰ ਗਰਬੁ ਨ ਕੀਜੀਐ, ਰੰਕੁ ਨ ਹਸੀਐ ਕੋਇ ॥ ਅਜਹੁ ਸੁ ਨਾਉ ਸਮੁੰਦ੍ਰ ਮਹਿ, ਕਿਆ ਜਾਨਉ ਕਿਆ ਹੋਇ ॥੩੯॥ ਹੇ ਕਬੀਰ! (ਅਪਣੇ ਧਨ ਪਦਾਰਥ ਦਾ) ਹੰਕਾਰ ਨਹੀ ਕਰਨਾ ਚਾਹੀਦਾ, ਤੇ ਕਿਸੇ ਗਰੀਬ ਨੂੰ ਦੇਖ ਕੇ (ਉਸਦੀ ਹਾਲਤ ਉਤੇ) ਹਸਣਾ (ਮਖੌਲ ਕਰਨਾ) ਨਹੀ ਚਾਹੀਦਾ।ਅਜੇ ਤਾਂ ਜੀਵਨ ਦੀ ਬੇੜੀ ਸੰਸਾਰ ਸਾਗਰ ਵਿਚ ਹੀ ਹੈ, ਕੀ ਪਤਾ (ਇਸ ਦਾ ਅੱਗੇ ਹਾਲ) ਕੀ ਹੋਣਾ ਹੈ (ਅਜੇ ਤਾਂ ਜਿੰਦਗੀ ਬਾਕੀ ਹੈ, ਕੀ ਪਤਾ ਅਸੀਂ ਕੰਗਾਲ ਹੋ ਜਾਈਏ, ਧਨ ਹੱਥੋਂ ਜਾਂਦਿਆਂ ਦੇਰ ਨਹੀ ਲਗਦੀ)।੩੯।

ਪਦਾਰਥ = ਗਰਬੁ-ਹੰਕਾਰ।ਨ ਕੀਜੀਐ-ਨਹੀਂ ਕਰਨਾ ਚਾਹੀਦਾ।ਰੰਕੁ-ਕੰਗਾਲ।ਨ ਹਸੀਐ-ਮਖੌਲ ਨਹੀ ਕਰੀਦਾ।ਕੋਇ-ਕਿਸੇ ਨੂੰ। ਅਜਹੁ ਸੁ-ਅਜੇ ਤਾਂ।ਨਾਉ-ਨਾਉਕਾ (ਬੇੜੀ)।ਮਹਿ-ਵਿਚਕਿਆ ਜਾਨਉ-ਕੀ ਜਾਣੀਏ; ਕੀ ਪਤਾ?।੩੯।

ਵਿਆਖਿਆ = ਅਪਣੇ ਵਿਚ ਕਿਸੇ ਚੀਜ ਦਾ ਵਾਧਾ ਦੇਖ ਕੇ ਹੰਕਾਰ ਨਾ ਕਰੋ ਅਤੇ ਦੂਜੇ ਵਿਚ ਘਾਟਾ ਦੇਖ ਕੇ ਹਸਣਾ ਨਹੀ ਚਾਹੀਦਾ।ਕਲ੍ਹ ਨੂੰ ਘਾਟਾ ਵੀ ਪੈ ਸਕਦਾ ਹੈ।ਅਪਣੀ ਉਚੀ ਅਟਾਰੀ ਤੋਂ ਗਰੀਬ ਦੇ ਕੱਚੇ ਕੋਠੇ ਤੇ ਕੂੜਾ ਨਹੀ ਸਿੱਟਣਾ ਚਾਹੀਦਾ, ਕੋਈ ਪਤਾ ਨਹੀ ਅੱਗੋਂ ਸਾਡਾ ਕੀ ਹਾਲ ਹੋਊ।ਸਾਖੀ = ਇਕ ਹੰਕਾਰੀ ਔਰਤ ਭਜਨ ਬੰਦਗੀ ਵਾਲੇ ਸੰਤ ਨੂੰ ਮਖੌਲ ਵਿਚ ਪੁਛਿਆ ਕਰੇ, ਮੇਰੇ ਕੁੱਤੇ ਦੀ ਪੂੰਛ ਚੰਗੀ ਹੈ ਜਾਂ ਤੁਹਾਡਾ ਦਾਹੜਾ।ਸੰਤ ਟਾਲ ਦਿਆ ਕਰਨ,ਫਿਰ ਕਦੇ ਇਸਦਾ ਉਤਰ ਦਿਆਂਗੇ ਕਹਿ ਕੇ ਅਪਣੀ ਕੁਟੀਆ ਵਿਚ ਚਲੇ ਜਾਣ।ਸੰਤ ਜੀ ਦਾ ਅੰਤ ਸਮਾਂ ਆਏ ਤੇ ਸੇਵਕ ਭੇਜ ਕੇ ਔਰਤ ਨੂੰ ਬੁਲਾਇਆ।ਔਰਤ ਦੇ ਆਏ ਤੇ ਸੰਤ ਅਪਣੇ ਦਾਹੜੇ ਤੇ ਹੱਥ ਫੇਰ ਕੇ ਕਹਿਣ ਲੱਗੇ, ਬੀਬੀ! ਅੱਜ ਇਹ ਮੇਰਾ ਦਾਹੜਾ ਤੇਰੇ ਕੁੱਤੇ ਦੀ ਪੂੰਛ ਨਾਲੋਂ ਚੰਗਾ ਹੈ।ਬੀਬੀ ਆਖਣ ਲੱਗੀ ਇਹ ਜਬਾਬ ਤੁਸੀਂ ਪਹਿਲਾਂ

ਕਿਉਂ ਨਾ ਦਿਤਾ? ਸੰਤ ਆਖਣ ਲੱਗੇ, ਜੀਵਨ ਦਾ ਕੋਈ ਭਰੋਸਾ ਨਹੀ,ਆਉਣ ਵਾਲਾ ਸਮਾਂ ਕਿਵੇਂ ਗੁਜਰਨਾ ਹੈ।ਅੱਜ ਮੈਂ ਸੁਰਖਰੂ ਹੋ ਕੇ ਜਾ ਰਿਹਾ ਹਾਂ।ਔਰਤ ਦਾ ਮਨ ਸ਼ਾਂਤ ਹੋ ਗਿਆ ਅਤੇ ਖਿਮਾ ਮੰਗੀ।੩੯।

ਕਬੀਰ ਗਰਬੁ ਨ ਕੀਜੀਐ, ਦੇਹੀ ਦੇਖਿ ਸੁਰੰਗ ॥ ਆਜੁ ਕਾਲਿ ਤਜਿ ਜਾਹੁਗੇ, ਜਿਉ ਕਾਂਚੁਰੀ ਭੁਯੰਗ ॥੪੦॥ ਕਬੀਰ ਜੀ ਸਿੱਖਿਆ ਦੇਂਦੇ ਹਨ (ਕਿ ਹੇ ਭਾਈ!) ਅਪਣੀ ਦੇਹ ਦਾ ਸੋਹਣਾ ਰੂਪ (ਗੋਰਾ ਰੰਗ) ਦੇਖ ਕੇ ਹੰਕਾਰ ਨਹੀ ਕਰਨਾ ਚਾਹੀਦਾ।ਕਿਉਂਕਿ ਅੱਜ ਕਲ (ਛੇਤੀ ਹੀ) ਇਸ ਦੇਹ ਨੂੰ ਛੱਡ ਜਾਵੋਗੇ ਜਿਵੇਂ ਸੱਪ ਕੁੰਜ ਲਾਹ ਕੇ ਛੱਡ ਜਾਂਦਾ ਹੈ।੪੦।

ਪਦਾਰਥ = ਦੇਹੀ-ਸਰੀਰ।ਸੁਰੰਗ-ਸੋਹਣੇ ਰੰਗ ਵਾਲੀ; ਸੁੰਦਰ।ਆਜੁ ਕਾਲਿ-ਅੱਜ ਕਲ੍ਹ (ਛੇਤੀ ਹੀ)।ਤਜਿ ਜਾਹੁਗੇ-ਛਡ ਜਾਓਗੇ। ਕਾਂਚੁਰੀ-ਕੁੰਜ।ਭੁਯੰਗ-ਸੱਪ।੪੦।

ਵਿਆਖਿਆ = ਜਿਵੇਂ ਸੱਪ ਕੁੰਜ ਲਾਹ ਕੇ ਪਿੱਛੇ ਛਡ ਜਾਂਦਾ ਹੈ, ਇਵੇਂ ਮਨੁੱਖ ਦੇਹ ਤਿਆਗ ਜਾਂਦਾ ਹੈ।ਤਾਂ ਤੇ ਦੇਹ ਦੀ ਸੁਹੱਪਣ ਦਾ ਗਰਬ ਕਰਨਾ ਵਿਆਰਥ ਹੈ।੪੦।

ਉਥਾਨਕਾ = ਵਿਰੋਧੀ ਫੌਜ ਸ਼ਹਿਰ ਤੇ ਕਬਜਾ ਕਰਕੇ ਲੋਕਾਂ ਨੂੰ ਲੁੱਟਿਆ ਕਰਦੀ ਹੁੰਦੀ ਸੀ, ਤਾਂ ਹੋਰ ਮਾਰ ਧਾੜ ਕਰਨ ਵਾਲੇ ਵੀ ਅਪਣੇ ਹੱਥ ਰੰਗ ਲਿਆ ਕਰਦੇ ਸਨ।ਬਨਾਰਸ ਵਿਚ ਵੀ ਐਸੀ ਲੁੱਟ ਹੋਈ, ਉਸ ਸਮੇਂ ਦੀ ਹਾਲਤ ਦੇਖ ਕੇ ਕਬੀਰ ਜੀ ਲੁੱਟਣ ਵਾਲਿਆਂ ਨੂੰ ਇਸ ਸਲੋਕ ਰਾਹੀਂ ਸਿਖਿਆ ਦੇਂਦੇ ਹਨ =

ਕਬੀਰ ਲੂਟਨਾ ਹੈ ਤ ਲੂਟ ਲੈ, ਰਾਮ ਨਾਮ ਹੈ ਲੂਟਿ ॥ ਫਿਰਿ ਪਾਛੈ ਪਛੁਤਾਹੁਗੇ, ਪ੍ਰਾਨ ਜਾਹਿਗੇ ਛੂਟਿ ॥੪੧॥ ਹੇ ਕਬੀਰ! (ਮਾਇਆ ਦੀ ਲੁੱਟ ਤੋਂ ਕੀ ਲੈਣਾ ਹੈ) ਸੱਤਸੰਗ ਰੂਪ ਸ਼ਹਿਰ ਵਿਚ ਰਾਮ ਦੇ ਨਾਮ ਦੀ ਲੁੱਟ ਪੈ ਰਹੀ ਹੈ, ਜੇ ਲੁੱਟਣਾ ਹੈ ਤਾਂ (ਜਤਨ ਕਰਕੇ) ਰਾਮ ਦਾ ਨਾਮ ਲੁੱਟ ਲਵੋ।ਜਦੋਂ ਸਰੀਰ ਵਿਚੋਂ ਪ੍ਰਾਣ ਨਿਕਲ ਜਾਣਗੇ, ਫਿਰ ਪਿੱਛੋਂ ਪਛਤਾਓਗੇ (ਉਦੋਂ ਕੁਛ ਹੱਥ ਨਹੀ ਆਉਣਾ)।੪੧।

ਪਦਾਰਥ = ਤ-ਤਾਂ।ਲੂਟ ਲੈ-ਲੁੱਟ ਲੈ।ਛੂਟਿ-ਛੁੱਟ (ਨਿਕਲ) ਜਾਣਗੇ।੪੧।

ਕਬੀਰ ਐਸਾ ਕੋਈ ਨ ਜਨਮਿਓ, ਅਪਨੈ ਘਰਿ ਲਾਵੈ ਆਗਿ ॥ ਪਾਂਚਉ ਲਰਿਕਾ ਜਾਰਿ ਕੈ, ਰਹੈ ਰਾਮ ਲਿਵ ਲਾਗਿ ॥੪੨॥ ਹੇ ਕਬੀਰ! (ਦੁਨੀਆਂ ਵਿਚ) ਕੋਈ ਐਸਾ ਨਹੀ ਜਨਮਿਆ (ਵਿਰਲਾ ਹੀ ਜੰਮਿਆ ਹੈ), ਜਿਹੜਾ ਅਪਣੇ ਹਿਰਦੇ ਰੂਪ ਘਰ ਵਿਚ ਗਿਆਨ ਰੂਪ ਅੱਗ ਲਾ ਦੇਵੇ (ਅਪਣੱਤ ਨੂੰ ਸਾੜ ਦੇਵੇ)।ਤੇ ਪੰਜ ਕਾਮਾਦਿਕ ਲੜਕਿਆਂ ਨੂੰ (ਗਿਆਨ ਰੂਪ ਅੱਗ ਨਾਲ) ਜਲਾ ਕੇ ਵਾਹਿਗੁਰੂ ਵਿਚ ਲਿਵ ਲਾ ਕੇ (ਅਨੰਦ ਵਿਚ ਮਸਤ) ਰਹੇ।੪੨।

ਪਦਾਰਥ = ਘਰਿ-ਹਿਰਦੇ ਨੂੰ।ਆਗਿ-(ਗਿਆਨ ਦੀ) ਅੱਗ।ਪਾਂਚਉ ਲਰਿਕਾ-ਪੰਜ ਮੁੰਡੇ ਕਾਮਾਦਿਕ।ਜਾਰਿ ਕੈ-ਸਾੜ ਕੇ।ਲਿਵ ਲਾਗਿ-ਬ੍ਰਿਤੀ ਜੋੜ ਕੇ।੪੨।

ਵਿਆਖਿਆ = ਕੋਈ ਬਿਰਲਾ ਹੀ ਸਾਧੂ ਹੈ ਜੋ ਕਾਮਾਦਿਕਾਂ ਨੂੰ ਸਾੜ ਕੇ ਹਰੀ ਨਾਲ ਲਿਵ ਜੋੜ ਕੇ ਰਹਿੰਦਾ ਹੈ।੪੨।

ਕੋ ਹੈ ਲਰਿਕਾ ਬੇਚਈ, ਲਰਿਕੀ ਬੇਚੈ ਕੋਇ ॥ ਸਾਝਾ ਕਰੈ ਕਬੀਰ ਸਿਉ, ਹਰਿ ਸੰਗਿ ਬਨਜੁ ਕਰੇਇ ॥੪੩॥ ਕਬੀਰ ਜੀ ਕਹਿੰਦੇ ਹਨ, ਹੇ ਭਾਈ! ਕੋਈ ਹੈ? ਜੋ ਪੁਰਖ ਸੰਤਾਂ ਕੋਲ ਮਨ ਰੂਪ ਲੜਕਾ ਬੇਚ (ਅਰਪਣ ਕਰ) ਦੇਵੇ ਅਤੇ ਐਸਾ ਵੀ ਕੋਈ ਪੁਰਖ ਹੈ? ਜਿਹੜਾ ਅਪਣੀ ਦੇਹ ਨੂੰ ਬੇਚ (ਸੰਤਾਂ ਕੋਲ ਭੇਟ ਕਰ) ਦੇਵੇ।ਕਬੀਰ ਜੀ ਕਹਿੰਦੇ ਹਨ, ਮੇਰੇ ਨਾਲ ਭਗਤੀ ਗਿਆਨ ਰੂਪ ਪੂੰਜੀ ਦੀ ਸਾਂਝ ਕਰਕੇ ਹਰੀ ਰੂਪ ਸ਼ਾਹੂਕਾਰ ਤੋਂ ਅਪਣੀ ਮੁਕਤੀ ਖ਼੍ਰੀਦਣ ਰੂਪ ਵਣਜ ਕਰ ਲਵੇ (ਨਰੋਤਮ)।ਦੂਜਾ ਅਰਥ = ਮੈਨੂੰ ਕੋਈ ਮਨ ਰੂਪ ਲੜਕਾ ਦੇਵੇ ਤਾਂ ਮੈਂ ਬ੍ਰਹਮ ਵਿਦਿਆ ਲੜਕੀ ਉਸਨੂੰ ਅਰਪਣ ਕਰਾਂਗਾ ਅਤੇ ਜੇ ਮੈਨੂੰ ਕੋਈ ਬੁਧੀ ਰੂਪ ਲੜਕੀ ਦੇਵੇ ਤਾਂ ਮੈ ਗਿਆਨ ਰੂਪ ਲੜਕਾ ਦੇ ਕੇ ਉਸ ਨਾਲ ਸਚਾ ਸਬੰਧ ਬਣਾਵਾਂਗਾ (ਭਾ: ਵੀਰ ਸਿੰਘ; ਫ. ਸ.)।ਤੀਜਾ ਅਰਥ = ਕੋਈ ਵਿਰਲਾ ਮਨੁੱਖ ਹੈ, ਜੋ ਮਨ ਰੂਪ ਲੜਕੇ ਨੂੰ ਬੇਚ ਦੇਵੇ ਭਾਵ ਮਨ ਦੇ ਪਿੱਛੇ ਤੁਰਨਾ ਤਿਆਗੇ ਤੇ ਆਸਾ ਤ੍ਰਿਸ਼ਨਾ ਲੜਕੀਆਂ ਨੂੰ ਛੱਡੇ (ਸ਼ਬਦਾਰਥ)।

ਸੰ.ਸ. ਤੇ ਟਕਸਾਲ ਦੇ ਅਰਥ = ਕਬੀਰ ਜੀ ਦਾ ਪੁਤ੍ਰ ਕਮਾਲਾ ਤੇ ਪੁਤ੍ਰੀ ਕਮਾਲੀ ਜਦ ਵਿਆਹੁਣ ਯੋਗ ਹੋ ਗਏ, ਤਾਂ ਕਬੀਰ ਜੀ ਨੇ ਸੋਚਿਆ ਜੇ ਲੜਕਾ ਲੜਕੀ ਲੱਭਣ ਲੱਗੇ ਤਾਂ ਐਵੇਂ ਸਮਾਂ ਕਾਹਨੂੰ ਬਤੀਤ ਕਰਨਾ ਹੈ, ਭਗਤੀ ਵਿਚ ਬਿਘਨ ਪਏਗਾ।ਇਕ ਦਿਨ ਸੰਗਤ ਕਬੀਰ ਜੀ ਕੋਲ ਬਹੁਤ ਜੁੜੀ ਤਾਂ ਕਬੀਰ ਜੀ ਨੇ ਇਹ ਬਚਨ ਸੰਗਤ ਵਿਚ ਕਹਿ ਦਿਤਾਃ- ਹੇ ਪ੍ਰੇਮੀਓ! ਤੁਹਾਡੇ ਵਿਚੋਂ ਕੋਈ ਹੈ ਜੋ ਮੇਰੇ ਪਾਸ ਅਪਣਾ ਲੜਕਾ ਵੇਚੇ (ਲੜਕੇ ਦਾ ਸਾਕ ਕਰਨਾ ਚਾਹੇ) ਤਾਂ ਮੈਂ ਉਸ ਨੂੰ ਅਪਣੀ ਲੜਕੀ ਕਮਾਲੀ ਦੇ ਦੇਂਦਾ ਹਾਂ ਅਤੇ ਜੋ ਕੋਈ ਲੜਕੀ ਬੇਚਣ ਵਾਲਾ ਹੈ (ਲੜਕੀ ਦਾ ਸਾਕ ਕਰਨਾ ਚਾਹੇ) ਤਾਂ ਉਸ ਨੂੰ ਮੈਂ ਅਪਣਾ ਲੜਕਾ ਕਮਾਲਾ ਦੇਂਦਾ ਹਾਂ, ਇਸ ਤਰ੍ਹਾਂ ਆਪਸ ਵਿਚ ਮਿਲ ਕੇ ਸ਼ਾਦੀ ਕਰ ਦੇਂਦੇ ਹਾਂ।ਕਬੀਰ ਜੀ ਆਖਦੇ ਹਨ, ਇਸ ਤਰ੍ਹਾਂ ਦੀ ਸਾਂਝ ਜੋ ਮੇਰੇ ਨਾਲ ਕਰੇਗਾ, ਉਹ ਹਰੀ ਨਾਲ ਬਣਜ ਕਰੇਗਾ ਭਾਵ ਲਾਭ ਉਠਾ ਲਵੇਗਾ।ਕਈ ਲੜਕੀ ਵਾਲਿਆਂ ਤੋਂ ਦਾਜ ਲੈ ਕੇ ਮਾਨੋ ਅਪਣਾ ਪੁਤ੍ਰ ਬੇਚ ਦੇਂਦੇ ਹਨ ਅਤੇ ਕਈ ਲੜਕੀਆਂ ਦਾ ਵੀ ਮੁੱਲ ਵੱਟਦੇ ਹਨ।ਸਾਂਝ ਤਾਂ ਭਗਤਾਂ ਨਾਲ ਕਰਨੀ ਚਾਹੁੰਦੇ ਹਨ ਅਤੇ ਕੁੜੀਆਂ ਮੁੰਡੇ ਬੇਚ ਕੇ ਕਹਿੰਦੇ ਹਨ ਕਿ ਸਾਡਾ ਹਰੀ ਨਾਲ ਬਣਜ ਕਰਾ ਦਿਓ (ਇਸ ਤਰ੍ਹਾਂ ਦੇ ਵਪਾਰੀਆਂ ਦਾ ਭਗਤਾਂ ਨਾਲ ਸਾਂਝ ਅਤੇ ਹਰੀ ਨਾਲ ਬਣਜ ਕਿਵੇਂ ਹੋ ਜਾਊ?)।ਮਨ ਰੂਪ ਲੜਕਾ

ਅਤੇ ਬੁਧੀ ਰੂਪ ਲੜਕੀ ਆਦਿ ਅਰਥ ਟਕਸਾਲ ਤੇ ਸੰ. ਸ. ਨੇ ਵੀ (ਬਾਕੀਆਂ ਵਾਂਗ ਹੀ) ਕੀਤੇ ਹਨ।੪੩। ਕੰਨਿਆ ਦੇਵੈ ਸਿਖ ਕਉ ,ਨਹ ਕਿਛ ਲੇਵੈ ਦਾਮ।(ਰਹਿਤਨਾਮਾ)

ਕਬੀਰ ਇਹ ਚਿਤਾਵਨੀ, ਮਤ ਸਹਸਾ ਰਹਿ ਜਾਇ ॥ ਪਾਛੈ ਭੋਗ ਜੁ ਭੋਗਵੇ, ਤਿਨ ਕੋ ਗੁੜੁ ਲੈ ਖਾਹਿ ॥੪੪॥ ਕਬੀਰ ਜੀ ਆਖਦੇ ਹਨ, ਹੇ ਭਾਈ! ਤੈਨੂੰ ਇਹ ਗੱਲ ਯਾਦ ਕਰਾਉਂਦੇ ਹਾਂ, ਮੱਤਾਂ ਤੇਰੇ ਮਨ ਵਿਚ ਸੰਸਾ ਰਹਿ ਜਾਵੇ (ਕਿ ਮੈਨੂੰ ਕਿਸੇ ਨਹੀ ਸਮਝਾਇਆ ਹੀ ਨਹੀ) ।(ਹਰੀ ਨੂੰ ਭੁਲਾ ਕੇ) ਤੂੰ ਪਿਛੇ ਜਿੰਨੇ ਵੀ ਭੋਗ ਭੋਗੇ ਹਨ, (ਉਨ੍ਹਾਂ ਦੇ ਬਦਲੇ ਹੇ ਪੁਰਖਾ! ਤੂੰ ਬਜਾਰ ਵਿਚੋਂ ਥੋੜਾ ਜਿਹਾ) ਗੁੜ ਤਾਂ ਖਾ ਕੇ ਦਸ (ਭੋਗਾਂ ਦੇ ਬਦਲੇ ਥੋੜਾ ਜਿਹਾ ਗੁੜ ਵੀ ਨਹੀ ਮਿਲ ਸਕਦਾ, ਭੋਗਾਂ ਦੀ ਕੋਈ ਕੀਮਤ ਨਹੀ, ਐਵੇਂ ਬਿਅਰਥ ਭੋਗਾਂ ਵਿਚ ਜੀਵਨ ਬਰਬਾਦ ਕਰ ਦਿਤਾ); ਇਨ੍ਹਾਂ ਭੋਗਾਂ ਬਦਲੇ ਥੋੜਾ ਜਿਹਾ ਗੁੜ ਵੀ ਮੰਗਿਆ ਨਹੀ ਮਿਲਦਾ ਪਰ ਨਾਮ ਜਪਣ ਤੇ ਅਨੇਕਾਂ ਪਦਾਰਥ ਪਿਛੇ ਤੁਰੇ ਫਿਰਦੇ ਹਨ; ਭੋਗਾਂ ਦੀ ਕੁੜੱਤਣ ਦੂਰ ਕਰਨ ਲਈ ਨਾਮ ਰੂਪ ਗੁੜ ਲੈ ਕੇ ਖਾਹ।੪੪।ਬਿਖੈ ਕਉੜਤਣਿ ਸਗਲ ਮਾਹਿ, ਜਗਤਿ ਰਹੀ ਲਪਟਾਇ।ਨਾਨਕ ਜਨਿ ਵੀਚਾਰਿਆ, ਮੀਠਾ ਹਰਿ ਕਾ ਨਾਉ। (੩੨੦)

ਪਦਾਰਥ = ਚਿਤਾਵਨੀ-ਯਾਦ ਕਰਾਉਂਦਾ ਹਾਂ।ਮਤ-ਮੱਤਾਂ; ਕਿਤੇ।ਸਹਸਾ-ਸੰਸਾ; ਭਰਮ।ਪਾਛੈ-ਪਿੱਛੇ (ਬੀਤ ਚੁੱਕੇ ਜੀਵਨ ਵਿਚ)।੪੪।

ਕਬੀਰ ਮੈ ਜਾਨਿਓ ਪੜਿਬੋ ਭਲੋ, ਪੜਿਬੇ ਸਿਉ ਭਲ ਜੋਗੁ ॥ ਭਗਤਿ ਨ ਛਾਡਉ ਰਾਮ ਕੀ, ਭਾਵੈ ਨਿੰਦਉ ਲੋਗੁ ॥੪੫॥ ਕਬੀਰ ਜੀ ਆਖਦੇ ਹਨ, ਪਹਿਲਾਂ ਮੈਂ ਜਾਣਿਆ ਸੀ ਕਿ (ਵਿਦਿਆ ਦਾ) ਪੜ੍ਹਨਾ ਚੰਗਾ ਹੈ (ਜਦ ਮੈਂ ਦੇਖਿਆ ਕਿ ਪੜ੍ਹੇ ਹੋਏ ਬਹਿਸਾਂ ਬਹੁਤ ਕਰਦੇ ਹਨ ਤੇ ਵਿਦਿਆ ਪੜ੍ਹੀ ਦਾ ਹੰਕਾਰ ਹੋ ਜਾਂਦਾ ਹੈ, ਫਿਰ ਫੁਰਨਾ ਉਠਿਆ) ਪੜ੍ਹਨ ਨਾਲੋਂ ਜੋਗ ਚੰਗਾ ਹੈ।(ਹੁਣ ਮੈਨੂੰ ਗੁਰੂ ਤੋਂ ਗਿਆਨ ਮਿਲਿਆ ਹੈ, ਸਭ ਤੋਂ ਭਗਤੀ ਚੰਗੀ ਹੈ, ਇਸ ਲਈ) ਭਾਵੇਂ ਲੋਕ ਮੈਨੂੰ (ਅਨਪੜ੍ਹ ਜੁਲਾਹਾ ਕਹਿ ਕੇ) ਨਿੰਦੀ ਜਾਣ ਪਰ ਮੈ ਹਰੀ ਦੀ ਭਗਤੀ ਕਰਨੀ ਨਹੀ ਛਡਾਂਗਾ (ਭਗਤੀ ਦਾ ਅਨੰਦ ਅਤੇ ਫਲ ਸਭ ਤੋਂ ਅਧਿਕ ਹੈ)।੪੫।

ਪਦਾਰਥ = ਪੜਿਬੋ ਭਲੋ-ਪੜ੍ਹਨਾ ਚੰਗਾ ਹੈ।ਪੜਿਬੇ ਸਿਉ-ਪੜ੍ਹਨ ਨਾਲੋਂ।ਜੋਗ-ਜੋਗੀਆਂ ਦਾ ਮੱਤ।ਭਾਵੈ-ਭਾਵੇਂ; ਬੇਸ਼ੱਕ।੪੫।

ਵਿਆਖਿਆ = ਸੰਸਾਰ ਵਿਚ ਪੜ੍ਹਨਾ ਲਾਭਵੰਦ ਹੈ, ਪੜ੍ਹਨ ਨਾਲੋ ਜੋਗ, ਪਰ ਜੋਗ ਤੋਂ ਵੀ ਸ੍ਰੇਸਟ ਨਾਮ ਸਿਮਰਨ ਹੈ।ਲੋਕ ਅਨਪੜ੍ਹਤਾ ਨੂੰ ਚੰਗਾ ਵੀ ਨਹੀ ਸਮਝਦੇ ਅਤੇ ਜੋਗੀਆਂ ਦੀਆਂ ਕਰਾਮਾਤਾਂ ਦੇਖ ਕੇ ਪ੍ਰਭਾਵਿਤ ਵੀ ਹੁੰਦੇ ਹਨ।ਪਰ ਇਨ੍ਹਾਂ ਸਭ ਦਾ ਮਨ ਵਿਚ ਹੰਕਾਰ ਆ ਜਾਂਦਾ ਹੈ।ਪੜ੍ਹਨਾ ਤੇ ਜੋਗ ਤਾਂ ਚੰਗਾ ਹੈ ਜੇ ਭਜਨ ਵੀ ਕੀਤਾ ਜਾਵੇ, ਭਜਨ ਬਿਨਾ ਜੀਵਨ ਸਫਲ ਨਹੀ।੪੫।

ਕਬੀਰ ਲੋਗੁ ਕਿ ਨਿੰਦੈ ਬਪੁੜਾ, ਜਿਹ ਮਨਿ ਨਾਹੀ ਗਿਆਨੁ ॥ ਰਾਮ ਕਬੀਰਾ ਰਵਿ ਰਹੇ, ਅਵਰ ਤਜੇ ਸਭ ਕਾਮ ॥੪੬॥ ਕਬੀਰ ਜੀ ਕਹਿੰਦੇ ਹਨ ਕਿ ਇਹ ਬਿਚਾਰਾ ਲੋਕ (ਸੰਸਾਰ) ਮੇਰੀ ਕੀ ਨਿੰਦਿਆ ਕਰੇਗਾ? ਜਿਸ ਦੇ ਮਨ ਵਿਚ (ਹਰੀ ਦੀ ਭਗਤੀ ਦਾ) ਗਿਆਨ ਹੀ ਨਹੀਂ ਹੈ (ਨਿੰਦਿਆ ਨਾਲ ਮੇਰਾ ਕੁਛ ਨਹੀ ਵਿਗੜਨਾ)।ਕਬੀਰ ਜੀ ਕਹਿੰਦੇ ਹਨ, ਮੈਂ ਤਾਂ ਰਾਮ ਨੂੰ ਜਪ ਰਿਹਾ ਹਾਂ, ਹੋਰ ਸਾਰੇ ਕੰਮ (ਕਰਮ ਕਾਂਡ) ਛੱਡ ਦਿਤੇ ਹਨ।੪੬।

ਪਦਾਰਥ = ਲੋਗੁ-ਸੰਸਾਰ।ਕਿ-ਕੀ।ਬਪੁੜਾ-ਬਿਚਾਰਾ।ਜਿਹ ਮਨਿ-ਜਿਸ ਦੇ ਮਨ ਵਿਚ।ਰਵਿ ਰਹੇ-ਜਪ ਰਿਹਾ ਹਾਂ।ਅਵਰ-ਹੋਰ। ਤਜੇ-ਛਡ ਦਿਤੇ ਹਨ।ਕਾਮ-ਕਰਮ ਕਾਂਡ।੪੬।

ਵਿਆਖਿਆ = ਲੋਕਾਂ ਨੂੰ ਪਤਾ ਹੀ ਨਹੀ, ਕਿਹੜੀ ਚੀਜ ਨਿੰਦਣ ਯੋਗ ਹੈ, ਕਿਹੜੀ ਨਹੀ।ਇਸ ਕਰਕੇ ਕਬੀਰ ਜੀ ਨੂੰ ਲੋਕਾਂ ਦੀ ਨਿੰਦਿਆ ਦੀ ਪ੍ਰਵਾਹ ਨਹੀ।ਮੇਰੇ ਕੋਲ ਨਾਮ ਜਪਣ ਤੋਂ ਹੀ ਵੇਹਲ ਨਹੀ, ਐਵੇਂ ਲੋਕਾਂ ਦੀ ਨਿੰਦਿਆ ਜਾਂ ਉਸਤਤੀ ਵਿਚ ਧਿਆਨ ਦੇ ਕੇ ਸਮਾਂ ਕਿਉਂ ਬਰਬਾਦ ਕਰਾਂ?।੪੬।

ਕਬੀਰ ਪਰਦੇਸੀ ਕੈ ਘਾਘਰੈ, ਚਹੁ ਦਿਸਿ ਲਾਗੀ ਆਗਿ ॥ ਖਿੰਥਾ ਜਲਿ ਕੋਇਲਾ ਭਈ, ਤਾਗੇ ਆਂਚ ਨ ਲਾਗ ॥੪੭॥ ਹੇ ਕਬੀਰ! ਪ੍ਰਦੇਸੀ ਮਨੁੱਖ ਦੇ ਸਰੀਰ ਰੂਪ ਚੋਲੇ ਨੂੰ ਚਾਰੇ ਪਾਸਿਉਂ (ਕਾਲ ਰੂਪ) ਅੱਗ ਲਗੀ ਹੋਈ ਹੈ।(ਉਸ ਅੱਗ ਨਾਲ) ਸਰੀਰ ਤਾਂ ਸੜ ਕੇ ਕੋਇਲਾ (ਸੁਆਹ) ਹੋ ਗਿਆ, ਪਰ ਜੀਵਾਤਮਾ ਨੂੰ ਕਾਲ ਰੂਪ ਅੱਗ ਦਾ ਸੇਕ ਨਹੀ ਲੱਗਿਆ।੪੭।

ਪਦਾਰਥ = ਪਰਦੇਸੀ-ਮਨੁੱਖ ਜਗਤ ਵਿਚ ਮਹਿਮਾਨ ਵਾਂਗ ਹੈ।ਘਾਘਰੈ-ਘੱਗਰਾ (ਲਹਿੰਗਾ) ਬੀਬੀਆਂ ਦੇ ਲੱਕ ਦੁਆਲੇ ਬੰਨ੍ਹਿਆ ਬਹੁਤ ਵਲਾਂ ਵਾਲਾ ਬਸਤ੍ਰ ,ਇਥੇ ਘੱਗਰੇ ਵਾਂਗ ਪਹਿਨਿਆ ਬਹੁਤ ਲੰਬਾ ਚੌੜਾ ਚੋਲਾ (ਸਰੀਰ ਰੂਪ ਚੋਲਾ)।ਆਗਿ-ਕਾਲ ਦੀ ਅੱਗ।ਖਿੰਥਾ-ਸਰੀਰ ਰੂਪ ਗੋਦੜੀ।ਕੋਇਲਾ-ਕੋਲੇ ਭਾਵ ਸੁਆਹ।ਤਾਗੇ-ਚੇਤਨ ਸੱਤਾ (ਜੀਵਾਤਮਾ)।ਆਂਚ-ਸੇਕ।੪੭।

ਕਬੀਰ ਖਿੰਥਾ ਜਲਿ ਕੋਇਲਾ ਭਈ, ਖਾਪਰ ਫੂਟ ਮਫੂਟ ॥ ਹੇ ਕਬੀਰ! ਦੇਹ ਰੂਪ ਗੋਦੜੀ ਸੜ ਕੇ ਕੋਲਾ (ਸੁਆਹ) ਹੋ ਗਈ, ਸਿਰ ਦਾ ਖੋਪਰ ਟੁੱਟ ਫੁੱਟ ਗਿਆ ਵ ਹੱਡੀ ਹੱਡੀ ਹੋ ਗਿਆ ਜਾਂ ਖਾਪਰ ਜਿਸ ਨੂੰ ਅਫੁੱਟ ਮੰਨਿਅ ਹੋਇਆ ਸੀ, ਫੁੱਟ (ਮਰ) ਗਿਆ।

ਅੰਗ ੧੩੬੭ = ਜੋਗੀ ਬਪੁੜਾ ਖੇਲਿਓ, ਆਸਨਿ ਰਹੀ ਬਿਭੂਤਿ ॥੪੯॥ ਬਿਚਾਰਾ ਮਨੁਖ ਰੂਪ ਜੋਗੀ (ਚਾਰ ਦਿਨ) ਖੇਲ ਕੇ ਚਲਾ ਗਿਆ, ਬੈਠਣ ਵਾਲੀ ਥਾਂ ਤੇ ਸੁਆਹ ਬਾਕੀ ਰਹਿ ਗਈ (ਜੀਵਾਤਮਾ ਨਿਕਲ ਗਿਆ, ਪਿੱਛੇ ਸਰੀਰ ਮਿੱਟੀ ਦੀ ਢੇਰੀ ਪਿਆ ਰਿਹਾ); ਜੋ ਲੋਕਾਂ ਦੇ ਧਨ ਪਦਾਰਥ ਚੜ੍ਹਾਏ ਸਨ, ਉਹ ਆਸਣ ਹੇਠ ਦੱਬੇ ਹੀ ਰਹਿ ਗਏ (ਨਾਲ ਨਹੀ ਗਏ)।

ਦੂਜਾ ਅਰਥ = ਹਿਰਦੇ ਰੂਪ ਆਸਣ ਵਿਚ ਬਿਭੂਤੀ (ਮਾਇਆ) ਦੀ ਇੱਛਾ ਬਣੀ ਰਹੀ, ਇਸ ਕਰਕੇ ਬਿਚਾਰਾ ਜੀਵ ਰੂਪ ਜੋਗੀ (ਵਾਸ਼ਨਾ ਅਧੀਨ ਹੋਣ ਕਰਕੇ) ਕਿਸੇ ਹੋਰ ਜੂਨ ਵਿਚ ਜਾ ਖੇਡਿਆ (ਵਾਸ਼ਨਾ ਦਾ ਬੱਧਾ ਜੀਵ ਚੁਰਾਸੀ ਵਿਚ ਜੰਮਦਾ ਮਰਦਾ ਰਹਿੰਦਾ ਹੈ)।੪੯।

ਪਦਾਰਥ = ਖਿਥਾ-ਗੋਦੜੀ ਰੂਪ ਦੇਹ।ਜਲਿ-ਸੜ ਕੇ।ਕੋਇਲਾ-ਲੱਕੜੀ ਸੜ ਕੇ ਕੋਲਾ ਬਣ ਜਾਂਦੀ ਹੈ, ਇਵੇਂ ਸਰੀਰ ਸੜ ਕੇ ਕੋਲਾ ਭਾਵ ਸੁਆਹ ਹੋ ਗਿਆ।ਖਾਪਰ-ਸਿਰ ਦੀ ਖੋਪੜੀ (ਦਸਮ ਦੁਆਰ) ਜਿਸ ਨੂੰ ਫੁੱਟਣ ਰਹਿਤ ਮੰਨਦਾ ਸੀ।ਫੂਟ-ਫੁੱਟ ਗਿਆ।ਮਫੂਟ-ਫੁੱਟਣ ਰਹਿਤ; ਫੂਟ ਮਫੂਟ-ਚੂਰ ਚੂਰ; ਟੋਟੇ ਟੋਟੇ।ਬਪੁੜਾ-ਬਿਚਾਰਾ।ਖੇਲਿਓ-ਖੇਲ ਗਿਆ (ਜੀਵਨ ਬਤੀਤ ਕਰਕੇ ਮਰ ਗਿਆ)। ਆਸਨਿ-ਬੈਠਣ ਵਾਲੀ ਥਾਂ।ਬਿਭੂਤਿ-ਸੁਆਹ; ਧੂਣੀਆਂ (ਜੋ ਲਾਉਂਦਾ ਸੀ); ਧਨ ਪਦਾਰਥ।੪੯।

ਵਿਆਖਿਆ = ਜੋਗੀ ਦਾ ਆਸਣ, ਧੂਣੀਆਂ ਜਾਂ ਧਨ ਪਦਾਰਥ ਸਭ ਇਥੇ ਹੀ ਰਹਿ ਗਏ।ਕਾਨ੍ਹਾ ਜੋਗੀ ਜੋ ਗੁਰੂ ਅਰਜਨ ਦੇਵ ਜੀ ਨੂੰ ਮੁਗਲਾਂ ਹੱਥੋਂ ਸ਼ਹੀਦ ਹੋਣ ਦਾ ਸਰਾਪ ਦੇ ਗਿਆ ਸੀ।ਗੁਰੂ ਜੀ ਨੇ ਕਿਹਾ, ਤੂੰ ਵੀ ਲਹੌਰ ਨਹੀ ਪੁਜ ਸਕੇਂਗਾ।ਕਾਨ੍ਹਾ ਕਹਿੰਦਾ ਮੈਂ ਸੁਆਸ ਦਸਮ ਦ੍ਵਾਰ ਚੜ੍ਹਾ ਲਵਾਂਗਾ।ਗੁਰੂ ਜੀ ਕਹਿੰਦੇ, ਪਹਿਲਾਂ ਤੇਰਾ ਸਿਰ ਹੀ ਫੁੱਟੇਗਾ।ਹਨ੍ਹੇਰੀ ਨਾਲ ਉਪਰ ਦਰੱਖਤ ਡਿਗ ਕੇ ਕਾਨ੍ਹੇ ਦਾ ਸਿਰ ਫੁੱਟ ਗਿਆ। ਜੀਵਾਤਮਾ ਸਰੀਰ ਨੂੰ ਛੱਡ ਕੇ ਚਲੇ ਗਿਆ, ਪਿੱਛੇ ਸਿਰਫ ਸੁਆਹ ਦੀ ਢੇਰੀ ਰਹਿ ਗਈ।੪੮।

ਕਬੀਰ ਥੋਰੈ ਜਲਿ ਮਾਛੁਲੀ, ਝੀਵਰਿ ਮੇਲਿਓ ਜਾਲੁ ॥ ਇਹ ਟੋਘਨੈ ਨ ਛੂਟਸਹਿ, ਫਿਰਿ ਕਰਿ ਸਮੁੰਦੁ ਸਮਾਲਿ ॥੪੯॥ (ਇਕ ਤਲਾਬ ਤੇ ਕਿਸੇ ਝਿਉਰ ਨੂੰ ਮੱਛੀਆਂ ਫੜਦੇ ਨੂੰ ਦੇਖ ਕੇ ਉਚਾਰਦੇ ਹਨ) ਕਬੀਰ ਜੀ ਆਖਦੇ ਹਨ, ਹੇ ਮੱਛੀ! ਥੋੜੇ ਪਾਣੀ ਵਿਚ ਰਹਿਣ ਕਰਕੇ ਤੈਨੂੰ ਝਿਉਰ ਨੇ ਜਾਲ ਵਿਚ ਪਾਇਆ (ਫਸਾ ਲਿਆ) ਹੈ।ਇਨ੍ਹਾਂ ਟੋਇਆਂ ਵਿਚ ਰਹਿਣ ਨਾਲ ਤੂੰ (ਜਾਲ ਵਿਚ ਫਸਣ ਤੋਂ) ਬਚ ਨਹੀ ਸਕੇਂਗੀ, ਫੇਰ ਮੁੜ ਕਰਕੇ ਸਮੁੰਦਰ ਨੂੰ ਸੰਭਾਲ (ਸਮੁੰਦਰ ਵਿਚ ਰਿਹਾ ਕਰ, ਜਿਥੇ ਤੇਰਾ ਜੀਵਨ ਹੈ)।੪੯।

ਅੰਤ੍ਰੀਵ ਭਾਵ-ਤੁੱਛ ਪਦਾਰਥਾਂ ਰੂਪ ਪਾਣੀ ਵਿਚ (ਰਹਿਣ ਕਰਕੇ) ਜੀਵ ਰੂਪ ਮੱਛੀ ਨੂੰ ਜਮ ਰੂਪ ਝਿਉਰ ਨੇ ਮੌਤ ਰੂਪ ਜਾਲ ਵਿਚ ਫਸਾ ਲਿਆ ਹੈ।ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਕੇ ਜਮਾਂ ਦੇ ਜਾਲ ਵਿਚ ਫਸਣ ਤੋਂ ਨਹੀ ਬਚ ਸਕੀਦਾ, ਇਨ੍ਹਾਂ ਦੀ ਸੇਵਾ ਤੋਂ ਹਟ ਕੇ ਹਰੀ ਰੂਪ ਸਾਗਰ ਦੀ ਸੰਭਾਲ ਕਰ (ਹਰੀ ਭਜਨ ਕਰਕੇ ਜਮਾਂ ਤੋਂ ਬਚੇਂਗਾ)।

ਪਦਾਰਥ = ਥੋਰੈ ਜਲਿ-ਥੋੜੇ ਪਾਣੀ ਵਿਚ।ਮੇਲਿਓ-ਪਾਇਆ; ਫਸਾ ਲਿਆ।ਟੋਘਨੈ-ਟੋਇਆਂ ਵਿਚੋਂ (ਦੇਵੀ ਦੇਵਤੇ ਤੇ ਨਕਲੀ ਗੁਰੂ ਕੋਲ ਜਾਣ ਨਾਲ)।ਨਹ ਛੂਟਸਹਿ-ਨਹੀਂ ਛੁਟ ਸਕੇਂਗੀ।ਫਿਰਿ ਕਰਿ-ਮੁੜ ਕਰਕੇ।ਸਮਾਲਿ-ਸੰਭਾਲ।੪੯।

ਵਿਆਖਿਆ = ਥੋੜੇ ਪਾਣੀ ਵਿਚ ਮੱਛੀ ਛੇਤੀ ਫਸ ਜਾਂਦੀ ਹੈ।ਸਮੁੰਦਰ ਵਿਚ ਰਹਿੰਦੀ ਮੱਛੀ ਅਜਾਦੀ ਨਾਲ ਰਹਿੰਦੀ ਹੈ ਅਤੇ ਡੂੰਘੇ ਸਮੁੰਦਰ ਵਿਚੋਂ ਮੱਛੀ ਨੂੰ ਫੜਨਾ ਅਸੰਭਵ ਹੈ।ਇਸੇ ਤਰ੍ਹਾਂ ਜੋ ਮਨੁੱਖ ਇਕ ਮਹਾਨ ਹਰੀ ਨੂੰ ਛੱਡ ਦੇਵੀ ਦੇਵਤਿਆਂ ਨੂੰ ਸੇਂਵਦੇ ਹਨ, ਉਹ ਜਮਾਂ ਤੋਂ ਬਚ ਨਹੀ ਸਕਦੇ।੪੯। ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ।(੪੫੭)

ਕਬੀਰ ਸਮੁੰਦੁ ਨ ਛੋਡੀਐ, ਜਉ ਅਤਿ ਖਾਰੋ ਹੋਇ ॥ ਪੋਖਰਿ ਪੋਖਰਿ ਢੂਢਤੇ, ਭਲੋ ਨ ਕਹਹਿ ਕੋਇ ॥੫੦॥ ਕਬੀਰ ਜੀ ਆਖਦੇ ਹਨ, ਹਰੀ ਰੂਪ ਸਮੁੰਦਰ ਨੂੰ ਨਹੀ ਛਡਣਾ ਚਾਹੀਦਾ, ਜੇ ਬਹੁਤ ਖਾਰਾ ਵੀ ਹੋਵੇ (ਹਰੀ ਭਜਨ ਕਰਦਿਆਂ ਚਾਹੇ ਤਕਲੀਫਾਂ ਵੀ ਮਿਲਣ।ਹਰੀ ਦਾ ਆਸਰਾ ਛੱਡ ਕੇ) ਦੇਵੀ ਦੇਵਤਿਆਂ ਰੂਪ ਛੱਪੜ ਭਾਲਣ ਤੇ ਕੋਈ (ਗਿਆਨ ਵਾਨ) ਤੁਹਾਨੂੰ ਭਲਾ ਨਹੀ ਕਹੇਗਾ।੫੦।

ਪਦਾਰਥ = ਸਮੁੰਦੁ-ਹਰੀ ਰੂਪ ਸਮੁੰਦਰ।ਜਉ-ਜੇ; ਭਾਵੇਂ।ਅਤਿ-ਬਹੁਤ।ਖਾਰੋ-ਦੁੱਖ; ਭੋਗਾਂ ਦਾ ਅਨੰਦ ਛੱਡਣ ਰੂਪ ਖਾਰਾਪਣ; ਭਾਣਾ ਮੰਨਣ ਰੂਪ ਖਾਰਾਪਣ।ਪੋਖਰਿ-ਛੱਪੜ; ਆਨ ਦੇਵਾਂ ਦੀ ਸੇਵਾ ਰੂਪ ਛੱਪੜ।ਭਲੋ-ਚੰਗਾ।੫੦।

ਕਬੀਰ ਨਿਗੁਸਾਂਏਂ ਬਹਿ ਗਏ, ਥਾਂਘੀ ਨਾਹੀ ਕੋਇ ॥ ਦੀਨ ਗਰੀਬੀ ਆਪੁਨੀ, ਕਰਤੇ ਹੋਇ ਸੁ ਹੋਇ ॥੫੧॥ ਕਬੀਰ ਜੀ ਆਖਦੇ ਹਨ, ਨਿਗੁਰੇ ਪੁਰਖ ਸੰਸਾਰ ਰੂਪ ਦਰਿਆ (ਦੇ ਪ੍ਰਵਾਹ) ਵਿਚ ਰੁੜ੍ਹ ਗਏ, ਉਨ੍ਹਾਂ ਨੂੰ (ਰੁੜ੍ਹੇ ਜਾਂਦਿਆ ਨੂੰ) ਬਚਾਉਣ ਵਾਲਾ ਕੋਈ ਮਲਾਹ ਨਹੀਂ ਹੈ।(ਬਹੁਤੀਆ ਸਿਆਣਪਾਂ ਛੱਡ ਕੇ ਜਿਸ ਪੁਰਖ ਨੇ) ਅਪਣੇ ਧਰਮ ਅਤੇ ਗਰੀਬੀ ਵਿਚ ਰਹਿ ਕੇ (ਗੁਰੂ ਦਾ ਆਸਰਾ ਲਿਆ ਹੈ, ਉਸ ਦੀ ਨਜਰ ਵਿਚ) ਕਰਤਾਰ ਵਲੋਂ ਜੋ ਹੋਣਾ ਹੈ ਸੋ ਹੁੰਦਾ ਰਹਿੰਦਾ ਹੈ (ਉਸਦੇ ਭਾਣੇ ਵਿਚ ਪ੍ਰਸੰਨ ਰਹਿੰਦਾ ਹੈ)।੫੧।

ਪਦਾਰਥ = ਨਿਗੁਸਾਂਏਂ-(ਨਿ-ਗੁਸਾਂਏ ਬੋਲੋ) ਨਿਖਸਮੇ (ਜਿਨ੍ਹਾਂ ਦਾ ਕੋਈ ਖਸਮ ਗੁਸਾਂਈ ਨਹੀ ਭਾਵ ਨਿਗੁਰੇ)।ਬਹਿ ਗਏ-ਰੁੜ੍ਹ ਗਏ। ਥਾਂਘੀ-ਮਲਾਹ; ਰਸਤੇ ਪਾਉਣ ਵਾਲਾ ਗੁਰੂ; ਰਖਿਅਕ; ਸਮੁੰਦਰ ਦੇ ਰਸਤੇ ਦਾ ਭੇਤੀ।ਦੀਨ-ਧਰਮ; ਦੇਣਾ।ਕਰਤੇ-ਕਰਤਾਰ ਵੱਲੋਂ।ਸੁ ਹੋਇ-ਉਹ ਹੁੰਦਾ ਰਹਿੰਦਾ ਹੈ।੫੧।

ਵਿਆਖਿਆ = ਸੰਸਾਰ ਸਮੁੰਦਰ ਦੇ ਜਨਮ ਮਰਨ ਰੂਪ ਪ੍ਰਵਾਹ ਵਿਚ ਨਿਗੁਰੇ ਪੁਰਖ ਰੁੜ੍ਹਦੇ ਰਹਿੰਦੇ ਹਨ, ਕਿਉਂਕਿ ਉਨ੍ਹਾਂ ਨੂੰ ਬਚਾਉਣ ਵਾਲਾ ਕੋਈ ਨਹੀ।ਜੋ ਮਨੁੱਖ ਹਰੀ ਦੀ ਸ਼ਰਣ ਪੈ ਕੇ ਧਰਮ, ਨਿਮ੍ਰਤਾ ਆਦਿ ਗੁਣ ਧਾਰਦੇ ਹਨ, ਉਹ ਸੰਸਾਰ ਦੇ ਗੋਤਿਆ ਤੋਂ ਬਚੇ ਰਹਿੰਦੇ ਹਨ।ਹਰੀ ਜੋ ਕਰਦਾ ਹੈ, ਉਹ ਹੀ ਹੋਣਾ ਹੈ, ਇਸ ਤਰ੍ਹਾਂ ਭਾਣੇ ਵਿਚ ਰਹਿ ਕੇ ਨਿਸਚਿੰਤ ਰਹਿੰਦੇ ਹਨ।੫੧।

ਕਬੀਰ ਬੈਸਨਉ ਕੀ ਕੂਕਰਿ ਭਲੀ, ਸਾਕਤ ਕੀ ਬੁਰੀ ਮਾਇ ॥ ਓਹ ਨਿਤ ਸੁਨੈ ਹਰਿ ਨਾਮ ਜਸੁ, ਉਹ ਪਾਪ ਬਿਸਾਹਨ ਜਾਇ ॥੫੨॥ ਹੇ ਕਬੀਰ! ਪ੍ਰਭੂ ਭਗਤ ਦੀ ਕੁੱਤੀ ਚੰਗੀ (ਭਾਗਾਂ ਵਾਲੀ) ਹੈ ਤੇ ਸਾਕਤ ਦੀ ਮਾਂ ਬੁਰੀ (ਮੰਦ ਭਾਗਣ) ਹੈ।(ਕਿਉਂਕਿ) ਉਹ ਕੁੱਤੀ (ਭਗਤ

ਕੋਲ ਰਹਿ ਕੇ) ਨਿਤ ਨਾਮ ਅਤੇ ਹਰੀ ਜਸ ਸੁਣਦੀ ਹੈ, (ਸਾਕਤ ਦੀ ਮਾਂ ਬੁਰੀ ਇਸ ਕਰਕੇ ਹੈ, ਕਿਉਂਕਿ) ਉਹ ਪਾਪ ਖ੍ਰੀਦਣ ਜਾਂਦੀ ਹੈ ;ਸਾਕਤ ਦੀ ਮਾਂ ਸਾਕਤ ਨੂੰ ਪਾਪ ਕਰਨ ਲਈ ਪ੍ਰੇਰਦੀ ਹੈ, ਇਸ ਲਈ ਬੁਰੀ ਹੈ (ਮੇਰਾ ਖਿਆਲ)।੫੨।

ਪਦਾਰਥ = ਬੈਸਨਉ-ਹਰੀ ਦਾ ਭਗਤ।ਕੂਕਰਿ-ਕੁੱਤੀ।ਸਾਕਤ-ਰੱਬ ਤੋਂ ਬੇ ਮੁਖ।ਬਿਸਾਹਨ ਜਾਇ-ਖ੍ਰੀਦਣ ਜਾਂਦੀ ਹੈ।੫੨।

ਵਿਆਖਿਆ = ਕੁੱਤਾ ਸ਼ਿਕਾਰੀ ਕੋਲ ਰਹਿ ਕੇ ਸ਼ਿਕਾਰ ਕਰਦਾ ਹੈ, ਕੁੱਤਾ ਘਰ ਦੀ ਰਾਖੀ ਵੀ ਕਰਦਾ ਹੈ, ਚੋਰਾਂ ਦੇ ਕੁੱਤੇ ਚੋਰੀ ਕਰਨ ਸਿਖਾਏ ਹੁੰਦੇ ਹਨ।ਪੁਲਸ ਦੇ ਕੁੱਤੇ ਚੋਰਾਂ ਨੂੰ ਫੜਨ ਸਿਖਾਏ ਹੁੰਦੇ ਹਨ।ਬੰਦਾ ਵੀ ਜਿਸ ਤਰ੍ਹਾਂ ਦੀ ਸੰਗਤ ਕਰਦਾ ਹੈ, ਵੈਸਾ ਹੀ ਬਣ ਜਾਂਦਾ ਹੈ।ਮੈਂ ਇਕ ਕੁੱਤਾ ਦੇਖਿਆ, ਗੁਰਦੁਆਰੇ ਦੇ ਬਾਹਰ ਬੂਹੇ ਤੇ ਆ ਕੇ ਬੈਠ ਜਾਇਆ ਕਰੇ।ਭੋਗ ਪਏ ਤੇ ਪ੍ਰਸ਼ਾਦ ਛਕ ਕੇ ਜਾਂਦਾ ਸੀ।ਸਾਖੀ = ਇਕ ਮਾਂ ਅਪਣੇ ਪੁੱਤ ਤੋਂ ਡਾਕੇ ਮਰਵਾ ਕੇ ਟੱਬਰ ਦਾ ਗੁਜਾਰਾ ਚਲਾਇਆ ਕਰੇ।ਪੁੱਤ ਰਸਤੇ ਜਾਂਦੇ ਨੂੰ ਮਾਰ ਕੇ ਕਪੜੇ ਫੋਲ ਕੇ ਜੋ ਕੁਛ ਮਿਲੇ ਲਿਆ ਕੇ ਮਾਂ ਨੂੰ ਦੇ ਦੇਂਦਾ।ਇਕ ਦਿਨ ਅਤੀ ਸੁੰਦਰ ਲੜਕਾ ਇਸ ਦੇ ਹੱਥੋਂ ਮਾਰਿਆ ਗਿਆ, ਪਰ ਮਾਰੇ ਗਏ ਦੇ ਬਸਤ੍ਰਾਂ ਵਿਚੋਂ ਨਿਕਲੀ ਇਕ ਚੁਆਨੀ।ਡਾਕੂ ਦਾ ਮਨ ਬੜਾ ਉਦਾਸ ਹੋਇਆ ਕਿ ਇਕ ਚੁਆਨੀ ਖਾਤਰ ਕਿੰਨਾ ਸੋਹਣਾ ਮੁੰਡਾ ਮਾਰ ਦਿਤਾ।ਮਾਂ ਨੂੰ ਕਹਿੰਦਾ ਅਜ ਤੋਂ ਰਾਹ ਮਾਰਨੇ ਬੰਦ ਅਤੇ ਸਾਰੀ ਬੀਤੀ ਸੁਣਾ ਦਿਤੀ।ਮਾਂ ਨੇ ਚੁਆਨੀ ਦੀਆਂ ਮੱਛੀਆਂ ਲਿਆ ਕੇ ਸਾਰੇ ਟੱਬਰ ਨੂੰ ਖਾਣਾ ਖੁਆਇਆ ਅਤੇ ਆਖਿਆ ਝੀਵਰ ਰੋਜ ਮੱਛੀਆਂ ਫੜ ਕੇ ਬੇਚਦਾ ਹੈ, ਕਿੰਨਾ ਪਾਪ ਕਰਦਾ ਹੈ।ਤੂੰ ਇਕ ਨੂੰ ਮਾਰ ਕੇ ਉਦਾਸ ਹੋਇਆ ਬੈਠਾ ਹੈਂ, ਇਹ ਕਹਿ ਕੇ ਫਿਰ ਮਾਰ ਧਾੜ ਵਿਚ ਪੁੱਤ ਨੂੰ ਲਗਾ ਦਿਤਾ।ਇਸ ਕਰਕੇ ਸਾਕਤ ਦੀ ਮਾਂ ਬੁਰੀ ਹੈ।੫੨।

ਕਬੀਰ ਹਰਨਾ ਦੂਬਲਾ, ਇਹੁ ਹਰੀਆਰਾ ਤਾਲੁ ॥ ਲਾਖ ਅਹੇਰੀ ਏਕੁ ਜੀਉ, ਕੇਤਾ ਬੰਚਉ ਕਾਲੁ ॥੫੩॥ ਕਬੀਰ ਜੀ ਆਖਦੇ ਹਨ, ਹੇ ਭਜਨ ਹੀਣ ਮਨੁੱਖ ਰੂਪ ਕਮਜੋਰ ਹਿਰਣ! ਸੰਸਾਰ ਦਾ ਤਲਾ (ਮੈਦਾਨ) ਵਿਸ਼ਿਆਂ ਦੇ ਘਾਹ ਕਰਕੇ ਹਰਿਆਈ ਵਾਲਾ ਦਿਸਦਾ ਹੈ (ਵਿਸ਼ੇ ਰੂਪ ਘਾਹ ਖਾਣ ਲਈ ਹਿਰਣ ਲਲਚਾਉਂਦਾ ਹੈ)।ਜੀਵ ਰੂਪ ਹਿਰਣ ਇਕ (ਇਕੱਲਾ) ਹੈ, ਲੱਖਾਂ ਹੀ (ਕਾਮਾਦਿਕ ਅਤੇ ਸੰਕਲਪ ਵਿਕਲਪ ਰੂਪ) ਇਸ ਦੇ ਮਾਰਨ ਲਈ ਸ਼ਿਕਾਰੀ ਹਨ, ਕਿੰਨਾ ਕੁ ਸਮਾਂ ਇਹ ਇਨ੍ਹਾਂ ਤੋਂ ਬਚੇਗਾ (ਨਹੀ ਬਚ ਸਕਦਾ); ਕਿੰਨਾ ਕੁ ਮੌਤ ਤੋਂ ਬਚ ਸਕੇਂਗਾ?।੫੩।

ਪਦਾਰਥ = ਹਰਨਾ-ਹਿਰਣ।ਦੂਬਲਾ-ਕਮਜੋਰ।ਹਰੀਆਰਾ-ਹਰਿਆਵਲ (ਵਿਸ਼ੇ ਰੂਪ)।ਤਾਲ-ਮੈਦਾਨ; ਭਵ ਸਾਗਰ।ਲਾਖ-ਲੱਖਾਂ ਹੀ; ਬਹੁਤ।ਅਹੇਰੀ-ਸ਼ਿਕਾਰੀ।ਜੀਉ-ਜੀਵ।ਕੇਤਾ ਬੰਚਉ-ਕਿੰਨਾ ਕੁ ਬਚੇਗਾ।ਕਾਲੁ-ਸਮਾਂ; ਮੌਤ।੫੩।

ਵਿਆਖਿਆ = ਸੰਸਾਰ ਵਿਸ਼ਿਆਂ ਦੇ ਘਾਹ ਨਾਲ ਹਰਾ ਭਰਾ ਹੈ।ਮਨ ਦਾ ਕਮਜੋਰ ਹਿਰਣ ਵਿਸ਼ਿਆਂ ਦਾ ਘਾਹ ਚੁਗ ਰਿਹਾ ਹੈ।ਮੌਤ ਯਾਦ ਨਹੀ।ਬਹੁਤ ਸ਼ਿਕਾਰੀ ਮਗਰ ਹਨ,ਕਿੰਨਾ ਕੁ ਚਿਰ ਬਚੇਗਾ? ਵਿਸ਼ੇ ਭੋਗ ਛੱਡ ਕੇ ਭਜਨ ਕਰੇ ਤਾਂ ਸ਼ਿਕਾਰੀਆਂ ਤੋਂ ਬਚ ਸਕਦਾ ਹੈ (ਕਮਜੋਰ ਜੀਵ ਨੂੰ ਦਬਾਉਣ ਅਤੇ ਡੇਗਣ ਲਈ ਕਈ ਲਲਚਾਣੇ ਪਦਾਰਥ ਹਨ)।੫੩।

ਉਥਾਨਕਾ = ਇਕ ਬੈਰਾਗੀ ਸਾਧੂ ਗੰਗਾ ਕਿਨਾਰੇ ਕੁਟੀਆ ਬਣਾ ਕੇ ਲੋਕਾਂ ਨੂੰ ਕਿਹਾ ਕਰੇ ਕਿ ਗੰਗਾ ਕਿਨਾਰੇ ਘਰ ਬਣਾਉਣ ਨਾਲ ਹੀ ਮੁਕਤ ਹੋਈਦਾ ਹੈ।ਕਬੀਰ ਜੀ ਨੇ ਸਿਖਿਆ ਦਿਤੀ ਕਿ ਹਰੀ ਭਜਨ ਤੋਂ ਬਿਨਾ ਮੁਕਤੀ ਨਹੀਂ ਮਿਲਦੀ।ਕਬੀਰ ਜੀ ਆਖਦੇ ਹਨ ਕਿ ਇਹ ਗੱਲ ਮੈਂ ਹੀ ਨਹੀਂ ਆਖਦਾ, ਬਹੁਤ ਸੰਤ ਮਹਾਤਮਾ ਕਹਿ ਗਏ ਹਨ।

ਕਬੀਰ ਗੰਗਾ ਤੀਰ ਜੁ ਘਰੁ ਕਰਹਿ, ਪੀਵਹਿ ਨਿਰਮਲ ਨੀਰੁ ॥ ਬਿਨੁ ਹਰਿ ਭਗਤਿ ਨ ਮੁਕਤਿ ਹੋਇ, ਇਉ ਕਹਿ ਰਮੇ ਕਬੀਰ ॥੫੪॥ ਹੇ ਕਬੀਰ! ਜੋ ਮਨੁੱਖ ਗੰਗਾ ਕਿਨਾਰੇ ਅਪਣਾ ਘਰ ਬਣਾ ਲੈਂਦੇ ਹਨ, ਤੇ ਗੰਗਾ ਦਾ ਹੀ ਪਾਣੀ ਨਿਰਮਲ ਸਮਝ ਕੇ ਪੀਂਦੇ ਹਨ।(ਪਰ ਯਾਦ ਰੱਖੋ) ਹਰੀ ਦੀ ਭਗਤੀ ਕੀਤੇ ਬਿਨਾ ਮੁਕਤੀ ਪ੍ਰਾਪਤ ਨਹੀ ਹੁੰਦੀ।ਇਸ ਤਰ੍ਹਾਂ ਕਹਿ ਕੇ ਕਬੀਰ ਜੀ ਚਲੇ ਗਏ (ਤਾਂ ਕਿ ਬੈਰਾਗੀ ਸਾਧੂ ਗੁੱਸਾ ਨਾ ਕਰੇ); ਇਉਂ ਕਹਿ ਕੇ ਕਬੀਰ ਜੀ ਹਰੀ ਨਾਮ ਉਚਾਰਣ ਲਗ ਪਏ।੫੪।

ਪਦਾਰਥ = ਤੀਰ-ਕਿਨਾਰੇ।ਕਰਹਿ-ਬਣਾਉਂਦੇ ਹਨ।ਨਿਰਮਲ ਨੀਰੁ-ਪਵਿਤ੍ਰ ਪਾਣੀ।ਰਮੇ-ਚਲੇ ਗਏ।੫੪।

ਕਬੀਰ ਮਨੁ ਨਿਰਮਲੁ ਭਇਆ, ਜੈਸਾ ਗੰਗਾ ਨੀਰੁ ॥ ਪਾਛੈ ਲਾਗੋ ਹਰਿ ਫਿਰੈ, ਕਹਤ ਕਬੀਰ ਕਬੀਰ ॥੫੫॥ ਕਬੀਰ ਜੀ ਆਖਦੇ ਹਨ, ਜਿਵੇਂ ਗੰਗਾ ਦਾ ਪਾਣੀ (ਨਿਰਮਲ ਕਿਹਾ ਜਾਂਦਾ) ਹੈ, ਤਿਵੇਂ ਮੇਰਾ ਮਨ (ਨਾਮ ਜਪਣ ਨਾਲ) ਪਵਿਤ੍ਰ ਹੋ ਗਿਆ ਹੈ।(ਨਾਮ ਸਿਮਰਨ ਦੇ ਪ੍ਰਤਾਪ ਕਰਕੇ ਹੁਣ) ਹਰੀ ਕਬੀਰ ਕਬੀਰ ਕਹਿੰਦਾ ਹੋਇਆ ਮੇਰੇ ਪਿੱਛੇ ਲੱਗਾ ਫਿਰਦਾ ਹੈ (ਜਿਵੇਂ ਮਾਂ ਅਪਣੇ ਬੱਚੇ ਨੂੰ ਲਾਡ ਵਿਚ ਅਵਾਜਾਂ ਮਾਰਦੀ ਪਿਛੇ ਤੁਰੀ ਫਿਰਦੀ ਹੁੰਦੀ ਹੈ)।੫੫।

ਵਿਆਖਿਆ = ਗੰਗਾ ਕਿਨਾਰੇ ਰਹਿ ਕੇ ਗੰਗਾ ਦਾ ਪਾਣੀ ਪੀਣ ਨਾਲ ਹੀ ਮੁਕਤੀ ਨਹੀ ਮਿਲ ਜਾਣੀ।ਜਰੂਰਤ ਹੈ ਮਨ ਨੂੰ ਸਾਫ ਕਰਨ ਦੀ ।ਮਨ ਸਾਫ ਹੋਏ ਤੇ ਹਰੀ ਤੇਰੇ ਪਿਛੇ ਪਿਛੇ ਲੱਗਾ ਫਿਰੇਗਾ ਭਾਵ ਹਮੇਸ਼ਾਂ ਨਾਲ ਰਹਿ ਕੇ ਰਖਿਆ ਕਰੇਗਾ।੫੫।

ਕਬੀਰ ਹਰਦੀ ਪੀਅਰੀ, ਚੂੰਨਾ ਊਜਲ ਭਾਇ ॥ ਰਾਮ ਸਨੇਹੀ ਤਉ ਮਿਲੈ, ਦੋਨਉ ਬਰਨ ਗਵਾਇ ॥੫੬॥ ਕਬੀਰ ਜੀ ਦਸਦੇ ਹਨ, ਹਲਦੀ ਪੀਲੀ ਹੁੰਦੀ ਹੈ (ਸੰਸੇ ਬ੍ਰਿਤੀ ਅਤੇ ਅਵਿਦਿਆ ਜਿਸ ਕਰਕੇ ਗੁਰੂ ਵਿਚ ਦੋਸ਼ ਨਜਰ ਆਉਂਦੇ ਹਨ ਕਿ ਮੈਂ ਉਚੀ ਜਾਤ ਹਾਂ, ਗੁਰੂ ਨੀਵੀਂ ਜਾਤ ਦਾ ਹੈ ਅਤੇ ਮੈਂ ਵਿਦਵਾਨ ਹਾਂ, ਪਰ ਗੁਰੂ ਵਿਦਿਆ ਵਿਚ ਕਮਜੋਰ ਹੈ); ਹਲਦੀ ਦੇ ਪੀਲੇ ਰੰਗ ਵਾਂਗ ਬਿਕਾਰਾਂ ਵਿਚ ਮਗਨ

ਮਨੁੱਖ ਜੋ ਬਿਕਾਰਾਂ ਦਾ ਹੀ ਰੂਪ ਬਣ ਕੇ ਪੀਲੇ ਰੰਗ ਦਾ ਹੋ ਗਿਆ, ਵਿਕਾਰ ਮਨੁੱਖ ਨੂੰ ਹਰੀ ਨਾਲ ਨਹੀ ਜੁੜਨ ਦੇਂਦੇ। ਚੂਨੇ ਦਾ ਰੰਗ ਚਿੱਟਾ ਹੈ ਭਾਵ ਅਪਣੇ ਗੁਣਾਂ ਦੀ ਵਡਿਆਈ, ਉਚੀ ਜਾਤ ਅਤੇ ਵਿਦਿਆ ਦਾ ਹੰਕਾਰ ਹੋਣਾ ਹੈ। ਰਾਮ ਪਿਆਰਾ ਉਦੋਂ ਮਿਲਦਾ ਹੈ ਜਦੋਂ ਦੋਨੋ ਰੰਗ ਗਵਾ ਦੇਵੇ (ਹਲਦੀ ਤੇ ਚੂਨਾ ਮਿਲ ਕੇ ਤੀਜਾ ਲਾਲ ਰੰਗ ਬਣ ਜਾਂਦਾ ਹੈ, ਫਿਰ ਹਲਦੀ ਦੀ ਪਿਲੱਤਣ ਅਤੇ ਚੂਨੇ ਦਾ ਚਿੱਟਾਪਣ ਨਹੀ ਰਹਿੰਦਾ) ਭਾਵ ਦੋਖ ਦ੍ਰਿਸਟੀ ਤੇ ਜਾਤੀ ਹੰਕਾਰ ਇਨ੍ਹਾਂ ਦੋਹਾਂ ਨੂੰ ਛੱਡ ਦੇਵੇ। ਹਲਦੀ ਪੀਲੀ ਤੇ ਚੂਨਾ ਚਿੱਟਾ (ਊਚ ਨੀਚ ਦੇ ਵਿਤਕਰੇ ਹਨ, ਸਭ ਨੂੰ ਪਿਆਰ ਕਰਨ ਵਾਲਾ ਰਾਮ ਤਾਂ ਮਿਲਦਾ ਹੈ ਜੇ ਊਚ ਨੀਚ ਦੋਵੇਂ ਵਰਨ ਗਵਾ ਦੇਵੇ) ਉਚੇ ਹੋਣ ਦਾ ਹੰਕਾਰ ਤੇ ਨੀਵੇਂ ਹੋਣ ਤੋਂ ਬੇ ਅਣਖਤਾ ਦੋਵੇਂ ਹਾਲਤਾਂ ਮਾੜੀਆਂ ਹਨ, ਦੋਹਾਂ ਨੂੰ ਗਵਾ ਦੇਵੇ (ਸ਼ਬਦਾਰਥ)।੫੬।

ਪਦਾਰਥ = ਹਰਦੀ-ਹਲਦੀ। ਪੀਅਰੀ-ਪੀਲੀ। ਚੂਨਾ-ਪੱਥਰ ਦੀ ਖਿਲ। ਊਜਲ-ਚਿੱਟਾ। ਭਾਇ-ਰੰਗ। ਸਨੇਹੀ-ਪਿਆਰਾ। ਤਉ-ਤਦੋਂ। ਦੋਨਉ-ਦੋਵੇਂ। ਬਰਨੁ-।੫੬।

ਕਬੀਰ ਹਰਦੀ ਪੀਰਤਨੁ ਹਰੈ, ਚੂਨ ਚਿਹਨੁ ਨ ਰਹਾਇ ॥ ਬਲਿਹਾਰੀ ਇਹ ਪ੍ਰੀਤਿ ਕਉ, ਜਿਹ ਜਾਤਿ ਬਰਨੁ ਕੁਲੁ ਜਾਇ ॥੫੭॥ ਕਬੀਰ ਜੀ ਆਖਦੇ ਹਨ ਕਿ ਹੇ ਭਾਈ! (ਜਦ ਜੀਵ ਰੂਪ) ਹਲਦੀ ਪੀਲੱਤਣ (ਨੀਵੀਂ ਜਾਤ ਨੂੰ ਨਫਰਤ ਕਰਨੀ) ਦੂਰ ਕਰ ਦੇਂਦੀ ਹੈ ਅਤੇ ਚੂਨੇ ਦੀ ਚਿਟਿਆਈ (ਉਚੀ ਜਾਤ ਦੇ ਹੰਕਾਰ) ਦਾ ਚਿੰਨ੍ਹ ਵੀ ਨਹੀਂ ਰਹਿੰਦਾ ਭਾਵ ਜਦ ਹਲਦੀ ਤੇ ਚੂਨਾ ਆਪਸ ਵਿਚ ਮਿਲ ਜਾਂਦੇ ਹਨ ਤਾਂ ਦੋਹਾਂ ਦਾ ਰੰਗ ਮਿਟ ਕੇ ਲਾਲ ਰੰਗ ਹੋ ਜਾਂਦਾ ਹੈ, ਇਸ ਤਰ੍ਹਾਂ ਨੀਵਿਆਂ ਨੂੰ ਘਿਰਣਾ ਅਤੇ ਅਪਣੀ ਹੰਗਤਾ ਮਮਤਾ ਦਾ ਤਿਆਗ ਕਰਨ (ਊਚ ਨੀਚ ਦੇ ਵਿਤਕਰੇ ਮਿਟਾ ਦੇਣ) ਤੇ ਹਰੀ ਨਾਲ ਪ੍ਰੇਮ ਹੋ ਜਾਂਦਾ ਹੈ। ਇਸ ਪ੍ਰੀਤੀ ਤੋਂ ਮੈਂ ਕੁਰਬਾਨ ਹਾ, ਜਿਸ ਕਰਕੇ ਬਰਨ ਕੁੱਲ ਤੇ ਜਾਤ ਦਾ ਮਾਣ ਦੂਰ ਹੋ ਜਾਂਦਾ ਹੈ।੫੭। (ਮੇਰਾ ਖਿਆਲ ਹੈ ਕਿ ਬਰਨ ਦਾ ਅਰਥ ਰੰਗ ਨਹੀ ਹੋਣਾ)।

ਪਦਾਰਥ = ਹਰਦੀ-ਹਲਦੀ। ਪੀਰਤਨੁ-(ਪੀਰੱਤਨ ਬੋਲੋ) ਪੀਲਾਪਣ (ਨੀਵੀ ਜਾਤ ਦਾ ਸਦਾ ਅਹਿਸਾਸ ਬਣਿਆ ਰਹਿਣਾ ਕਿ ਮੈਂ ਨੀਵਾਂ ਹਾਂ)। ਹਰੈ-ਦੂਰ ਕਰ ਦੇਂਦੀ ਹੈ। ਚੂਨ-ਚੂਨਾ; ਆਟਾ (ਸ਼ਬਦਾਰਥ)। ਚਿਹਨੁ-ਨਿਸ਼ਾਨ। ਨ ਰਹਾਇ-ਨਹੀਂ ਰਹਿੰਦਾ। ਬਲਿਹਾਰੀ-ਕੁਰਬਾਨ ਹਾਂ। ਕਉ-ਤੋਂ। ਜਿਹ-ਜਿਸ ਕਰਕੇ। ਬਰਨੁ-ਬ੍ਰਾਹਮਣ ਆਦਿ ਜਾਤੀ ਵੰਡ; ਰੰਗ।੫੭।

ਵਿਆਖਿਆ = ਕਬੀਰ ਜੀ ਨੇ ਇਨ੍ਹਾਂ ਦੋਹਾਂ ਸਲੋਕਾਂ ਵਿਚ ਜਾਤ ਵਰਣ ਕੁੱਲ ਆਦਿ ਦੇ ਭੇਦ ਮੇਟਣ ਲਈ ਹਲਦੀ ਤੇ ਚੂਨੇ ਦਾ ਪ੍ਰਮਾਣ ਦਿਤਾ ਹੈ। ਅਪਣਾ ਆਪ ਮਿਟਾ ਕੇ ਇਕ ਹਰੀ ਦੇ ਰੰਗ ਵਿਚ ਲੀਨ ਹੋਣ ਦਾ ਭਾਵ ਹੈ।੫੭।

ਕਬੀਰ ਮੁਕਤਿ ਦੁਆਰਾ ਸੰਕੁਰਾ, ਰਾਈ ਦਸਏਂ ਭਾਇ ॥ ਮਨੁ ਤਉ ਮੈਗਲੁ ਹੋਇ ਰਹਿਓ, ਨਿਕਸੋ ਕਿਉ ਕੈ ਜਾਇ ॥੫੮॥ ਕਬੀਰ ਜੀ ਆਖਦੇ ਹਨ, ਹੇ ਭਾਈ! ਮੁਕਤੀ (ਹਾਸਲ ਕਰਨ ਵਾਲਾ) ਦਰਵਾਜਾ (ਗਿਆਨ) ਬਹੁਤ ਤੰਗ (ਸੂਖਮ) ਹੈ, ਰਾਈ ਦੇ ਦਾਣੇ ਦੇ ਦਸਵੇਂ ਹਿੱਸੇ (ਦੇ ਬਰਾਬਰ) ਹੈ। ਮਨੁੱਖ ਦਾ ਮਨ ਤਾਂ (ਹੰਕਾਰ ਵਿਚ ਫੁੱਲ ਕੇ) ਹਾਥੀ ਵਾਂਗ ਮੋਟਾ ਹੋ ਰਿਹਾ ਹੈ, (ਇਸ ਲਈ ਉਸ ਦਰਵਾਜੇ ਵਿਚੋਂ) ਕਿਸ ਤਰ੍ਹਾਂ ਨਿਕਲਿਆ (ਲੰਘਿਆ) ਜਾਵੇ।੫੮। ਹਉਮੈ ਮਨੁ ਅਸਥੂਲੁ ਹੈ, ਕਿਉ ਕਰਿ ਵਿਚੁ ਦੇ ਜਾਇ। (੫੦੯)

ਪਦਾਰਥ = ਦੁਆਰਾ-ਦਰਵਾਜਾ। ਸੰਕੁਰਾ-ਭੀੜਾ; ਤੰਗ। ਦਸਏਂ-ਦਸਵਾਂ। ਭਾਇ-ਹਿੱਸਾ। ਤਉ-ਤਾਂ। ਮੈਗਲ-ਹਾਥੀ। ਕਿਉ ਕੈ-ਕਿਸ ਤਰ੍ਹਾਂ। ਨਿਕਸੋ ਜਾਇ-ਨਿਕਲਿਆ ਜਾਵੇ?।੫੮।

ਵਿਆਖਿਆ = ਜਾਤ ਤੇ ਹੋਰ ਕਰਮ ਕਾਂਡ ਦੇ ਹੰਕਾਰ ਨਾਲ ਮਨੁੱਖੀ ਮਨ ਹਾਥੀ ਵਾਂਗ ਭਾਰਾ ਹੋਇਆ ਪਿਆ ਹੈ। ਉਹ ਦੁਆਰ ਬਹੁਤ ਸੂਖਮ ਹੈ ਜਿਸ ਵਿਚੋਂ ਲੰਘਣਾ ਹੈ। ਨਿਰਵਿਕਾਰ, ਨਿਰਹੰਕਾਰ ਹੋ ਕੇ ਮਨ ਨੂੰ ਹੌਲਾ ਕਰੇ, ਫਿਰ ਦਰਵਾਜਾ ਖੁਲ੍ਹਾ ਹੋਏਗਾ।੫੮।

ਵਾਟ ਹਮਾਰੀ ਖਰੀ ਉਡੀਣੀ। ਖੰਨਿਅਹੁ ਤਿਖੀ ਬਹੁਤੁ ਪਿਈਣੀ।(੭੯੪)

ਕਬੀਰ ਐਸਾ ਸਤਿਗੁਰੁ ਜੇ ਮਿਲੈ, ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ, ਸਹਜੇ ਆਵਉ ਜਾਉ ॥੫੯॥ ਕਬੀਰ ਜੀ ਕਹਿੰਦੇ ਹਨ, ਹੇ ਭਾਈ! ਜੇ ਇਹੋ ਜੇਹਾ ਸਤਿਗੁਰੂ ਮਿਲ ਜਾਵੇ, ਤੇ ਪ੍ਰਸੰਨ ਹੋ ਕੇ ਮੇਹਰ (ਜਾਂ ਉਪਦੇਸ਼ ਦੀ ਦਾਤ) ਕਰੇ। (ਤਾਂ ਫਿਰ) ਮੁਕਤੀ ਦਾ ਦਰਵਾਜਾ ਖੁਲ੍ਹਾ ਹੋ ਜਾਵੇਗਾ, ਫਿਰ ਸੌਖੇ ਹੀ ਆਉਂਦੇ ਜਾਂਦੇ ਰਹੋ।੫੯।

ਪਦਾਰਥ = ਤੁਠਾ-ਪ੍ਰਸੰਨ ਹੋਕੇ। ਪਸਾਉ-ਮੇਹਰ; ਦਾਤ। ਮੋਕਲਾ-ਖੁਲ੍ਹਾ। ਸਹਜੇ-ਸੌਖੇ ਹੀ; ਅਸਾਨੀ ਨਾਲ (ਮ. ਕੋ.)। ਇਹ ਦੋਵੇਂ ਸਲੋਕ ਥੋੜੇ ਫਰਕ ਨਾਲ ੫੦੯ ਅੰਗ ਤੇ ਵੀ ਹਨ।੫੯।

ਕਬੀਰ ਨਾ ਮੁੋਹਿ ਛਾਨਿ ਨ ਛਾਪਰੀ, ਨਾ ਮੁੋਹਿ ਘਰੁ ਨਹੀ ਗਾਉ ॥ ਮਤ ਹਰਿ ਪੂਛੈ ਕਉਨੁ ਹੈ, ਮੇਰੇ ਜਾਤਿ ਨ ਨਾਉ ॥੬੦॥ ਹੇ ਕਬੀਰ! ਨਾ ਮੇਰੇ ਕੋਲ ਕੋਈ ਛੰਨ ਹੈ, ਨਾ ਹੀ ਮੇਰੇ ਕੋਲ ਛੋਟੀ ਛਪਰੀ ਹੈ, ਨਾ ਘਰ ਨਾ ਮੇਰਾ ਕੋਈ ਪਿੰਡ ਹੈ (ਤ੍ਰਿਸ਼ਨਾ ਰੂਪ ਛੰਨ, ਆਸਾ ਰੂਪ ਛਪਰੀ ਮੇਰੇ ਕੋਲ ਨਹੀ ਹਨ, ਨਾ ਅੰਤਹਕਰਣ ਦੇ ਗੁਣਾਂ ਦਾ ਤੇ ਨਾ ਹੀ ਦੇਹ ਅਭਿਮਾਨ ਹੈ)। ਮਤਾਂ ਹਰੀ ਮੈਨੂੰ ਪੁੱਛ ਲਵੇ ਕਿ ਤੂੰ ਕੌਣ ਹੈਂ? (ਕਿਉਂਕਿ) ਮੇਰੀ ਨਾ (ਉਚੀ) ਜਾਤ ਹੈ ਨਾ (ਮਸ਼ਹੂਰ ਜਾਂ ਵੱਡਾ) ਨਾਮ ਹੈ (ਵੱਡੀ ਜਾਤ ਅਤੇ ਵੱਡੇ ਨਾਵਾਂ ਵਾਲਿਆਂ ਨੂੰ ਤਾਂ ਹਰ ਕੋਈ ਜਾਣਦਾ ਹੁੰਦਾ ਹੈ); ਮੈਨੂੰ ਜਾਤ ਤੇ ਨਾਮ ਦਾ ਹੰਕਾਰ ਨਹੀ। (ਜਿਨ੍ਹਾ ਕਰਕੇ ਵਖਰੇਵਾਂ ਸੀ ਉਹ ਚੀਜਾਂ ਸਭ ਛਡ ਦਿਤੀਆਂ, ਮੈਂ ਤੇ ਹਰੀ ਇਕ ਹੋ ਗਏ ਹਾਂ)।੬੦।

ਪਦਾਰਥ = ਮੋਹਿ–ਮੇਰੇ ਕੋਲ।ਛਾਨਿ–ਛੰਨ (ਛੱਪਰ)।ਛਾਪਰੀ–ਛੋਟਾ ਛੱਪਰ; ਕੁੱਲੀ; ਝੌਂਪੜੀ।ਗਾਉ–ਪਿੰਡ।ਮਤ–ਮੱਤਾਂ।੬੦।
ਵਿਆਖਿਆ = ਭਗਤੀ ਦੀ ਲਗਨ ਵਿਚ ਕਿਸੇ ਚੀਜ ਦੀ ਪਕੜ ਨਹੀ ਰੱਖੀ।ਘਰ, ਜਾਤ, ਨਾਮ ਦਾ ਹੰਕਾਰ ਹਰੀ ਪ੍ਰਾਪਤੀ ਦੇ ਰਾਹ ਵਿਚ ਰੁਕਾਵਟ ਹੈ, ਕਿਉਂਕਿ ਇਨ੍ਹਾਂ ਕਰਕੇ ਹੀ ਮਨੁੱਖ ਦੀ ਸੰਸਾਰ ਵਿਚ ਸੋਭਾ ਹੁੰਦੀ ਹੈ।ਹਰੀ ਤੋਂ ਸਭ ਕੁਛ ਵਾਰ ਦਿਤਾ, ਹੁਣ ਸਭ ਕੁਛ ਮੇਰੇ ਲਈ ਹਰੀ ਹੈ, ਹੁਣ ਹਰੀ ਪੁਛੇਗਾ ਹੀ ਨਹੀ ਕਿ ਤੂੰ ਕੌਣ ਹੈਂ, ਕਿਉਂਕਿ ਕੋਈ ਨਾਮ ਹੋਵੇਗਾ ਤਾਂ ਹੀ ਪੁਛੇਗਾ।੬੦।
ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ ॥ ਮਤ ਹਰਿ ਪੂਛੇ ਕਉਨੁ ਹੈ, ਪਰਾ ਹਮਾਰੈ ਬਾਰ ॥੬੧॥ ਹੇ ਕਬੀਰ! ਮੈਨੂੰ ਮਰਨ ਦਾ ਬਹੁਤ ਚਾਉ ਹੈ, ਪਰ ਜੇ ਮਰਾਂ ਤਾਂ ਹਰੀ ਦੇ ਦੁਆਰ (ਸੱਤ ਸੰਗ) ਵਿਚ ਹੀ ਮਰਾਂ।ਸ਼ਾਇਦ ਹਰੀ (ਦਰ ਤੇ ਪਏ ਹੋਏ ਨੂੰ ਦੇਖ ਕੇ) ਪੁੱਛ ਹੀ ਲਵੇ ਕਿ ਸਾਡੇ ਦਰ ਤੇ ਕੌਣ ਪਿਆ ਹੈ (ਸੱਤਸੰਗ ਰਾਹੀ ਹਰੀ ਮਿਲਾਪ ਹੁੰਦਾ ਹੈ)।੬੧॥
ਪਦਾਰਥ = ਮੁਹਿ–ਮੈਨੂੰ।ਚਾਉ–ਉਤਸ਼ਾਹ; ਖੁਸ਼ੀ।ਮਰਉ–ਜੇ ਮੈਂ ਮਰਾਂ।ਤ–ਤਾਂ।ਕੈ–ਦੇ।ਦੁਆਰ–ਦਰਵਾਜਾ।ਮਤ–ਮੱਤਾਂ; ਸ਼ਾਇਦ। ਪਰਾ–ਪਿਆ ਹੈ।ਬਾਰ–ਬੂਹੇ ਤੇ।੬੧।
ਵਿਆਖਿਆ = ਹਰੀ ਦੇ ਪੁੱਛਣ ਵਿਚ ਹੀ ਮੇਰੀ ਕਲਿਆਣ ਹੈ।ਘਰ ਬਾਰ ਨਾਮ ਆਦਿ ਸਭ ਕੁਛ ਗੁਆ ਦਿਤਾ, ਹੁਣ ਕਿਥੇ ਜਾਵਾਂ? ਜੀਵਨ ਨਾਲ ਵੀ ਪਕੜ ਨਹੀ ਰਹੀ।ਹਰੀ ਦੇ ਦਰ ਤੇ ਮਰਾਂ, ਇਹ ਚਾਉ ਹੈ।ਦਰ ਤੇ ਪਏ ਹੋਏ ਨੂੰ ਦੇਖ ਕੇ ਹਰੀ ਨੂੰ ਲਾਜ ਆਏਗੀ, ਮੇਰੇ ਗੁਨਾਹ ਬਖਸ਼ ਕੇ ਅਪਣੇ ਵਿਚ ਲੀਨ ਕਰ ਲਵੇਗਾ।ਹਰੀ ਦੇ ਦਰ ਤੇ ਡਿਗ ਕੇ ਜੋ ਜੀਵਤ ਭਾਵ ਤੋਂ ਮਰਦਾ ਹੈ, ਉਸਦੀ ਹਰੀ ਦਰ ਤੇ ਪੁੱਛ ਪੈਂਦੀ ਹੈ।
ਉਥਾਨਕਾ = ਇਕ ਵਾਰ ਪੰਡਤਾਂ ਨੇ ਈਰਖਾ ਕਰਕੇ ਕਬੀਰ ਜੀ ਦਾ ਅਪਜਸ ਕਰਨ ਲਈ ਕਬੀਰ ਜੀ ਦੇ ਨਾਮ ਤੇ ਦੂਰ ਦੂਰ ਤਕ ਸੱਦੇ ਪੱਤ੍ਰ ਘੱਲ ਦਿਤੇ ਕਿ ਅਮਕੇ ਦਿਨ ਕਬੀਰ ਜੀ ਦੇ ਘਰ ਬੜਾ ਭਾਰੀ ਜੱਗ ਹੋਵੇਗਾ।ਕਬੀਰ ਜੀ ਦਾ ਸੱਦਾ ਸਮਝ ਕੇ ਅਣਗਿਣਤ ਲੋਕ ਆ ਗਏ। ਕਬੀਰ ਜੀ ਆਪ ਬਾਹਰ ਭਜਨ ਕਰਨ ਚਲੇ ਗਏ, ਕਈ ਦਿਨ ਘਰ ਨਾ ਵੜੇ।ਤਾਂ ਹਰੀ ਨੇ ਕਿਸੇ ਸ਼ਾਹੂਕਾਰ ਨੂੰ ਪ੍ਰੇਰ ਕੇ ਭੇਜਿਆ, ਉਸਨੇ ਅਪਣੇ ਆਪ ਨੂੰ ਕਬੀਰ ਜੀ ਦਾ ਸੇਵਕ ਦਸ ਕੇ ਬਹੁਤ ਸਮੱਗਰੀ ਲਿਆ ਕੇ ਖੂਬ ਲੰਗਰ ਚਲਾਇਆ।ਤਾਂ ਕਬੀਰ ਜੀ ਦਾ ਬਹੁਤ ਜਸ ਹੋਇਆ ,ਕਬੀਰ ਜੀ ਨੂੰ ਪਤਾ ਲਗਣ ਤੇ ਇਹ ਸਲੋਕ ਉਚਾਰਿਆ =
ਕਬੀਰ ਨਾ ਹਮ ਕੀਆ ਨ ਕਰਹਿਗੇ, ਨਾ ਕਰਿ ਸਕੈ ਸਰੀਰੁ ॥ ਕਿਆ ਜਾਨਉ ਕਿਛੁ ਹਰਿ ਕੀਆ, ਭਇਓ ਕਬੀਰੁ ਕਬੀਰੁ ॥੬੨॥ ਕਬੀਰ ਜੀ ਕਹਿੰਦੇ ਹਨ, ਨਾ ਤਾਂ ਅਪਣੇ ਆਪ ਮੈਂ ਪਿਛੇ ਕੋਈ ਕੰਮ ਕੀਤਾ, ਨਾ ਭਵਿੱਖ ਵਿਚ ਅਜੇਹਾ ਕੰਮ ਕਰ ਸਕਾਂਗਾ, ਨਾ ਵਰਤਮਾਨ ਸਮੇਂ ਇਹ ਸਰੀਰ ਇਹੋ ਜਿਹਾ ਮਹਾਨ ਕੰਮ ਕਰ ਸਕਦਾ ਹੈ (ਮਨੁਖ ਆਪ ਕੁਛ ਨਹੀ ਕਰ ਸਕਦਾ)।ਮੈਂ ਕੀ ਜਾਣਾਂ ਜੋ ਕੁਛ ਹਰੀ ਨੇ ਕੀਤਾ ਹੈ, ਜਿਸ ਕਰਕੇ ਸਾਰੇ ਪਾਸੇ (ਮੇਰਾ ਨਾਮ ਤਾਂ ਐਵੇਂ ਹੀ ਲਿਆ ਜਾਣ ਲਗ ਪਿਆ ਅਤੇ) ਕਬੀਰ ਕਬੀਰ ਹੋ ਰਹੀ ਹੈ।੬੨।
ਪਦਾਰਥ = ਨਾ ਹਮ ਕੀਆ–ਨਾ ਮੈਂ ਕੀਤਾ ਹੈ।ਨ ਕਰਹਿਗੇ–ਨਾ ਹੀ ਕਰ ਸਕਾਂਗਾ।ਕਿਆ ਜਾਨਉ–ਮੈ ਕੀ ਜਾਣਾਂ (ਮੈਨੂੰ ਪਤਾ ਨਹੀਂ)। ਹਰਿ ਕੀਆ–ਹਰੀ ਨੇ ਕੀਤਾ ਹੈ।ਭਇਓ–ਹੋ ਰਹੀ ਹੈ।੬੨।
ਵਿਆਖਿਆ = ਹੰਕਾਰ ਦੂਰ ਕਰਨ ਦੀ ਗੱਲ ਵਿਚ ਵੀ ਕਿਤੇ ਵਡਿਆਈ ਦੀ ਇੱਛਾ ਨਾ ਪੈਦਾ ਹੋਵੇ, ਫਿਰ ਇਸੇ ਸੂਖਮ ਹੰਕਾਰ ਵਿਚ ਨਾ ਫਸ ਜਾਈਏ।ਇਸ ਲਈ ਹੋਰ ਨਿਮ੍ਰਤਾ ਵਿਚ ਕਹਿੰਦੇ ਹਨ ਕਿ ਮੈਂ ਕੁਛ ਨਹੀ ਕੀਤਾ, ਨਾ ਕਰ ਸਕਾਂਗਾ, ਨਾ ਮੇਰੇ ਤਨ ਵਿਚ ਕੁਛ ਕਰਨ ਦਾ ਬਲ ਹੈ।ਮਨ ਬਚ ਕਰਮ ਕਰਕੇ ਕੁਛ ਵੀ ਕਰਨ ਦੇ ਯੋਗ ਨਹੀ, ਮੈਂ ਤੁੱਛ ਹਾਂ।ਫਿਰ ਜਸ ਕਿਉਂ ਹੋ ਰਿਹਾ ਹੈ? ਫਿਰ ਹੋਰ ਨਿਮ੍ਰਤਾ ਵਿਚ ਕਹਿੰਦੇ ਹਨ, ਪਤਾ ਨਹੀ, ਹਰੀ ਨੇ ਹੀ ਕੁਛ ਕੀਤਾ ਹੈ।ਜਿਸ ਕਰਕੇ ਸਾਰੇ ਕਬੀਰ ਕਬੀਰ ਹੋ ਰਹੀ ਹੈ।ਜੋ ਮੇਰਾ ਜਸ ਹੋ ਰਿਹਾ ਹੈ, ਇਹ ਹਰੀ ਦਾ ਜਸ ਹੋ ਰਿਹਾ ਹੈ।੬੨।
ਕਬੀਰ ਸੁਪਨੈ ਹੂ ਬਰੜਾਇ ਕੈ, ਜਿਹ ਮੁਖਿ ਨਿਕਸੈ ਰਾਮੁ ॥ ਤਾ ਕੇ ਪਗ ਕੀ ਪਾਨਹੀ, ਮੇਰੇ ਤਨ ਕੋ ਚਾਮੁ ॥੬੩॥ ਹੇ ਕਬੀਰ! (ਸੁੱਤੇ ਪਿਆਂ ਵੀ) ਸੁਪਨੇ ਵਿਚ ਬਰੜਾ ਕੇ ਜਿਸ ਮਨੁੱਖ ਦੇ ਮੂਹੋਂ ਰਾਮ ਦਾ ਨਾਮ ਨਿਕਲਦਾ ਹੈ।ਮੇਰੇ ਸਰੀਰ ਦੇ ਚੰਮ ਦੀਆਂ ਉਸ ਦੇ ਚਰਨਾਂ ਵਾਸਤੇ ਜੁਤੀਆਂ ਬਣ ਜਾਣ ਭਾਵ ਮੈਂ ਉਸਦਾ ਦਾਸ ਬਣ ਜਾਵਾਂ।੬੩।ਮੇਰੀ ਖਲਹੁ ਮੌਜੜੇ, ਗੁਰਸਿਖ ਹੰਢਾਂਦੇ। (ਭਾ: ਗੁ: ਵਾਰ ੯)
ਪਦਾਰਥ = ਬਰੜਾਇ ਕੈ–ਸੁੱਤਿਆਂ ਪਿਆਂ ਬੇਖਬਰੀ ਵਿਚ ਬੋਲਣਾ।ਜਿਹ ਮੁਖਿ–ਜਿਸ ਦੇ ਮੂੰਹੋਂ।ਨਿਕਸੈ–ਨਿਕਲਦਾ ਹੈ।ਤਾ ਕੇ–ਉਸ ਦੇ ।ਪਗ ਕੀ–ਪੈਰਾਂ ਦੀ।ਪਾਨਹੀ–ਜੁਤੀ।ਚਾਮ–ਚੰਮ।ਮੇਰੇ ਤਨ ਕੋ ਚਾਮ–ਮੇਰੇ ਸਰੀਰ ਦੇ ਚੰਮ ਦੀਆਂ।੬੩।
ਵਿਆਖਿਆ = ਬਹੁਤ ਜਿਆਦਾ ਸਿਮਰਨ ਵਾਲੇ ਦੇ ਮੂਹੋਂ ਸੁੱਤੇ ਪਿਆਂ ਵੀ ਵਾਹਿਗੁਰੂ ਦਾ ਨਾਮ ਹੀ ਨਿਕਲਦਾ ਹੈ, ਐਸੇ ਮਨੁਖ ਦੀ ਮਹਿਮਾ ਬਹੁਤ ਹੈ।{ਵਿਚਿ ਸਨਾਤੀਂ ਸੇਵਕੁ ਹੋਇ।ਨਾਨਕ ਪਣੀਆ ਪਹਿਰੈ ਸੋਇ ੧੨੫੬}।੬੩।
ਕਬੀਰ ਮਾਟੀ ਕੇ ਹਮ ਪੂਤਰੇ, ਮਾਨਸੁ ਰਾਖਿਉ ਨਾਉ ॥ ਚਾਰਿ ਦਿਵਸ ਕੇ ਪਾਹੁਨੇ, ਬਡ ਬਡ ਰੂੰਧਹਿ ਠਾਉ ॥੬੪॥ ਕਬੀਰ ਜੀ ਆਖਦੇ ਹਨ, ਹੇ ਭਾਈ! ਅਸੀਂ ਸਾਰੇ ਮਿੱਟੀ ਦੇ ਪੁਤਲੇ ਹਾਂ, ਤੇ ਅਪਣਾ ਨਾਮ ਅਸੀਂ ਮਨੁੱਖ ਰਖਿਆ ਲਿਆ ਹੈ।(ਸੰਸਾਰ ਵਿਚ ਅਸੀਂ) ਥੋੜਾ ਚਿਰ ਦੇ ਹੀ ਪ੍ਰਾਹੁਣੇ ਹਾਂ (ਜੀਵਨ ਛੇਤੀ ਮੁਕਣ ਵਾਲਾ ਹੈ), ਤੇ ਵੱਡੀਆਂ ਵੱਡੀਆਂ ਥਾਂਵਾਂ ਮੱਲੀ ਬੈਠੇ ਹਾਂ।੬੪।

ਪਦਾਰਥ = ਮਾਟੀ ਕੇ–ਮਿੱਟੀ ਦੇ। ਹਮ–ਅਸੀਂ (ਸਾਰੇ ਜੀਵ)।ਪੁਤਰੇ–ਪੁਤਲੇ।ਚਾਰਿ ਦਿਵਸ–ਚੰਦ ਦਿਨਾਂ ਦੇ।ਪਾਹੁਨੇ–ਪ੍ਰਾਹੁਣੇ।ਰੂੰਧਹਿ–ਰੋਕਦੇ; ਮੱਲਦੇ ਹਾਂ।ਬਡ ਬਡ ਠਾਉ–ਵੱਡੇ ਵੱਡੇ ਸਥਾਨ।੬੪।

ਕਬੀਰ ਮਹਿਦੀ ਕਰਿ ਘਾਲਿਆ, ਆਪੁ ਪੀਸਾਇ ਪੀਸਾਇ ॥ ਤੈ ਸਹ ਬਾਤ ਨ ਪੂਛੀਐ, ਕਬਹੂ ਨ ਲਾਈ ਪਾਇ ॥੬੫॥ ਹੇ ਕਬੀਰ! ਇਸ ਜੀਵ ਇਸਤ੍ਰੀ ਨੇ ਅਪਣੇ ਆਪ (ਆਪਾ ਭਾਵ) ਨੂੰ ਮਹਿੰਦੀ ਵਾਂਗ ਪੀਹ ਪੀਹ ਕੇ ਬਰੀਕ (ਸੂਖਮ) ਕੀਤਾ ਹੈ (ਆਪਾ ਭਾਵ ਨੂੰ ਪੀਹ ਪੀਹ ਕੇ ਮਹਿੰਦੀ ਵਾਂਗ ਬਰੀਕ (ਸੂਖਮ) ਕਰ ਲਿਆ); ਜਪ ਤਪ ਕਰਨ ਦੀ ਕਠਨ ਮਿਹਨਤ ਕੀਤੀ ਹੈ।

ਦੂਜਾ ਅਰਥ = ਕਬੀਰ ਜੀ ਆਖਦੇ ਹਨ ਕਿ ਮੈ ਨਾਮ ਬਾਣੀ ਦੇ ਅਭਿਆਸ ਰਾਹੀਂ ਸਰੀਰ ਨੂੰ (ਪਿਸਾ ਪਿਸਾ) ਬੜੇ ਕਸਟ ਦੇ ਕੇ ਅਪਣੇ ਵਾਸ਼ਨਾਵਾਂ ਅਤੇ ਹੰਕਾਰ ਨੂੰ ਨਾਸ਼ ਕੀਤਾ ਜਾਂ ਬਿਰਤੀ ਨੂੰ ਮਹਿੰਦੀ ਵਾਂਗ ਬਰੀਕ ਕੀਤਾ ਹੈ (ਜਿਵੇਂ ਮਹਿੰਦੀ ਪਿਸਦੀ ਹੈ, ਬਰੀਕ ਹੋਈ ਜੇ ਉਹ ਕਿਸੇ ਸੁਹਾਗਣ ਦੇ ਹੱਥਾਂ ਪੈਰਾਂ ਨੂੰ ਲੱਗ ਜਾਵੇ ਤਾਂ ਮਹਿੰਦੀ ਦੇ ਸਹੇ ਕਸ਼ਟ ਸਫਲ ਹੋ ਜਾਂਦੇ ਹਨ।ਇਤਨੀ ਮਿਹਨਤ ਕਰਨ ਦੇ ਬਾਵਜੂਦ ਵੀ) ਹੇ ਪਤੀ ਪ੍ਰਭੂ! ਤੈਂ ਮੇਰੀ ਕੋਈ ਗੱਲ ਵੀ ਹੀ ਨਹੀਂ ਪੁਛੀ, ਨਾ ਹੀ ਕਦੇ ਅਪਣੇ ਚਰਨਾਂ ਨਾਲ ਲਾਇਆ (ਨਾ ਦਰਸ਼ਨ ਦਿਤੇ, ਨਾ ਪ੍ਰਵਾਨ ਕੀਤਾ, ਅਜੇ ਵੀ ਸ਼ਾਇਦ ਮੇਰੇ ਵਿਚ ਕੋਈ ਕਮੀ ਹੋਵੇ)।੬੫।

ਪਦਾਰਥ = ਮਹਿਦੀ ਕਰਿ–ਮਹਿੰਦੀ ਵਾਂਗ।ਘਾਲਿਆ–ਕਸ਼ਟਦਾਇਕ ਮਿਹਨਤ ਕੀਤੀ।ਆਪੁ–ਅਪਣੇ ਆਪ ਨੂੰ।ਪੀਸਾਇ–ਪੀਹ ਕੇ।ਤੈ ਸਹ–ਹਰੀ! ਤੈਂ।ਬਾਤ ਨ ਪੂਛੀਐ–ਬਾਤ ਹੀ ਨਹੀਂ ਪੁੱਛੀ (ਮੇਰੇ ਵੱਲ ਧਿਆਨ ਹੀ ਨਹੀਂ ਦਿਤਾ ਮੇਰੀ ਕੀਤੀ ਘਾਲ ਤੇ ਖੁਸ਼ ਨਹੀ ਹੋਇਆ)।ਕਬਹੂ–ਕਦੇ ਵੀ।ਨ ਲਾਈ ਪਾਇ–ਚਰਨਾਂ ਨਾਲ ਨਹੀਂ ਲਾਇਆ (ਜੋੜਿਆ)।੬੫।

ਵਿਆਖਿਆ = ਜੀਵ ਇਸਤ੍ਰੀ ਪਤੀ ਮਾਲਕ ਨੂੰ ਪਾਉਣ ਦੇ ਅਨੇਕ ਜਤਨ (ਸਾਧਨ) ਕਰਦੀ ਹੈ।ਅਪਣੇ ਆਪ ਨੂੰ ਮਹਿੰਦੀ ਵਾਂਗ ਘਸਾ ਘਸਾ ਕੇ ਸਰੀਰ ਨੂੰ ਕਸ਼ਟ ਵੀ ਦਿਤੇ।ਸਾਧਨਾ ਦੇ ਹੰਕਾਰ ਜਾਂ ਕੋਈ ਕਮੀ ਹੋਣ ਕਰਕੇ ਪਤੀ ਮਾਲਕ ਤਕਦਾ ਨਹੀ।ਕਿਉਂਕਿ ਜੋ ਆਪਣੇ ਕੀਤੇ ਕਰਮਾਂ ਤੇ ਭਰੋਸਾ ਰਖਦੇ ਹਨ, ਹਰੀ ਉਨ੍ਹਾਂ ਤੇ ਨਹੀ ਰੀਝਦਾ।ਜੋ ਕੇਵਲ ਹਰੀ ਦੇ ਭਰੋਸੇ ਰਹਿੰਦੇ ਹਨ,ਹਰੀ ਨੂੰ ਪਾ ਲੈਂਦੇ ਹਨ। ਮਿਹਨਤ ਕਰਨਾ ਮਨੁੱਖ ਦਾ ਕਰਮ ਹੈ, ਫਲ ਦੇਣਾ ਹਰੀ ਦੇ ਹੱਥ ਹੈ,ਪਰ ਫਲ ਲਈ ਸਾਨੂੰ ਕਾਹਲੇ ਨਹੀ ਪੈਣਾ ਚਾਹੀਦਾ।ਇਹ ਉਸਦੀ ਮਰਜੀ ਹੈ,ਜਦੋਂ ਚਾਹੇ ਸਾਡੇ ਸਾਧਨ ਪ੍ਰਵਾਨ ਕਰ ਸਕਦਾ ਹੈ।ਸ਼ਬਦਾਰਥ ਦਾ ੯੪੭ ਅੰਗ ਤੇ ੧੫ ਵਾਂ ਨੋਟਃ– ਵਾਹਿਗੁਰੂ ਨੂੰ ਖੁਸ਼ ਕਰਨ ਲਈ ਮੈਂ ਬਹੁਤ ਮਿਹਨਤਾਂ ਨਾਲ ਸਾਧਨ ਸਾਧੇ, ਪਰ ਹਾਲੇ ਤਕ ਉਸ ਨੇ ਮੈਨੂੰ ਕਬੂਲ ਨਹੀ ਕੀਤਾ।ਗੁਰੂ ਜੀ ਅਗਲੇ ਸਲੋਕ ਵਿਚ ਕਬੀਰ ਜੀ ਦੇ ਖਿਆਲ ਦੀ ਸੁਧਾਈ ਵਿਚ ਦਸਦੇ ਹਨ ਕਿ ਹਰੀ ਦੀ ਮੇਹਰ ਕਿਸੇ ਸਾਧਨ ਦੀ ਦਬੇਲ ਨਹੀ ਹੈ।ਅਸਾਂ ਤਾਂ ਅਪਣੇ ਆਪ ਨੂੰ ਮਹਿੰਦੀ ਬਣਾ ਕੇ ਰਖਿਆ ਹੋਇਆ ਹੈ, ਜਦ ਵੀ ਉਸਦੀ ਮੇਹਰ ਹੋਈ, ਉਹ ਆਪ ਇਸ ਮਹਿੰਦੀ ਨੂੰ ਪੀਹ ਕੇ, ਰਗੜ ਕੇ ਲਾ ਲਵੇਗਾ।ਜਦੋਂ ਵੀ ਪ੍ਰਸੰਨ ਹੋ ਕੇ ਕਬੂਲਦਾ ਹੈ ,ਤਾਂ ਉਸਦੀ ਮੇਹਰ ਸਮਝਣੀ ਚਾਹੀਦੀ ਹੈ।ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ।(੪੬੩)।ਇਹ ਸਲੋਕ ੯੪੭ ਅੰਗ ਤੇ ਵੀ ਹੈ, ਉਥੇ ਗੁਰੂ ਅਮਰ ਦਾਸ ਜੀ ਨੇ ਨਾਲ ਜੁਆਬ ਵੀ ਦਿਤਾ ਹੈ {ਨਾਨਕ ਮਹਿਦੀ ਕਰਿ ਕੈ ਰਖਿਆ, ਸੋ ਸਹੁ ਨਦਰਿ ਕਰੇਇ।ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ।ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ।(੯੪੭)

ਕਬੀਰ ਜਿਹ ਦਰਿ ਆਵਤ ਜਾਤਿਅਹੁ, ਹਟਕੈ ਨਾਹੀ ਕੋਇ ॥ ਸੋ ਦਰੁ ਕੈਸੇ ਛੋਡੀਐ, ਜੋ ਦਰੁ ਐਸਾ ਹੋਇ ॥੬੬॥ ਕਬੀਰ ਜੀ ਆਖਦੇ ਹਨ, ਹੇ ਭਾਈ! ਜਿਸ ਸੱਤਸੰਗ ਰੂਪ ਦਰਵਾਜੇ ਤੋਂ ਆਉਂਦਿਆਂ ਜਾਂਦਿਆਂ ਨੂੰ ਕੋਈ ਰੋਕਦਾ ਨਹੀ ਹੈ (ਚਾਹੇ ਰਾਜਾ ਆਵੇ, ਚਾਹੇ ਕੰਗਾਲ ਅਤੇ ਨਾ ਹੀ appointment ਲੈਣ ਦੀ ਲੋੜ ਹੈ)।ਜਿਹੜਾ ਅਜੇਹਾ ਦਰ (ਅਰੋਕ ਤੇ ਸੁਖਦਾਈ) ਹੋਵੇ, ਉਹ ਸੱਤ ਸੰਗ ਰੂਪ ਦਰਵਾਜਾ ਕਿਉਂ ਛੱਡੀਏ (ਨਹੀ ਛੱਡਿਆ ਜਾਂਦਾ)।੬੬।

ਪਦਾਰਥ = ਜਿਹ ਦਰਿ–ਜਿਸ ਦਰ ਤੋਂ।ਆਵਤ ਜਾਤਿਅਹੁ–ਆਉਂਦਿਆਂ ਜਾਂਦਿਆਂ ਨੂੰ।ਹਟਕੈ ਨਾਹੀ–ਹਟਾਉਂਦਾ (ਰੋਕਦਾ) ਨਹੀ।੬੬।

ਵਿਆਖਿਆ = ਅਮੀਰਾਂ ਦੇ ਦਰਾਂ ਤੇ ਚੋਬਦਾਰ ਜਾਂ ਕੁੱਤੇ ਅੰਦਰ ਵੜਨ ਨਹੀਂ ਦੇਂਦੇ।ਪਰ ਸੰਗਤ ਦੇ ਦਰ ਤੇ ਕੋਈ ਰੋਕ ਟੋਕ ਨਹੀ।ਸ੍ਰੀ ਦਾਰਬਾਰ ਸਾਹਿਬ ਅੰਮ੍ਰਿਤਸਰ ਸਦਾ ਖੁਲ੍ਹਾ ਰਹਿੰਦਾ ਹੈ (ਜਦੋਂ ਮਰਜੀ ਕੋਈ ਆਵੇ ਜਾਵੇ)।੬੬।

ਅੰਗ ੧੩੬੮ = ਕਬੀਰ ਡੂਬਾ ਥਾ ਪੈ ਉਬਰਿਓ, ਗੁਨ ਕੀ ਲਹਰਿ ਝਬਕਿ ॥ ਜਬ ਦੇਖਿਓ ਬੇੜਾ ਜਰਜਰਾ, ਤਬ ਉਤਰਿ ਪਰਿਓ ਹਉ ਫਰਕਿ ॥੬੭॥ ਕਬੀਰ ਜੀ ਆਖਦੇ ਹਨ, ਮੈਂ ਸੰਸਾਰ ਸਮੁੰਦਰ ਵਿਚ ਡੁੱਬ ਚੱਲਾ ਸਾਂ, ਪਰ ਸ਼ੁੱਭ ਗੁਣਾਂ ਦੀ ਲਹਿਰ ਦੇ ਉਛਾਲ (ਝੋਲੇ) ਨਾਲ ਬਚ ਗਿਆ (ਪਹਿਲਾਂ ਮਾਇਆ ਦੇ ਮੋਹ ਦੀ ਨੀਂਦ ਵਿਚ ਘੂਕ ਸੁੱਤਾ ਸੀ, ਹੁਣ ਗਿਆਨ ਕਰਕੇ ਜਾਗ ਪਿਆ ਹਾਂ)।

ਦੂਜਾ ਅਰਥ = ਤਿੰਨਾਂ (ਰਜੋ, ਤਮੋ ਤੇ ਸਤੋ) ਗੁਣਾਂ ਰੂਪ ਲਹਿਰਾਂ ਦੀਆਂ ਛੱਲਾਂ ਵਿਚ ਡੁਬ ਰਿਹਾ ਸਾਂ, (ਪਰ ਗੁਰੂ ਦੇ ਸ਼ਬਦ ਕਰਕੇ) ਬਚ ਗਿਆ ਹਾਂ।ਜਦ ਮੈ ਸਰੀਰ ਰੂਪ ਬੇੜਾ ਪੁਰਾਣਾ ਹੁੰਦਾ (ਵਿਕਾਰਾਂ ਦੇ ਛੇਕ ਹੋਏ) ਦੇਖਿਆ ਤਾਂ ਉਸੇ ਵੇਲੇ ਮੈਂ ਤੁਰੰਤ (ਸਰੀਰ ਬੇੜੇ ਤੋਂ) ਉਤਰ ਪਿਆ (ਦੇਹ ਅਭਿਮਾਨ ਚੋਂ ਨਿਕਲ ਕੇ ਨਿਜ ਸਰੂਪ ਨੂੰ ਜਾਣ ਲਿਆ) ਜਾਂ ਬੇੜੇ ਤੋਂ ਉਤਰ ਕੇ (ਅਪਣੇ ਆਪ ਨੂੰ) ਜੁਦਾ ਕਰ ਲਿਆ (ਟਕਸਾਲ; ਫ.ਸ.)।੬੭।

ਪਦਾਰਥ = ਡੂਬਾ ਥਾ–ਡੁਬ ਰਿਹਾ ਸੀ।ਪੈ–ਪਰ; ਫਿਰ।ਉਬਰਿਓ–ਬਚ ਗਿਆ।ਝਬਕਿ–ਉਛਾਲ (ਝਬੱਕ ਨਹੀਂ ਬੋਲਣਾ); ਝੋਲਾ; ਝੱਬ

ਦੇ; ਛੇਤੀ (ਮ. ਕੋ.; ਟਕਸਾਲ)। ਜਬ-ਜਦੋਂ। ਬੇੜਾ-ਸਰੀਰ ਰੂਪ ਬੇੜਾ। ਜਰਜਰਾ-ਪੁਰਾਣਾ। ਉਤਰਿ ਪਰਿਓ-ਉਤਰ ਪਿਆ ਹਾਂ। ਹਉ-ਮੈਂ। ਫਰਕਿ-ਫੜੱਕ-ਤੁਰੰਤ (ਛੇਤੀ); ਅਲੱਗ (ਜੁਦਾ)।੬੭।

ਕਬੀਰ ਪਾਪੀ ਭਗਤਿ ਨ ਭਾਵਈ, ਹਰਿ ਪੂਜਾ ਨ ਸੁਹਾਇ ॥ ਮਾਖੀ ਚੰਦਨੁ ਪਰਹਰੈ, ਜਹ ਬਿਗੰਧ ਤਹ ਜਾਇ ॥੬੮॥ ਕਬੀਰ ਜੀ ਆਖਦੇ ਹਨ, ਪਾਪੀ ਪੁਰਸ਼ ਨੂੰ (ਨਾਮ ਸਿਮਰਨ ਦੀ) ਭਗਤੀ ਚੰਗੀ ਨਹੀ ਲਗਦੀ, ਨਾ ਹੀ ਹਰੀ ਦੀ ਪੂਜਾ ਕਰਨੀ ਸੁਖਾਉਂਦੀ ਹੈ। ਜਿਵੇਂ ਮੱਖੀ ਚੰਦਨ ਦੀ ਮਹਿਕ ਛਡ ਦਿੰਦੀ ਹੈ, ਜਿਥੇ ਦੁਰਗੰਧ ਹੋਵੇ, ਉਥੇ ਜਾ ਬੈਠਦੀ ਹੈ (ਪਾਪੀ ਜੀਵ ਰੂਪ ਮੱਖੀ, ਚੰਦਨ ਰੂਪ ਗੁਰਮੁਖਾਂ ਦੇ ਸੰਗ (ਜਾਂ ਨਾਮ) ਨੂੰ ਛਡ ਕੇ ਜਿਥੇ ਵਿਸ਼ਿਆਂ ਦੀ ਬਦਬੋ ਹੋਵੇ ਉਥੇ ਸਾਕਤਾਂ ਕੋਲ ਜਾ ਬੈਠਦੀ ਹੈ)।੬੮।

ਪਦਾਰਥ = ਨ ਭਾਵਈ-ਚੰਗੀ ਨਹੀ ਲਗਦੀ। ਨ ਸੁਹਾਇ-ਨਹੀ ਸੁਖਾਉਂਦੀ (ਚੰਗੀ ਨਹੀ ਲਗਦੀ)। ਮਾਖੀ-ਮੱਖੀ। ਪਰਹਰੈ-ਛਡ ਦੇਂਦੀ ਹੈ। ਜਹ-ਜਿੱਥੇ। ਬਿਗੰਧ-ਬਦਬੋ (ਵਿਸ਼ਿਆਂ ਦੀ)। ਤਹ-ਉਥੇ।੬੮।

ਕਬੀਰ ਬੈਦੁ ਮੂਆ ਰੋਗੀ ਮੂਆ, ਮੂਆ ਸਭੁ ਸੰਸਾਰੁ ॥ ਏਕੁ ਕਬੀਰਾ ਨਾ ਮੂਆ, ਜਿਹ ਨਾਹੀ ਰੋਵਨਹਾਰੁ ॥੬੯॥ ਕਬੀਰ ਜੀ ਆਖਦੇ ਹਨ, ਵੈਦ ਮਰ ਗਿਆ, ਰੋਗੀ ਵੀ ਮਰ ਗਿਆ, ਸਾਰਾ ਸੰਸਾਰ ਹੀ (ਵਿਕਾਰਾਂ ਦੇ ਰੋਗਾਂ ਕਰਕੇ ਆਤਮਕ ਮੌਤੇ) ਮਰਿਆ ਹੋਇਆ ਹੈ। ਨਕਲੀ ਗੁਰੂ ਰੂਪ ਬੈਦ ਮਰ ਗਿਆ ਤੇ ਕਾਮਾਦਿਕਾਂ ਦੇ ਰੋਗਾਂ ਕਰਕੇ ਰੋਗੀ ਪੁਰਸ਼ ਵੀ ਮਰ ਗਏ, ਇਸ ਤਰ੍ਹਾਂ ਸਾਰਾ ਸੰਸਾਰ ਹੀ ਮਰ ਰਿਹਾ ਹੈ। ਪਰ ਇਕ ਮਹਾਨ ਪ੍ਰਭੂ (ਕਦੇ) ਨਹੀ ਮਰਦਾ (ਅਬਿਨਾਸੀ ਹੈ), ਜਿਸ ਹਰੀ ਨੂੰ ਕੋਈ ਰੋਣ ਵਾਲਾ ਨਹੀ; ਇਕ ਮੈ ਕਬੀਰ ਨੇ ਨਹੀ ਮਰਨਾ, ਜਿਸ ਕਬੀਰ ਨੂੰ ਵੀ ਕੋਈ ਰੋਣ ਵਾਲਾ ਨਹੀ ਹੈ (ਰੋਣ ਵਾਲੇ ਸਾਰੇ ਸਾਕ ਸਬੰਧੀ ਛਡੇ ਹੋਏ ਹਨ)।੬੯।

ਮੈ ਨ ਮਰਉ ਮਰਿਬੋ ਸੰਸਾਰਾ। ਅਬ ਮੋਹਿ ਮਿਲਿਓ ਹੈ ਜੀਆਵਨਹਾਰਾ। (੩੨੫)

ਕਬੀਰ ਰਾਮੁ ਨ ਧਿਆਇਓ, ਮੋਟੀ ਲਾਗੀ ਖੋਰਿ ॥ ਕਾਇਆ ਹਾਂਡੀ ਕਾਠ ਕੀ, ਨ ਓਹ ਚਰ੍ਹੈ ਬਹੋਰਿ ॥੭੦॥ ਕਬੀਰ ਜੀ ਕਹਿੰਦੇ ਹਨ ਕਿ ਇਸ ਮਨੁੱਖ ਨੇ ਹਰੀ ਨੂੰ ਨਹੀ ਧਿਆਇਆ, ਇਸ ਨੂੰ (ਵਿਕਾਰਾਂ ਵਿਚ ਰਹਿਣ ਦੀ) ਵੱਡੀ ਆਦਤ ਲਗੀ ਹੋਈ ਹੈ; (ਵਿਕਾਰ ਅੰਦਰੋਂ) ਬਹੁਤ ਖੋਖਲਾ ਕਰੀ ਜਾਂਦੇ ਹਨ; ਬਹੁਤ ਖੋਟ (ਮਨਮੁਖਤਾ ਦਾ) ਲਗਾ ਹੈ। ਮਨੁੱਖਾ ਸਰੀਰ ਲੱਕੜ ਦੀ ਤੌੜੀ ਵਾਂਗ ਹੈ (ਜਿਵੇਂ ਲੱਕੜ ਦੀ ਤੌੜੀ ਚੁਲ੍ਹੇ ਤੇ ਰਖੀ ਹੋਈ ਸੜ ਜਾਂਦੀ ਹੈ, ਦੂਜੀ ਵਾਰ ਨਹੀ ਚੜ੍ਹ ਸਕਦੀ) ਇਸੇ ਤਰ੍ਹਾਂ (ਕਾਲ ਦੀ ਅੱਗ ਵਿਚ ਸੜਿਆ) ਸਰੀਰ ਮੁੜ ਦੂਜੀ ਵਾਰ ਮਿਲਣਾ ਕਠਨ ਹੈ।੭੦।

ਪਦਾਰਥ = ਰਾਮੁ-ਸਰਬ ਵਿਆਪਕ ਪ੍ਰਭੂ। ਮੋਟੀ ਖੋਰਿ-ਭਾਰੀ (ਬਹੁਤ ਭੇੜੀ) ਆਦਤ; ਖੋਖਲਾ; ਬਹੁਤ ਖੋਟ; ਕਾਲ ਦੀ ਮੋਟੀ ਖੋਰੀ (ਗੰਨਿਆਂ ਦੇ ਤੱਥੇ)। ਕਾਇਆ-ਸਰੀਰ। ਹਾਂਡੀ-ਤੌੜੀ। ਕਾਠ ਕੀ-ਲੱਕੜੀ ਦੀ। ਨ ਓਹ ਚਰੈ-ਉਹ (ਤੌੜੀ) ਨਹੀ ਚੜ੍ਹਦੀ (ਚੁੱਲ੍ਹੇ ਤੇ)। ਬਹੋਰਿ-ਮੁੜ ਕੇ; ਦੂਜੀ ਵਾਰ।੭੦।

ਕਬੀਰ ਐਸੀ ਹੋਇ ਪਰੀ, ਮਨ ਕੋ ਭਾਵਤੁ ਕੀਨੁ ॥ ਮਰਨੇ ਤੇ ਕਿਆ ਡਰਪਨਾ, ਜਬ ਹਾਥਿ ਸਿਧਉਰਾ ਲੀਨ ॥੭੧॥ (ਕੋਈ ਮਨੁੱਖ ਸਾਧ ਬਣ ਗਿਆ, ਪਰ ਜੀਵਨ ਨਾ ਸੁਧਾਰ ਸਕਿਆ। ਆਚਰਣ ਤੋਂ ਡਿਗਿਆ ਦੇਖ ਕੇ) ਕਬੀਰ ਜੀ ਆਖਦੇ ਹਨ, ਹੇ ਭਾਈ! ਜੇ ਅਜੇਹੀ ਗੱਲ ਹੋ ਗਈ ਹੈ (ਸਾਧਾਂ ਦਾ ਭੇਖ) ਮਨ ਮਰਜੀ ਅਨੁਸਾਰ ਧਾਰਨ ਕੀਤਾ ਹੈ (ਸਾਧ ਬਣ ਕੇ ਮਨ ਮਾਨੀਆਂ ਕਰਦਾ ਹੈਂ, ਹੁਣ ਪਾਪਾਂ ਕਰਕੇ ਮੌਤ ਤੋਂ ਡਰਦਾ ਹੈਂ)। ਦੂਜਾ ਅਰਥ = ਅਜੇਹੀ ਗਲ ਹੋ ਪਈ ਹੈ, ਮਨ ਭਾਉਂਦਾ ਫਕੀਰੀ ਦਾ ਭੇਖ ਧਾਰਣ ਕਰ ਲਿਆ ਹੈ (ਪਰ ਅੰਦਰੋਂ ਮੌਤ ਦਾ ਡਰ ਨਹੀ ਗਿਆ)।

(ਪਤੀ ਨਾਲ ਸਤੀ ਹੋਣ ਵਾਲੀ ਇਸਤ੍ਰੀ ਨੇ) ਜਦ ਹੱਥ ਵਿਚ ਸਿਧੌਰਾ ਫੜ ਲਿਆ ਤਾਂ (ਫਿਰ ਸੜ) ਮਰਨ ਤੋਂ ਕੀ ਡਰਨਾ ਹੈ? ਵ ਹੇ ਫਕੀਰ! ਤੇਰੇ ਨਾਲੋਂ ਤਾਂ ਉਹ ਸਤੀ ਹੋਣ ਵਾਲੀ ਔਰਤ ਚੰਗੀ ਹੈ, ਜਿਸ ਨੇ ਜਦ ਹੱਥ ਵਿਚ ਸਿਧੌਰਾ ਫੜ ਲਿਆ ਤਾਂ ਉਹ (ਨਿਸਚੇ ਕਰ ਲੈਂਦੀ ਹੈ ਕਿ) ਹੁਣ ਮਰਨ ਤੋਂ ਕੀ ਡਰਨਾ ਹੈ? ਭਾਵ ਜਦ ਫਕੀਰੀ ਦਾ ਭੇਖ (ਸਿਧੌਰਾ) ਧਾਰ ਲਿਆ, ਫਿਰ ਜੀਵਤ ਭਾਵ ਦੇ ਮਰਨ ਤੋਂ ਕੀ ਡਰਨਾ ਹੈ। ਦੂਜਾ ਅਰਥ = (ਜਿਸ ਸੂਰਮੇ ਨੇ ਜੰਗ ਕਰਨ ਲਈ) ਹੱਥ ਵਿਚ ਸਿਧੌਰਾ (ਪਾਨਾਂ ਦਾ ਬੀੜਾ ਜਾਂ ਖੰਡਾ) ਫੜ ਲਿਆ ਤਾਂ ਫਿਰ ਜੰਗ ਵਿਚ ਮਰਨ ਤੋਂ ਕੀ ਡਰਨਾ ਹੈ (ਡਰ ਕੇ ਭੱਜ ਜਾਣ ਤੇ ਨਰਕਾਂ ਵਿਚ ਜਾਂਦਾ ਹੈ)।

ਪਦਾਰਥ = ਹੋਇ ਪਰੀ-ਹੋ ਪਈ ਹੈ। ਮਨ ਕੋ ਭਾਵਤੁ-ਮਨ ਭਾਉਂਦੀ ਗੱਲ; ਮਨ ਮਰਜੀ। ਕੀਨੁ-ਕੀਤਾ। ਮਰਨੇ ਤੇ-ਮਰਨ ਤੋਂ। ਜਬ-ਜਦੋਂ। ਹਾਥਿ-ਹੱਥ ਵਿਚ। ਸਿਧਉਰਾ-ਪਤੀ ਦੇ ਨਾਲ ਮਰ ਕੇ ਸਤੀ ਹੋਣ ਵਾਲੀ ਔਰਤ ਇਕ ਥਾਲੀ ਵਿਚ ਸੰਧੂਰ, ਨਾਰੀਅਲ, ਫੁੱਲ, ਸੁਪਾਰੀ ਤੇ ਚੌਲ ਰੱਖ ਕੇ ਪਤੀ ਦੇ ਮੱਥੇ ਤੇ ਸੰਧੂਰ ਦਾ ਤਿਲਕ ਲਾ ਕੇ ਚਿਖਾ ਦੀ ਪ੍ਰਕਰਮਾ ਕਰਦੀ ਹੋਈ ਲੋਕਾਂ ਤੇ ਸੰਧੂਰ ਛਿੜਕਦੀ ਹੋਈ, ਅਸ਼ੀਰ ਵਾਦ ਲੈਂਦੀ ਹੋਈ,ਪਤੀ ਦੀ ਲੋਥ ਨਾਲ ਬੈਠ ਜਾਂਦੀ ਹੈ ਤੇ ਅੱਗ ਲਾਉਣ ਦੀ ਆਗਿਆ ਕਰਦੀ ਹੈ; ਪਾਨਾਂ ਦਾ ਬੀੜਾ (ਜੰਗ ਵਿਚ ਜਾਣ ਸਮੇਂ ਸੂਰਮੇ ਨੂੰ ਖਾਣ ਲਈ ਪਾਨ ਦੇਣਾ) ;ਖੰਡਾ। (ਮ.ਕੋ.)। ਲੀਨ-ਲੈ ਲਿਆ।੭੧।

ਕਬੀਰ ਰਸ ਕੋ ਗਾਂਡੋ ਚੂਸੀਐ, ਗੁਨ ਕਉ ਮਰੀਐ ਰੋਇ ॥ ਅਵਗੁਨੀਆਰੇ ਮਾਨਸੈ, ਭਲੋ ਨ ਕਹਿਹੈ ਕੋਇ ॥੭੨॥ ਹੇ ਕਬੀਰ! ਜਿਵੇਂ ਰਸ ਲੈਣ ਲਈ ਗੰਨਾ ਚੂਪੀਦਾ ਹੈ, ਇਸੇ ਤਰ੍ਹਾਂ (ਆਤਮ ਰਸ ਨਾਲ ਭਰੇ ਹੋਏ ਗੁਰਮੁਖਾਂ ਤੋਂ ਚੰਗੇ ਗੁਣ ਲੈ ਲਈਏ, ਜੇ ਗੁਣ ਨਾ ਮਿਲਣ

ਤਾਂ) ਸ਼ੁੱਭ ਗੁਣਾਂ ਲਈ ਉਨ੍ਹਾਂ ਗੁਰਮੁਖਾਂ ਅੱਗੇ ਰੋ ਮਰੀਏ (ਆਪਾ ਭਾਵ ਛੱਡ ਕੇ ਨਿਮ੍ਰਤਾ ਨਾਲ ਸੇਵਾ ਕਰੀਏ, ਤਾਂ ਜੋ ਗੁਣ ਮਿਲ ਜਾਣ) ਭਾਵ ਗੁਣ ਲੈਣ ਲਈ ਭਾਵੇਂ ਕਿੰਨਾ ਹੀ ਦੁਖ ਝੱਲਣਾ ਪਵੇ, ਫਿਰ ਵੀ ਯਤਨ ਕਰਨਾ ਚਾਹੀਦਾ ਹੈ (ਗੰਨਾ ਅਪਣਾ ਆਪ ਗੁਆ ਕੇ ਖੰਡ ਬਣਦਾ ਹੈ, ਇਸੇ ਤਰ੍ਹਾਂ ਅਪਣਾ ਆਪ ਗੁਆ ਕੇ ਹੀ ਗੁਣਵਾਨ ਬਣਿਆ ਜਾਂਦਾ ਹੈ)। ਜਿਹੜੇ ਔਗਣਾਂ ਵਾਲੇ ਪਾਪੀ ਮਨੁੱਖ ਹਨ, ਉਨ੍ਹਾਂ ਨੂੰ ਕੋਈ ਭਲਾ ਨਹੀ ਕਹਿੰਦਾ।੭੨। ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ। ਖੁੰਢਾ ਅੰਦਰਿ ਰਖਿ ਕੇ ਦੇਨਿ ਸੁ ਮਲ ਸਜਾਇ।... ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ। (੧੪੩)

ਪਦਾਰਥ = ਰਸ ਕੋ–ਰਸ (ਲੈਣ) ਲਈ। ਗਾਂਡੋ–ਗੰਨਾ; ਗੰਡੇਰੀ (ਗੰਨੇ ਦਾ ਛੋਟਾ ਟੁਕੜਾ)। ਚੂਸੀਐ–ਚੂਪੀਦਾ ਹੈ। ਮਰੀਐ–ਰੋਇ–ਰੋ ਮਰੀਏ (ਆਪਾ ਭਾਵ ਛਡ ਕੇ ਸੇਵਾ ਕਰੀਏ)। ਅਵਗੁਨੀਆਰੇ ਮਾਨਸੈ–ਔਗਣਾਂ ਵਾਲੇ ਮਨੁੱਖ ਨੂੰ। ਨ ਕਹਹਿ–ਨਹੀਂ ਕਹਿੰਦਾ।੭੨।

ਵਿਆਖਿਆ = ਗੰਨਾ ਦੇਖਣ ਨੂੰ ਬਾਂਸ ਵਰਗਾ ਹੈ, ਗੰਨੇ ਦੇ ਰਸ ਨਾਲ ਕਈ ਪ੍ਰਕਾਰ ਦੀਆਂ ਮਠਿਆਈਆਂ ਬਣਦੀਆਂ ਹਨ। ਬਾਂਸ ਸਖਤ ਅਤੇ ਰਸ ਹੀਣ ਹੈ। ਇਸੇ ਤਰ੍ਹਾਂ ਗੁਣਵਾਨ ਮਨੁੱਖ ਮਿੱਠੇ ਸੁਭਾਵ ਦੇ ਪਰਉਪਕਾਰੀ ਹੁੰਦੇ ਹਨ। ਬਾਂਸ ਵਾਂਗ ਰਸ ਹੀਣ ਕਠੋਰ ਚਿਤ ਵਾਲਿਆਂ ਨੂੰ ਸਭ ਕੋਈ ਬੁਰਾ ਹੀ ਕਹਿੰਦਾ ਹੈ।੭੨।

ਕਬੀਰ ਗਾਗਰਿ ਜਲ ਭਰੀ, ਆਜੁ ਕਾਲਿ ਜੈ ਹੈ ਫੂਟਿ ॥ ਗੁਰੁ ਜੋ ਨ ਚੇਤਹਿ ਆਪਨੋ, ਅਧ ਮਾਝਿ ਲੀਜਹਿਗੇ ਲੂਟਿ ॥੭੩॥ ਹੇ ਕਬੀਰ! ਸਰੀਰ ਰੂਪ ਗਾਗਰ ਸੁਆਸਾਂ ਰੂਪ ਪਾਣੀ ਨਾਲ ਭਰੀ ਹੋਈ ਹੈ ਜੋ ਅੱਜ ਜਾਂ ਕਲ੍ਹ ਨੂੰ ਫੁੱਟ ਜਾਣੀ ਹੈ (ਛੇਤੀ ਨਾਸ ਹੋ ਜਾਏਗੀ)। ਜੋ ਮਨੁੱਖ ਅਪਣੇ ਗੁਰੂ ਨੂੰ ਨਹੀ ਯਾਦ ਕਰਦੇ, (ਉਹ ਗੁਰੂ ਤੋਂ ਬੇਮੁਖ ਲੋਕ) ਅਧ ਵਿਚਾਲੇ (ਪ੍ਰਲੋਕ ਦੇ ਰਸਤੇ ਵਿਚ ਜਮ ਦੂਤ ਵੱਲੋਂ) ਲੁੱਟ ਲਏ ਜਾਣਗੇ (ਪ੍ਰਲੋਕ ਦੇ ਰਸਤੇ ਜਮਾਂ ਦੀ ਮਾਰ ਤੋਂ ਬਚਣ ਲਈ ਮਨੁੱਖ ਅਪਣੇ ਸਾਰੇ ਪੁੰਨ ਕਰਮ ਲੁਟਾ ਦੇਂਦਾ ਹੈ) ਭਾਵ ਜੀਵਨ ਦਾ ਕੋਈ ਕੰਮ ਸਫਲ ਨਹੀ ਹੁੰਦਾ।੭੩। ਜਪ ਤਪ ਸੰਜਮ ਕਰਮ ਕਮਾਣੇ, ਇਹਿ ਓਰੈ ਮੂਸੇ। (੨੧੬)

ਪਦਾਰਥ = ਗਾਗਰਿ–ਸਰੀਰ ਰੂਪ ਗਾਗਰ। ਜਲ ਭਰੀ–ਸੁਆਸਾਂ ਰੂਪ ਜਲ ਨਾਲ ਭਰੀ ਹੋਈ ਹੈ। ਆਜੁ ਕਾਲਿ–ਅੱਜ ਜਾਂ ਕਲ੍ਹ ਨੂੰ। ਜੈ ਹੈ ਫੂਟਿ–ਫੁੱਟ (ਨਾਸ਼ ਹੋ) ਜਾਣੀ ਹੈ। ਨ ਚੇਤਹਿ–ਨਹੀਂ ਯਾਦ ਕਰਦੇ। ਅਧ ਮਾਝਿ–ਅਧ ਵਿਚਾਲੇ। ਲੀਜਹਿਗੇ ਲੂਟਿ–ਲੁੱਟ ਲਏ ਜਾਣਗੇ।੭੩।

ਕਬੀਰ ਕੂਕਰੁ ਰਾਮ ਕੋ, ਮੁਤੀਆ ਮੇਰੋ ਨਾਉ ॥ ਗਲੇ ਹਮਾਰੇ ਜੇਵਰੀ, ਜਹ ਖਿੰਚੈ ਤਹ ਜਾਉ ॥੭੪॥ ਕਬੀਰ ਜੀ ਆਖਦੇ ਹਨ, ਮੈਂ ਰਾਮ ਦਾ ਕੁੱਤਾ ਹਾਂ ਅਤੇ ਮੋਤੀ ਮੇਰਾ ਨਾਮ ਹੈ (ਹਰੀ ਦਾ ਪਿਆਰਾ ਸੇਵਕ ਹਾਂ) {ਹਮ ਕੂਕਰ ਤੇਰੇ ਦਰਬਾਰਿ। ਭਉਕਹਿ ਆਗੈ ਬਦਨੁ ਪਸਾਰਿ ੯੬੯}। ਮੇਰੇ ਗਲ ਵਿਚ ਹੁਕਮ (ਜਾਂ ਪ੍ਰਾਲਬਧ) ਰੂਪ ਰੱਸੀ (ਪਈ ਹੋਈ) ਹੈ, ਜਿਧਰ ਮਾਲਕ ਖਿਚਦਾ ਹੈ, ਉਧਰ ਹੀ ਜਾਂਦਾ ਹਾਂ (ਹਰੀ ਦੀ ਆਗਿਆ ਵਿਚ ਚਲਦਾ ਹਾਂ)।੭੪। ਗਲਿ ਜੇਵਰੀ ਆਪੇ ਪਾਇਦਾ ਪਿਆਰਾ, ਜਿਉ ਪ੍ਰਭੁ ਖਿੰਚੈ ਤਿਉ ਜਾਹਾ। (੬੦੬)

ਪਦਾਰਥ = ਮੁਤੀਆ–ਮੋਤੀ (ਆਮ ਤੌਰ ਤੇ ਕੁੱਤੇ ਦਾ ਨਾਮ ਮੋਤੀ ਧਰ ਲਈਦਾ ਹੈ); ਤਾਬਿਆਦਾਰ (ਫਾ:); ਮੁਕਤ (ਸੰਸਾਰ ਦੇ ਬੰਧਨਾਂ ਤੋਂ ਛੁੱਟ ਗਿਆ ਹਾਂ)। ਜੇਵਰੀ–(ਕੁੱਤੇ ਦੇ ਗਲ ਦਾ ਪਟਾ) ਪ੍ਰੇਮ; ਹੁਕਮ; ਪ੍ਰਾਲਬਧ ਰੂਪ ਰੱਸੀ {ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨੁ ੪੮੭}। ੭੪।

ਕਬੀਰ ਜਪਨੀ ਕਾਠ ਕੀ, ਕਿਆ ਦਿਖਲਾਵਹਿ ਲੋਇ ॥ ਹਿਰਦੈ ਰਾਮੁ ਨ ਚੇਤਹੀ, ਇਹ ਜਪਨੀ ਕਿਆ ਹੋਇ ॥੭੫॥ ਕਬੀਰ ਜੀ ਆਖਦੇ ਹਨ, ਹੇ ਭਾਈ! ਲਕੜੀ ਦੇ ਮਣਕਿਆਂ ਦੀ ਮਾਲਾ (ਹੱਥ ਵਿਚ ਲੈ ਕੇ) ਲੋਕਾਂ ਨੂੰ ਕੀ ਦਿਖਾਉਂਦਾ ਹੈਂ? ਕਿਉਂਕਿ ਤੂੰ ਹਿਰਦੇ ਵਿਚ ਤਾਂ ਰਾਮ ਨੂੰ ਸਿਮਰਦਾ ਨਹੀ, ਇਹ ਮਾਲਾ ਫੇਰਨ (ਨਾਲ ਕੀ ਫਲ ਪ੍ਰਾਪਤ) ਹੋਣਾ ਹੈ?।੭੫।

ਪਦਾਰਥ = ਜਪਨੀ–ਮਾਲਾ। ਕਾਠ–(ਕਈ ਬੈਰਾਗੀ ਸਾਧ) ਲਕੜੀ ਦੇ ਮਣਕਿਆਂ ਦੀ ਮਾਲਾ ਫੇਰਦੇ ਹਨ। ਲੋਇ–ਲੋਕਾਂ ਨੂੰ। ਨ ਚੇਤਹੀ–ਸਿਮਰਦਾ ਨਹੀ।੭੫। ਇਕ ਵਾਰ ਸ਼ਾਹ ਜਹਾਨ ਨੇ ਸਾਈਂ ਮੀਆਂ ਮੀਰ ਨੂੰ ਖਜੂਰਾਂ ਦੀ ਮਾਲਾ ਭੇਟ ਕੀਤੀ। ਆਪ ਜੀ ਨੇ ਦਾਰਾ ਨੂੰ ਦੇ ਦਿਤੀ, ਕਹਿੰਦੇ ਮਾਲਾ ਤਾਂ ਮਨ ਦੀ ਹੈ। ਜ਼ਬਾਨ ਤੇ ਅੱਲਾ ਦਾ ਨਾਮ ਹੋਣਾ ਚਾਹੀਦਾ ਹੈ (ਤਸਬੀਹ ਬ ਮਨ ਅਜਬ ਦਰ ਆਮਦ ਬ ਜ਼ਬਾਨ)

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ, ਮੰਤੁ ਨ ਮਾਨੈ ਕੋਇ ॥ ਰਾਮ ਬਿਓਗੀ ਨਾ ਜੀਐ, ਜੀਐ ਤ ਬਉਰਾ ਹੋਇ ॥੭੬॥ ਕਬੀਰ ਜੀ ਆਖਦੇ ਹਨ, ਹਰੀ ਦਾ ਵਿਛੋੜਾ ਸੱਪ ਵਾਂਗ ਹੈ, ਜੋ ਮਨ ਵਿਚ ਵਸ ਰਿਹਾ ਹੈ, ਇਹ ਦੁਨੀਆਂਵੀ ਮੰਤ੍ਰ ਨੂੰ ਮੰਨਦਾ ਹੀ ਨਹੀ। (ਅਜੇਹਾ ਪ੍ਰੇਮੀ) ਹਰੀ ਤੋਂ ਵਿਛੜ ਕੇ ਜਿਉਂਦਾ ਨਹੀ, ਜੇ ਜੀਵੇ ਵੀ, ਤਾਂ ਸੰਸਾਰ ਵੱਲੋਂ ਮਸਤਾਨਾ (ਬੇ ਪ੍ਰਵਾਹ) ਹੋ ਕੇ ਜਿਉਂਦਾ ਹੈ ਭਾਵ ਉਹ ਸੰਸਾਰ ਦੇ ਬਿਹਾਰਾਂ ਵਿਚ ਮਨ ਨਹੀ ਲਗਾਉਂਦਾ।੭੬।

ਪਦਾਰਥ = ਬਿਰਹੁ–ਪ੍ਰੇਮ ਦਾ ਵਿਛੋੜਾ। ਭੁਯੰਗਮੁ–ਸੱਪ। ਮਨਿ–ਮਨ ਵਿਚ। ਮੰਤੁ–ਮੰਤ੍ਰ। ਨ ਮਾਨੈ–ਨਹੀਂ ਮੰਨਦਾ (ਕੀਲਿਆ ਨਹੀਂ ਜਾਂਦਾ)। ਜੀਐ–ਜੇ ਜਿਉਂਦਾ ਹੈ। ਤ–ਤਾਂ। ਰਾਮ ਬਿਓਗੀ–ਰਾਮ ਤੋਂ ਵਿਛੜਿਆ। ਬਉਰਾ–ਮਸਤਾਨਾ।੭੬।

ਵਿਆਖਿਆ = ਦੁਨਿਆਵੀ ਸੱਪ ਤਾਂ ਮੰਤ੍ਰ ਨਾਲ ਬਸ ਹੋ ਜਾਂਦੇ ਹਨ, ਪਰ ਵਿਛੋੜਾ ਜਾਂ ਪ੍ਰੇਮ ਰੂਪ ਸੱਪ ਜਿਸ ਨੂੰ ਡੰਗ ਜਾਵੇ, ਇਸ ਤੇ ਕੋਈ ਮੰਤ੍ਰ ਨਹੀ ਚਲਦਾ। ਇਹ ਸੱਪ ਦੁਨੀਆਂ ਦੇ ਬਿਹਾਰਾਂ (ਲੋਕਾਂ ਦੀਆ ਸਲਾਹਾਂ, ਮਾਇਕ ਧੰਧਿਆਂ ਦੀਆਂ ਗੱਲਾਂ ਬਾਤਾਂ) ਰੂਪ ਮੰਤ੍ਰ ਨੂੰ ਨਹੀ ਮੰਨਦਾ। ਪ੍ਰੇਮ ਦਾ ਸੱਪ ਅਜੇਹਾ ਡੰਗਦਾ ਹੈ, ਉਹ ਜੀਵਤ ਭਾਵ ਤੋਂ ਮਰ ਕੇ ਮੁਕਤ ਹੋ ਜਾਂਦਾ ਹੈ। ਸੰਸਾਰ ਵਿਚ ਜੀਣ ਸਮੇਂ ਵੀ ਨਾਮ

ਖੁਮਾਰੀ ਵਿਚ ਰਹਿੰਦਾ ਹੈ।੭੬।

ਕਬੀਰ ਪਾਰਸ ਚੰਦਨੈ, ਤਿਨ ਹੈ ਏਕ ਸੁਗੰਧ ॥ ਤਿਹ ਮਿਲਿ ਤੇਊ ਊਤਮ ਭਏ, ਲੋਹ ਕਾਠ ਨਿਰਗੰਧ ॥੭੭॥ ਕਬੀਰ ਜੀ ਆਖਦੇ ਹਨ, ਪਾਰਸ ਤੇ ਚੰਦਨ ਜੋ ਹਨ, ਤਿਨ੍ਹਾਂ ਦੋਹਾਂ ਦਾ ਇਕੋ ਹੀ ਸੁਭਾਵ ਹੈ। ਇਨ੍ਹਾਂ (ਦੋਹਾਂ) ਨਾਲ ਮਿਲ ਕੇ ਉਹ ਵੀ ਉਤਮ ਹੋ ਗਏ ਹਨ (ਨਿਕੰਮਾ ਲੋਹਾ ਪਾਰਸ ਨਾਲ ਮਿਲ ਕੇ ਸੋਨਾ ਹੋ ਜਾਂਦਾ ਹੈ ਅਤੇ ਚੰਦਨ ਨਾਲ ਮਿਲ ਕੇ ਸਧਾਰਨ ਦਰੱਖਤ ਚੰਦਨ ਰੂਪ ਹੋ ਜਾਂਦਾ ਹੈ। ਇਸੇ ਤਰ੍ਹਾਂ ਪਾਰਸ ਤੇ ਚੰਦਨ ਰੂਪ ਗੁਰੂ ਦਾ ਸੰਗ ਕਰਕੇ ਲੋਹੇ ਵਾਂਗ ਕਾਲੇ ਤੇ ਕਠੋਰ ਚਿਤ ਵਾਲੇ ਮਨੁੱਖ ਸੋਨਾ, ਅਤੇ ਨਾਮ ਹੀਣ ਪੁਰਸ਼ ਗੁਰਮੁਖ ਬਣ ਜਾਂਦੇ ਹਨ)।੭੭।

ਪਦਾਰਥ = ਪਾਰਸ–ਇਕ ਅਦਭੁਤ ਪੱਥਰ ਜੋ ਲੋਹੇ ਨੂੰ ਸੋਨਾ ਬਣਾ ਦੇਂਦਾ ਹੈ। ਚੰਦਨੈ–ਚੰਦਨ ਵਿਚ। ਸੁਗੰਧ–ਸੁਭਾਵ; ਗੁਣ। ਤਿਹ–ਉਸ। ਤੇਊ–ਉਸ; ਉਹ ਵੀ। ਕਾਠ–ਲੱਕੜੀ। ਨਿਰਗੰਧ–ਮਹਿਕ ਹੀਣ ਲੱਕੜੀ।੭੭।

ਕਬੀਰ ਜਮ ਕਾ ਠੇਂਗਾ ਬੁਰਾ ਹੈ, ਓਹੁ ਨਹੀ ਸਹਿਆ ਜਾਇ ॥ ਏਕੁ ਜੁ ਸਾਧੂ ਮੋੁਹਿ ਮਿਲਿਓ, ਤਿਨ੍ਹਿ ਲੀਆ ਅੰਚਲਿ ਲਾਇ ॥੭੮॥ ਕਬੀਰ ਜੀ ਕਹਿੰਦੇ ਹਨ, ਹੇ ਭਾਈ! ਜਮਾਂ ਦਾ ਸੋਟਾ ਬਹੁਤ ਬੁਰਾ ਹੈ, ਉਹ (ਕਿਸੇ ਪਾਸੋਂ ਵੀ) ਨਹੀ ਸਹਾਰਿਆ ਜਾਂਦਾ। ਇਕ (ਮਹਾਂ ਪੁਰਖ) ਗੁਰੂ ਮੈਨੂੰ ਮਿਲ ਗਏ, ਉਨ੍ਹਾਂ ਨੇ ਮੈਨੂੰ (ਨਾਮ ਮੰਤ੍ਰ ਦੇ ਕੇ) ਅਪਣੇ ਲੜ ਲਾ ਲਿਆ।੭੮।

(ਇਕ ਗੁਰੂ ਨਾਨਕ ਦੇਵ ਜੀ ਮੈਨੂੰ ਜਦ ਮਿਲੇ ਤਾਂ ਉਨ੍ਹਾਂ ਨੇ ਮੈਨੂੰ ਅਪਣੇ ਲੜ ਲਾ ਲਿਆ ਭਾਵ ਸਿੱਖ ਬਣਾ ਲਿਆ)। ਕਬੀਰ ਪੰਥੀ ਇਕ ਲਹਿਣਾ ਸਿੰਘ ਹੋਏ ਹਨ, ਜਿਨ੍ਹਾਂ ਨੇ ਭਗਤਾਂ ਦਾ ਜੀਵਨ ਲਿਖਿਆ ਹੈ। ਉਹ ਲਿਖਦੇ ਹਨ ਜਦੋਂ ਗੁਰੂ ਨਾਨਕ ਦੇਵ ਜੀ ਕਾਂਸ਼ੀ ਵਿਚ ਗਏ, ਤਦ ਬਹੁਤ ਸਾਰੇ ਭਗਤ ਗੁਰੂ ਜੀ ਨੂੰ ਮਿਲੇ, ਪਰ ਕਬੀਰ ਜੀ ਨਹੀ ਮਿਲੇ। ਕਿਉਂਕਿ ਕਬੀਰ ਸਾਹਿਬ ਰਘੁਨਾਥ ਪੁਰੇ (U. P. ਵਿਚ ਗੋਰਖ ਪੁਰ ਲਾਗੇ) ਅਪਣੇ ਸੇਵਕ ਬਿਜਲੀ ਖਾਨ ਕੋਲ ਗਏ ਹੋਏ ਸਨ। ਕਬੀਰ ਜੀ ਗੁਰੂ ਜੀ ਦਾ ਆਉਣਾ ਸੁਣ ਕੇ ਕਾਂਸ਼ੀ ਵਲ ਨੂੰ ਅਤੇ ਗੁਰੂ ਜੀ ਕਬੀਰ ਜੀ ਵੱਲ ਨੂੰ ਤੁਰ ਪਏ। ਗੋਮਤੀ ਨਦੀ ਦੇ ਕਿਨਾਰੇ ਪੂਸੇ ਪਿੰਡ ੨੭ ਅੱਸੂ ੧੫੬੩ ਬਿ: ਵਿਚ ਗੁਰੂ ਜੀ ਨਾਲ ਮੇਲ ਹੋਇਆ। ਸੱਤ ਦਿਨ ਗੁਰੂ ਜੀ ਅਤੇ ਕਬੀਰ ਜੀ ਕੱਠੇ ਰਹੇ। ਕਬੀਰ ਜੀ ਨੇ ਇਹ ਦਸਿਆ ਹੈ {ਏਕੁ ਜੁ ਸਾਧੂ (ਗੁਰੂ ਨਾਨਕ ਦੇਵ ਜੀ) ਮੋਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ ੧੩੬੮}। ਦੋਹਾਂ ਮਹਾਂ ਪੁਰਖਾਂ ਦੇ ਮੇਲ ਦੀ ਵਾਰਤਾ ਪ੍ਰਿਥੀ ਚੰਦ ਦੇ ਪੁਤ੍ਰ ਮਹੇਰਬਾਨ, ਸੰਤ ਸੰਪੂਰਨ ਸਿੰਘ, ਤਵਾਰੀਖ ਗੁਰੂ ਖਾਲਸਾ ਗਿ: ਗਿਆਨ ਸਿੰਘ, ਨਿਹਾਲ ਸਿੰਘ ਸੂਰੀ, ਪੰਡਤ ਅਯੁਧਿਆ ਸਿੰਘ ਉਪਾਧਯ, ਪੰ: ਕਰਤਾਰ ਸਿੰਘ ਦਾਖਾ, ਗਿ: ਗੁਰਦਿਤ ਸਿੰਘ, ਸੰ. ਸ. ਗਲੀ ਸੱਤੋ ਵਾਲੀ ਦਸਵੀਂ ਪੋਥੀ ਪੰਨਾ ੨੪੯, ਸੰਤ ਗਿ: ਗੁਰਬਚਨ ਸਿੰਘ ਭਿੰਡਰਾਂ ਵਾਲੇ {ਕਬੀਰ ਜੀ ਦੇ ਸਲੋਕਾਂ ਦੀ ਕਥਾ ਵਾਲੀ ਟੇਪ ਵਿਚ} ਆਦਿ ਸਭ ਨੇ ਦੱਸਿਆ ਹੈ)।

ਪਦਾਰਥ = ਠੇਂਗਾ–ਸੋਟਾ; ਧੱਕਾ। ਸਹਿਆ–ਸਹਾਰਿਆ। ਮੋੁਹਿ–ਮੈਨੂੰ। ਤਿਨ੍ਹਿ–ਉਸ ਨੇ। ਲੀਆ ਅੰਚਲਿ–ਪੱਲੇ (ਲੜ) ਲਾ ਲਿਆ।੭੮।

ਕਬੀਰ ਬੈਦੁ ਕਹੈ ਹਉ ਹੀ ਭਲਾ, ਦਾਰੂ ਮੇਰੈ ਵਸਿ ॥ ਇਹ ਤਉ ਬਸਤੁ ਗੁਪਾਲ ਕੀ, ਜਬ ਭਾਵੈ ਲੇਇ ਖਸਿ ॥੭੯॥ ਹੇ ਕਬੀਰ! ਵੈਦ ਕਹਿੰਦਾ ਹੈ ਕਿ ਮੈਂ ਹੀ ਸਭ ਨਾਲੋਂ ਚੰਗਾ (ਰੋਗਾਂ ਨੂੰ ਦੂਰ ਕਰਨ ਵਾਲਾ ਵੈਦ) ਹਾਂ, ਕਿਉਂਕਿ ਦੁਆਈਆਂ ਮੇਰੇ ਵਸ ਹਨ (ਮੇਰੇ ਕੋਲ ਸਭ ਰੋਗਾਂ ਦੀਆਂ ਦਵਾਈਆਂ ਹਨ। ਬੈਦ ਇਹ ਨਹੀ ਜਾਣਦਾ ਕਿ) ਇਹ ਪ੍ਰਾਣ ਰੂਪ ਵਸਤੂ ਤਾਂ ਗੁਪਾਲ ਦੀ ਬਖਸ਼ੀ ਹੋਈ ਹੈ, (ਹਰੀ ਨੂੰ ਜਦ) ਚੰਗਾ ਲੱਗੇ, ਉਸੇ ਵੇਲੇ ਖੋਹ (ਪ੍ਰਾਣ ਕੱਢ) ਲੈਂਦਾ ਹੈ।੭੯।

ਪਦਾਰਥ = ਹਉ ਹੀ–ਮੈਂ ਹੀ। ਭਲਾ–ਚੰਗਾ; ਸਿਆਣਾ। ਦਾਰੂ–ਦਵਾਈ। ਵਸਿ–ਵਸ ਵਿਚ। ਤਉ–ਤਾਂ। ਜਬ–ਜਦ। ਭਾਵੈ–ਚੰਗਾ ਲਗੇ। ਲੇਇ ਖਸਿ–ਖੋਹ ਲੈਂਦਾ ਹੈ।੭੯। ਸਾਰ = ਵਾਹਿਗੁਰੂ ਦੀ ਕ੍ਰਿਪਾ ਬਿਨਾ ਦੁਆਈ ਵੀ ਅਸਰ ਨਹੀ ਕਰਦੀ।

ਕਬੀਰ ਨਉਬਤਿ ਆਪਨੀ, ਦਿਨ ਦਸ ਲੇਹੁ ਬਜਾਇ ॥ ਨਦੀ ਨਾਵ ਸੰਜੋਗ ਜਿਉ, ਬਹੁਰਿ ਨ ਮਿਲਹੈ ਆਇ ॥੮੦॥ ਕਬੀਰ ਜੀ ਆਖਦੇ ਹਨ, ਹੇ ਭਾਈ! ਅਪਣੇ ਜੀਵਨ ਦੇ ਨਗਾਰੇ ਨੂੰ ਦਸ ਕੁ ਦਿਨ ਬਜਾ ਲਵੋ (ਥੋੜੇ ਚਿਰ ਦੀ ਜਿੰਦਗੀ ਹੈ, ਨਾਮ ਸਿਮਰਨ ਵਿਚ ਸਮਾਂ ਸਫਲ ਕਰ)। ਜਿਵੇਂ ਨਦੀ ਪਾਰ ਕਰਨ ਵੇਲੇ ਮੁਸਾਫਰਾਂ ਦਾ ਬੇੜੀ ਵਿਚ ਹੋਇਆ ਮੇਲ ਹੈ, (ਵਿਛੜਨ ਤੋਂ ਬਾਦ ਸਾਰੇ ਆਪਸ ਵਿਚ) ਮੁੜ ਆ ਕੇ ਕਦੇ ਨਹੀ ਮਿਲਦੇ (ਤਿਵੇਂ ਇਹ ਸਰੀਰ ਮੁੜ ਦੁਬਾਰਾ ਨਹੀ ਮਿਲਣਾ)। ਦੂਜਾ ਅਰਥ = ਨਦੀ ਵਿਚ ਬੇੜੀ ਚਲਣ ਸਮੇਂ ਜਿਸ ਪਾਣੀ ਦਾ ਮੇਲ ਬੇੜੀ ਨਾਲ ਹੁੰਦਾ ਹੈ, ਉਹ ਪਾਣੀ ਅੱਗੇ ਲੰਘ ਜਾਂਦਾ ਹੈ, ਮੁੜ ਦੁਬਾਰਾ ਪਾਣੀ ਦਾ ਆ ਕੇ ਬੇੜੀ ਨਾਲ ਮੇਲ ਨਹੀ ਹੁੰਦਾ (ਸਰੀਰ ਦਾ ਮੇਲ ਸੰਸਾਰ ਨਾਲ ਮੁੜ ਨਹੀ ਹੋਣਾ)।੮੦।

ਪਦਾਰਥ = ਨਉਬਤਿ–ਨਗਾਰਾ (ਜੀਵਨ; ਸੁਆਸਾਂ ਰੂਪ)। ਦਿਨ ਦਸ–ਦਸ ਕੁ ਦਿਨ (ਥੋੜੇ ਚਿਰ)। ਲੇਹੁ ਬਜਾਇ–ਵਜਾ ਲਵੋ। ਨਾਵ–ਬੇੜੀ। ਸੰਜੋਗ–ਮਿਲਾਪ। ਬਹੁਰਿ–ਮੁੜ ਦੁਬਾਰਾ। ਆਇ–ਆ ਕੇ।੮੦।

ਵਿਆਖਿਆ = ਨਾਮ ਸਿਮਰਨ ਛੱਡ ਕੇ ਜੋ ਮਨ ਮਾਨੀਆਂ ਕਰਦਾ ਹੈ, ਇਹ ਥੋੜੇ ਸਮੇਂ ਲਈ ਹੀ ਹਨ। ਜਦ ਬੇੜੀ ਪਾਰ ਹੋ ਜਾਂਦੀ ਹੈ, ਰਾਹੀ ਆਪੋ ਅਪਣੇ ਰਾਹ ਪੈ ਜਾਂਦੇ ਹਨ, ਮੁੜ ਮਿਲਣਾ ਕਠਨ ਹੈ। ਤਿਵੇਂ ਸਰੀਰ ਦੁਬਾਰਾ ਮਿਲਣਾ ਮੁਸ਼ਕਲ ਹੈ, ਇਸ ਲਈ ਸੁਆਸਾਂ ਦੀ ਨੌਬਤ ਬਜਾ ਕੇ ਸਫਲ ਕਰ ਲਓ। ਬੇੜੀ ਨਾਲ ਟਕਰਾਇਆ ਪਾਣੀ ਵੀ ਮੁੜ ਬੇੜੀ ਤੋਂ ਬਹੁਤ ਦੂਰ ਲੰਘ ਜਾਂਦਾ ਹੈ, ਮੁੜ ਦੁਬਾਰਾ ਆ ਕੇ

ਨਹੀ ਮਿਲਦਾ।੯੦।
ਕਬੀਰ ਸਾਤ ਸਮੁੰਦਹਿ ਮਸੁ ਕਰਉ, ਕਲਮ ਕਰਉ ਬਨਰਾਇ ॥ ਬਸੁਧਾ ਕਾਗਦੁ ਜਉ ਕਰਉ, ਹਰਿ ਜਸੁ ਲਿਖਨੁ ਨ ਜਾਇ ॥੯੧॥ ਕਬੀਰ ਜੀ ਆਖਦੇ ਹਨ, ਹੇ ਭਾਈ! ਜੇ ਮੈਂ ਸੱਤਾਂ ਸਾਗਰਾਂ ਨੂੰ ਸਿਆਹੀ ਕਰ ਲਵਾਂ, ਸਾਰੀ ਬਨਸਪਤੀ (ਦਰੱਖਤਾਂ) ਨੂੰ ਲਿਖਣ ਲਈ ਕਲਮਾਂ ਬਣਾ ਲਵਾਂ।ਸਾਰੀ ਧਰਤੀ ਨੂੰ ਜੇ ਮੈਂ ਕਾਗਜ ਕਰ ਲਵਾਂ, (ਫਿਰ ਵੀ) ਹਰੀ ਦਾ ਸੰਪੂਰਨ ਜਸ ਲਿਖਿਆ ਨਹੀ ਜਾ ਸਕਦਾ।੯੧।
ਪਦਾਰਥ = ਸਾਤ ਸਮੁੰਦਹਿ-ਸੱਤਾਂ ਸਮੁੰਦਰਾਂ ਦੇ ਪਾਣੀ ਨੂੰ।ਮਸੁ ਕਰਉ-ਮੈਂ ਸਿਆਹੀ ਕਰ (ਬਣਾ) ਲਵਾਂ।ਬਨਰਾਇ-ਬਨਾਸਪਤੀ। ਬਸੁਧਾ-ਧਰਤੀ।ਜਉ-ਜੇ।੯੧।
ਵਿਆਖਿਆ = ਮਨੁੱਖ ਨੂੰ ਸੱਤ ਸਮੁੰਦਰ, ਧਰਤੀ ਅਤੇ ਬਨਾਸਪਤੀ ਬਹੁਤ ਵੱਡੇ ਜਾਪਦੇ ਹਨ।ਸਮੁੰਦਰ ਦੇ ਸਾਮ੍ਹਣੇ ਇਕ ਕਤਰਾ ਕੀ ਹੈਸੀਅਤ ਰਖਦਾ ਹੈ।ਹਰੀ ਦੇ ਇਕ ਇਕ ਰੋਮ ਵਿਚ ਕ੍ਰੋੜਾਂ ਬ੍ਰਹਮੰਡ ਹਨ।ਉਹ ਇਤਨਾ ਵੱਡਾ ਹੈ, ਮਨੁੱਖ ਦੀ ਸਮਝ ਵਿਚ ਨਹੀ ਆ ਸਕਦਾ।ਮਨੁੱਖ ਤੋਂ ਹਰੀ ਦੇ ਸੰਪੂਰਨ ਗੁਣ ਨਹੀ ਲਿਖੇ ਜਾ ਸਕਦੇ।੯੧।ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ।ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ।ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ।(੧੫)
ਕਬੀਰ ਜਾਤਿ ਜੁਲਾਹਾ ਕਿਆ ਕਰੈ, ਹਿਰਦੈ ਬਸੇ ਗੁਪਾਲ ॥ ਕਬੀਰ ਰਮਈਆ ਕੰਠਿ ਮਿਲੁ, ਚੂਕਹਿ ਸਰਬ ਜੰਜਾਲ ॥੯੨॥ ਕਬੀਰ ਜੀ ਆਖਦੇ ਹਨ, ਜੁਲਾਹਾ ਜਾਤੀ ਮੈਨੂੰ ਕੀ ਨੀਵਾਂ ਕਰੇਗੀ? ਕਿਉਂਕਿ ਮੇਰੇ ਹਿਰਦੇ ਵਿਚ ਗੁਪਾਲ ਬਸਦਾ ਹੈ।ਹੇ ਕਬੀਰ! ਤੂੰ ਸਰਬ ਵਿਆਪਕ ਰਾਮ ਦੇ ਗਲੇ ਨਾਲ ਮਿਲ ਪਉ ,ਤੇਰੇ ਸਾਰੇ (ਜਾਤੀ) ਬੰਧਨ ਮੁੱਕ ਜਾਂਦੇ ਹਨ (ਜਾਤ ਦਾ ਨੀਵਾਪਣ ਨਹੀਂ ਰਹਿੰਦਾ)।੯੨।
ਪਦਾਰਥ = ਹਿਰਦੈ-ਹਿਰਦੇ ਵਿਚ।ਗੁਪਾਲ-ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਨਿਰੰਕਾਰ।ਰਮਈਆ-ਸਰਬ ਵਿਆਪਕ ਵਾਹਿਗੁਰੂ। ਕੰਠਿ ਮਿਲੁ-ਗਲ ਨਾਲ ਮਿਲ।ਚੂਕਹਿ-ਮੁੱਕ ਜਾਂਦੇ ਹਨ।ਜੰਜਾਲ-ਬੰਧਨ; ਝੰਜਟ; ਝਮੇਲੇ।੯੨।
ਵਿਆਖਿਆ = ਜੁਲਾਹਾ ਜਾਤ ਵਿਚ ਜੇ ਮੈਂ ਪੈਦਾ ਹੋਇਆ ਹਾਂ, ਇਸ ਵਿਚ ਨੀਵਾਂਪਨ ਕੀ ਕਰੇਗਾ? ਹਰੀ ਸਿਮਰਨ ਨਾਲ ਜਾਤ ਦਾ ਕੋਈ ਸਬੰਧ ਨਹੀ, ਹਰੀ ਨੂੰ ਪਿਆਰ ਕਰਨ ਵਾਲੇ ਜਾਤ ਦੀ ਪ੍ਰਵਾਹ ਨਹੀਂ ਕਰਦੇ।ਪੰਡਤਾਂ ਨੇ ਨੀਵੀਆਂ ਜਾਤਾਂ ਨੂੰ ਹਰੀ ਭਜਨ ਤੋਂ ਬਾਂਝੇ ਰਖਿਆ ਹੋਇਆ ਸੀ, ਲੋਕ ਸਮਝਦੇ ਸਨ ਕਿ ਨੀਵੀਂ ਜਾਤ ਵਿਚ ਰੱਬ ਨਹੀ ਮਿਲਦਾ।ਇਸ ਕਰਕੇ ਕਹਿੰਦੇ ਹਨ ਕਿ ਜੁਲਾਹਾ ਜਾਤ ਕੀ ਕਰ ਸਕਦੀ ਹੈ, ਇਸ ਦੇ ਕਾਰਣ ਮੈਂ ਭਜਨ ਤੋਂ ਥੋੜੀ ਹਟ ਸਕਦਾ ਹਾਂ? ਮੇਰੇ ਦਿਲ ਵਿਚ ਹਰੀ ਬਸਦਾ ਹੈ, ਮਹਾਨ ਹਰੀ ਨੂੰ ਮਿਲ ਕੇ ਮੈਂ ਵੀ ਮਹਾਨ ਹੋ ਗਿਆ ਹਾਂ, ਹੁਣ ਮੈਂ ਨੀਵਾਂ ਨਹੀਂ ਰਿਹਾ।ਜੇ ਮੈਂ ਜੁਲਾਹਾ ਹਾਂ, ਤਾਂ ਹਰੀ ਵੀ ਜੁਲਾਹਾ ਹੈ।੯੨।
ਕਬੀਰ ਐਸਾ ਕੋ ਨਹੀ, ਮੰਦਰੁ ਦੇਇ ਜਰਾਇ ॥ ਪਾਂਚਉ ਲਰਿਕੇ ਮਾਰਿ ਕੈ, ਰਹੈ ਰਾਮ ਲਿਉ ਲਾਇ ॥੯੩॥ ਕਬੀਰ ਜੀ ਆਖਦੇ ਹਨ, ਹੇ ਭਾਈ! (ਦੁਨੀਆਂ ਵਿਚ) ਅਜੇਹਾ ਕੋਈ ਪੁਰਸ਼ ਨਹੀ (ਦੁਰਲੱਭ ਹੈ) ਜੋ ਅਪਣੇ ਸਰੀਰ (ਰੂਪ ਘਰ ਦੀ ਅਪਣੱਤ) ਨੂੰ ਜਲਾ ਦੇਵੇ।(ਅਤੇ) ਪੰਜਾਂ ਕਾਮਾਦਿਕ ਲੜਕਿਆਂ ਨੂੰ ਮਾਰ ਕੇ ਰਾਮ ਵਿਚ ਲਿਵ ਲਾਈ ਰਹੇ।ਏਹੀ ਭਾਵ ਸਲੋਕ ਨੰਃ ੪੨ ਵਿਚ ਵੀ ਆ ਚੁੱਕਾ ਹੈ।੯੩।
ਪਦਾਰਥ = ਕੋ-ਕੋਈ।ਮੰਦਰੁ-ਸਰੀਰ (ਅਪਣੱਤ) ਨੂੰ।ਦੇਰਿ ਜਰਾਇ-ਜਲਾ ਦੇਵੇ।ਪਾਂਚਉ ਲਰਕੇ-ਪੰਜ ਲੜਕਿਆਂ (ਕਾਮ ਕਰੋਧ ਆਦਿ) ਨੂੰ।ਲਿਉ ਲਾਇ-ਲਿਵ ਜੋੜ ਕੇ।੯੩।
ਕਬੀਰ ਐਸਾ ਕੋ ਨਹੀ, ਇਹੁ ਤਨੁ ਦੇਵੈ ਫੂਕਿ ॥ ਅੰਧਾ ਲੋਗੁ ਨ ਜਾਨਈ, ਰਹਿਓ ਕਬੀਰਾ ਕੂਕਿ ॥੯੪॥ (ਪਹਿਲੇ ਸਲੋਕ ਦੇ ਭਾਵ ਨੂੰ ਹੀ ਮੁੜ ਦੁਹਰਾਉਂਦੇ ਹਨ) ਕਬੀਰ ਜੀ ਆਖਦੇ ਹਨ ਕਿ (ਸੰਸਾਰ ਵਿਚ) ਅਜੇਹਾ ਕੋਈ ਪੁਰਸ਼ ਨਹੀਂ ਜੋ ਗਿਆਨ ਦੀ ਅੱਗ ਨਾਲ ਦੇਹ (ਦੇ ਅਭਿਮਾਨ) ਨੂੰ ਫੂਕ ਦੇਵੇ। ਕਬੀਰ ਜੀ ਆਖਦੇ ਹਨ, ਇਹ ਅਗਿਆਨੀ ਪੁਰਖ ਸਮਝਦਾ ਨਹੀ, ਮੈਂ ਤਾਂ ਬਹੁਤ ਕੂਕ ਰਿਹਾ ਹਾਂ।੯੪।
ਪਦਾਰਥ = ਕੋ-ਕੋਈ।ਤਨੁ-ਸਰੀਰ ਨੂੰ।ਫੂਕਿ-ਸਾੜ ਦੇਵੇ।ਅੰਧਾ ਲੋਗੁ-ਬੇ ਸਮਝ ਮਨੁੱਖ; ਅਗਿਆਨੀ ਪੁਰਸ਼।ਨ ਜਾਨਈ-ਨਹੀ ਜਾਣਦਾ (ਸਮਝਦਾ)।ਕੂਕਿ-ਪੁਕਾਰ; ਉਚੀ ਬੋਲ ਕੇ ਕਹਿਣਾ।੯੪।
ਕਬੀਰ ਸਤੀ ਪੁਕਾਰੈ ਚਿਹ ਚੜੀ, ਸੁਨੁ ਹੋ ਬੀਰ ਮਸਾਨ ॥ ਕਬੀਰ ਜੀ ਕਹਿੰਦੇ ਹਨ ਕਿ ਚਿਖਾ ਤੇ ਚੜ੍ਹੀ ਹੋਈ ਸਤੀ ਪੁਕਾਰਦੀ (ਸਿਖਿਆ ਦਿੰਦੀ) ਹੈ, ਹੇ ਮੇਰੇ ਵੀਰ ਮਸਾਣ! ਸੁਣ; ਮਸਾਣ ਵਿਚ ਆਏ ਮੇਰੇ ਭਰਾਵੋ! ਸੁਣੋ।
ਅੰਗ ੧੩੬੯ = ਲੋਗੁ ਸਬਾਇਆ ਚਲਿ ਗਇਓ, ਹਮ ਤੁਮ ਕਾਮੁ ਨਿਦਾਨ ॥੯੫॥ ਸਾਰਾ ਜਗਤ (ਇਸ ਥਾਂ ਵਿਚ ਹੋ ਕੇ) ਚਲਾ ਗਿਆ ਹੈ (ਮੈਂ ਵੀ ਚੱਲੀ ਹਾਂ, ਹੇ ਭਰਾਵੋ!) ਅੰਤ ਨੂੰ ਤੁਹਾਡਾ ਕੰਮ ਵੀ ਇਥੇ ਹੀ ਆਉਣ ਦਾ ਹੈ (ਤੁਸੀ ਵੀ ਇਥੇ ਹੀ ਆਉਣਾ ਹੈ); ਓੜਕ ਸਾਰੇ ਲੋਕ ਚਲੇ ਜਾਣਗੇ, ਅੰਤ ਕੰਮ ਤੇਰਾ ਤੇ ਮੇਰਾ ਹੀ ਰਹਿ ਜਾਣਾ ਹੈ (ਸ਼ਬਦਾਰਥ)।
ਦੂਜਾ ਅਰਥ = ਸੰ. ਸ. ਵਾਲੇ ਇਕ ਹੋਰ ਅਰਥ ਕਰਦੇ ਹਨਃ- ਸਤੀ-ਸੱਤਵਾਦੀ ਪੁਰਖ ਜਿਨ੍ਹਾਂ ਨੂੰ ਗਿਆਨ ਬੈਰਾਗ ਦਾ ਚਿਹ ਚੜੀ-ਰੰਗ ਚੜ੍ਹਿਆ ਹੈ, ਪੁਕਾਰਦੇ ਹਨ।ਹੇ ਵੀਰੋ! ਸੁਣੋ, ਨਾਮ ਬਿਨਾ ਤੁਸੀਂ ਮਸਾਣ-ਮੁਰਦੇ ਹੋਏ ਹੋ, ਹਮ ਤੁਮ-ਹੰਗਤਾ ਮਮਤਾ ਕਰਕੇ ਸਾਰਾ ਸੰਸਾਰ ਚਲਾ ਗਿਆ ਹੈ, ਇਹ ਮੈਂ ਤੂੰ ਦਾ ਕੰਮ ਨਿਦਾਨ-ਮੂਰਖਾਂ ਦਾ ਹੈ।੯੫।
ਪਦਾਰਥ = ਸਤੀ-ਪਤੀ ਨਾਲ ਚਿਖਾ ਵਿਚ ਸੜਨ ਵਾਲੀ ਔਰਤ।ਚਿਹ-ਚਿਖਾ।ਚੜੀ-ਚੜ੍ਹੀ ਹੋਈ।ਬੀਰ ਮਸਾਨ-ਮੜ੍ਹੀਆਂ ਵਿਚ ਆਏ

ਵੀਰੋ; ਹੇ ਮਸਾਣ ਭਰਾਵਾ!।ਲੋਗੁ ਸਬਾਇਆ–ਸਾਰਾ ਜਗਤ।ਹਮ ਤੁਮ–ਮੇਰਾ ਤੇ ਤੇਰਾ।ਕਾਮੁ–ਕੰਮ।ਨਿਦਾਨ–ਅੰਤ ਨੂੰ।ਸਤੀ ਮਸਾਣ ਵਿਚ ਆਏ ਹੋਏ ਸਾਰੇ ਭਰਾਵਾਂ ਨੂੰ ਸਿਖਿਆ ਦਿੰਦੀ ਹੈ ਕਿ ਅੰਤ ਸਮੇਂ ਸਭ ਨੂੰ ਇਥੋਂ ਹੀ ਜਾਣਾ ਪੈਣਾ ਹੈ।੮੫।

ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ।ਸਰਪਰ ਮੈਥੈ ਆਵਣਾ ਮਰਣਹੁ ਨ ਡਰਿਆਹੁ।(੧੩੮੨)

ਵਿਆਖਿਆ = ਪਹਿਲੇ ਦੋ ਸਲੋਕਾਂ ਵਿਚ ਕਿਹਾ ਸੀ ਸਰੀਰ ਨੂੰ ਸਾੜਨ ਵਾਲਾ ਕੋਈ ਵਿਰਲਾ ਹੈ, ਇਸ ਸਲੋਕ ਵਿਚ ਦਸਦੇ ਹਨ ਕਿ ਸੱਤਵਾਦੀ ਸਰੀਰ ਨੂੰ ਸਾੜਦੇ ਹਨ।ਜਿਸ ਮਸਾਣ ਤੋਂ ਜਗਤ ਡਰਦਾ ਹੈ, ਸਤੀ ਉਸ ਮਸਾਣ ਨੂੰ ਵੀਰ ਕਹਿੰਦੀ ਹੈ।ਸਭ ਲੋਕਾਂ ਨੇ ਮੈਨੂੰ ਸੜ ਰਹੀ ਨੂੰ ਛੱਡ ਕੇ ਚਲੇ ਜਾਣਾ ਹੈ, ਅੰਤ ਨੂੰ ਮੇਰਾ ਕੰਮ ਤੇਰੇ (ਮਸਾਣ) ਨਾਲ ਹੀ ਪੈਣਾ ਹੈ।ਜਿਹੜੇ ਲੋਕ ਮੇਰੀ ਅਰਥੀ ਨਾਲ ਆਏ ਹਨ, ਉਨ੍ਹਾਂ ਦੀ ਵਾਹ ਵਾਹ ਦਾ ਕੀ ਲਾਭ? ਆਖਰ ਨਾਮ ਸਿਮਰਨ ਹੀ ਜੀਵਾਤਮਾ ਦਾ ਸਾਥ ਦਿੰਦਾ ਹੈ।

ਕਬੀਰ ਮਨੁ ਪੰਖੀ ਭਇਓ, ਉਡਿ ਉਡਿ ਦਹ ਦਿਸਿ ਜਾਇ ॥ ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲ ਖਾਇ ॥੮੬॥ ਹੇ ਕਬੀਰ! (ਚੰਚਲ) ਮਨ ਪੰਛੀ ਵਾਂਗ ਹੋ ਗਿਆ ਹੈ, ਉਡ ਉਡ ਕੇ (ਭਟਕਦਾ ਹੋਇਆ) ਦਸਾਂ ਦਿਸ਼ਾਵਾਂ ਵੱਲ ਜਾਂਦਾ ਹੈ।ਜੋ ਮਨੁੱਖ ਜਿਹੋ ਜਿਹੀ ਸੰਗਤ ਵਿਚ ਮਿਲਦਾ ਹੈ, ਤਿਹੋ ਜਿਹਾ ਹੀ ਫਲ ਖਾਂਦਾ ਹੈ।੮੬।

ਪਦਾਰਥ = ਭਇਓ–ਹੋ ਗਿਆ ਹੈ।ਦਹ ਦਿਸਿ–ਦਸੇ ਦਿਸ਼ਾਵਾਂ ਵੱਲ (ਚਾਰ ਚੁਫੇਰੇ)।ਸੋ–ਉਹ।ਤੈਸੋ–ਉਹੋ ਜਿਹਾ।੮੬।

ਵਿਆਖਿਆ = ਚੰਗੀ ਸੰਗਤ ਦਾ ਚੰਗਾ ਫਲ ਸੁਖ, ਬੁਰੀ ਸੰਗਤ ਦਾ ਫਲ ਦੁੱਖ ਮਿਲਦਾ ਹੈ।ਸੰਕਲਪ ਵਿਕਲਪ ਰੂਪ ਖੰਭਾਂ ਨਾਲ ਮਨ ਰੂਪ ਪੰਛੀ ਭਲੇ ਬੁਰੇ ਬ੍ਰਿਛਾਂ ਤੇ ਬੈਠ ਕੇ ਪੁੰਨ ਪਾਪ ਰੂਪ ਫਲ ਖਾਂਦਾ ਵ ਸੁੱਖ ਦੁੱਖ ਭੋਗਦਾ ਹੈ।੮੬।

ਕਬੀਰ ਜਾ ਕਉ ਖੋਜਤੇ, ਪਾਇਓ ਸੋਈ ਠਉਰ ॥ ਸੋਈ ਫਿਰਿ ਕੈ ਤੂ ਭਇਆ, ਜਾ ਕਉ ਕਹਤਾ ਅਉਰੁ ॥੮੭॥ ਹੇ ਕਬੀਰ! ਜਿਸ ਹਰੀ ਨੂੰ (ਬਾਹਰੋਂ ਤੀਰਥਾਂ ਆਦਿ ਤੋਂ) ਲੱਭਦੇ ਸਾਂ, ਉਹ (ਹਰੀ ਦਾ) ਸਥਾਨ (ਹੁਣ ਸਤ ਸੰਗ ਰਾਹੀਂ ਹਿਰਦੇ ਵਿਚੋਂ) ਪਾ ਲਿਆ ਹੈ।ਜਿਸ ਹਰੀ ਨੂੰ ਤੂੰ ਪਹਿਲਾਂ ਹੋਰ (ਅਪਣੇ ਨਾਲੋਂ ਵਖਰਾ) ਕਹਿੰਦਾ ਸੀ, ਹੁਣ ਤੂੰ (ਨਾਮ ਸਿਮਰਨ ਨਾਲ) ਬਦਲ ਕੇ ਉਸੇ ਹਰੀ ਦਾ ਰੂਪ ਹੋ ਗਿਆ ਹੈਂ (ਬ੍ਰਿਤੀ ਅੰਤਰਮੁਖੀ ਹੋ ਗਈ, ਆਤਮਾ ਪਰਮਾਤਮਾ ਇਕ ਰੂਪ ਹੋ ਗਏ)।੮੭।

ਪਦਾਰਥ = ਜਾ ਕਉ–ਜਿਸ ਨੂੰ।ਸੋਈ–ਉਹ।ਠਉਰ–ਥਾਂ; ਟਿਕਾਣਾ।ਫਿਰਿ ਕੈ–ਬਦਲ ਕੇ।ਭਇਆ–ਹੋ ਗਿਆ ਹੈਂ।ਅਉਰੁ–ਹੋਰ; (ਅਪਣੇ ਨਾਲੋਂ) ਵੱਖਰਾ।੮੭।

ਕਬੀਰ ਮਾਰੀ ਮਰਉ ਕੁਸੰਗ ਕੀ, ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ ਚੀਰੀਐ, ਸਾਕਤ ਸੰਗੁ ਨ ਹੇਰਿ ॥੮੮। ਕਬੀਰ ਜੀ (ਬੁਰੀ ਸੰਗਤ ਦਾ ਫਲ) ਦਸਦੇ ਹਨ, (ਹੇ ਭਾਈ! ਤੇਰੀ ਜਿੰਦ) ਬੁਰੀ ਸੰਗਤ ਦੀ ਮਾਰੀ ਹੋਈ ਮਰ ਜਾਵੇਗੀ, ਜਿਵੇਂ ਕੇਲੇ ਕੋਲ ਬੇਰੀ ਹੁੰਦੀ ਹੈ (ਕੁਸੰਗਤ ਕਰਕੇ ਬੇਰੀ ਦੀ ਮਾਰੀ ਹੋਈ ਕੇਲਿਆਂ ਦੀ ਪੰਕਤੀ ਮਰ ਜਾਂਦੀ ਹੈ)।ਬੇਰੀ (ਹਵਾ ਨਾਲ) ਝੂਲਦੀ ਹੈ, ਕੇਲਾ (ਕੋਲ ਹੋਣ ਕਰਕੇ ਕੰਡਿਆਂ ਨਾਲ) ਚੀਰਿਆ ਜਾਂਦਾ ਹੈ, (ਇਸ ਲਈ) ਮਨਮੁਖਾਂ ਦੀ ਸੰਗਤ ਵੱਲ ਨਾ ਦੇਖ।ਜਾਂ (ਹਵਾ ਚਲਣ ਤੇ) ਕੇਲੇ ਦੇ ਪੱਤੇ ਤਾਂ ਬੇਰੀ ਨੂੰ ਪੱਖਾ ਝੱਲਦੇ ਹਨ, ਪਰ ਬੇਰੀ ਕੇਲੇ ਨੂੰ ਚੀਰਦੀ ਹੈ (ਉਪਕਾਰ ਨੂੰ ਨਹੀ ਜਾਣਦੀ)।੮੮।

ਪਦਾਰਥ = ਮਾਰੀ ਮਰਉ–ਮਾਰੀ ਹੋਈ ਮਰ ਜਾਵੇਗੀ।ਨਿਕਟਿ–ਨੇੜੇ।ਬੇਰਿ–ਬੇਰੀ ਦਾ ਬ੍ਰਿਛ।ਝੂਲੈ–ਝੂਲਦੀ ਹੈ।ਨ ਹੇਰਿ–ਨਾ ਦੇਖ।੮੮।

ਵਿਆਖਿਆ = ਸਾਕਤਾਂ ਦਾ ਸੰਗ ਨਾ ਕਰੋ, ਸੰਤ ਸੁੱਖ ਦੇਂਦੇ ਹਨ, ਸਾਕਤ ਦੁੱਖ ਹੀ ਦੇਂਦੇ ਹਨ।ਬੇਰੀ ਦੇ ਕੋਲ ਕੇਲਾ ਹੋਣ ਕਰਕੇ ਕੇਲੇ ਨੂੰ ਸੁਖ ਨਹੀ।੮੮।

ਕਬੀਰ ਭਾਰ ਪਰਾਈ ਸਿਰਿ ਚਰੈ, ਚਲਿਓ ਚਾਹੈ ਬਾਟ ॥ ਅਪਨੇ ਭਾਰਹਿ ਨ ਡਰੈ, ਆਗੈ ਅਉਘਟ ਘਾਟ ॥੮੯। (ਇਕ ਪਖੰਡੀ ਸਾਧ ਗੁਰੂ ਬਣ ਕੇ ਅਪਣੀ ਪੂਜਾ ਕਰਾਉਂਦਾ ਸੀ, ਚੇਲਿਆਂ ਦੀ ਜਿੰਮੇਵਾਰੀ ਲੈਂਦਾ ਕਿ ਮੈਂ ਤੁਹਾਨੂੰ ਸੁਰਗਾਂ ਵਿਚ ਪੁਚਾ ਦਿਆਂਗਾ, ਲੋਕਾਂ ਤੋਂ ਕਾਫੀ ਧਨ ਲੈਂਦਾ ਪਰ ਆਪ ਭਜਨ ਨਹੀ ਸੀ ਕਰਦਾ।ਉਸ ਵਾਰੇ) ਕਬੀਰ ਜੀ ਆਖਦੇ ਹਨ (ਚੇਲਿਆਂ ਨੂੰ ਸੁਰਗਾਂ ਵਿਚ ਪੁਚਾਉਣ ਦੀ ਜਿੰਮੇਵਾਰੀ ਦਾ) ਪਰਾਇਆ ਬੋਝ (ਇਸ ਪਖੰਡੀ ਸਾਧ ਦੇ) ਸਿਰ ਉਤੇ ਚੜ੍ਹਦਾ ਜਾਂਦਾ ਹੈ, (ਫਿਰ ਉਹ ਆਪ ਪ੍ਰਲੋਕ ਦੇ) ਰਸਤੇ ਤੇ ਚਲਣਾ ਚਾਹੁੰਦਾ ਹੈ (ਇਕ ਤਾਂ ਵਿਕਾਰਾਂ ਵਿਚ ਪੈ ਕੇ ਬੁਰੇ ਕੰਮਾਂ ਦਾ ਅਪਣਾ ਭਾਰ ਹੈ, ਦੂਜੇ ਚੇਲੇ ਬਣਾ ਕੇ ਪਰਾਇਆ ਬੋਝ ਸਿਰ ਤੇ ਚਾੜ੍ਹਿਆ ਹੋਇਆ ਹੈ, ਪ੍ਰਲੋਕ ਦਾ ਰਸਤਾ ਪਹਾੜੀ ਰਸਤੇ ਵਾਂਗ ਬੜਾ ਔਖਾ ਦੁੱਖਦਾਈ ਹੈ, ਜਿਸ ਤੇ ਪਖੰਡੀ ਸਾਧ ਨਾਲ ਚਲਣਾ ਚਾਹੁੰਦਾ ਹੈ)।ਇਹ ਅਪਣੇ (ਬੁਰੇ ਕੰਮਾਂ ਦੇ) ਬੋਝ ਤੋਂ ਤਾਂ ਡਰਦਾ ਨਹੀਂ, ਅੱਗੋਂ ਬੜੇ ਔਖੇ ਰਸਤੇ ਹਨ (ਅਪਣੇ ਭਾਰ ਅਤੇ ਦੂਜਿਆਂ ਦੇ ਭਾਰ ਚੁੱਕ ਕੇ ਉਂਨ੍ਹਾਂ ਰਸਤਿਆਂ ਨੂੰ ਕਿਵੇਂ ਲੰਘੇਗਾ?)।੮੯।

ਪਦਾਰਥ = ਭਾਰ ਪਰਾਈ–ਪਰਾਏ ਲੋਕਾਂ ਦੇ ਪਾਪਾਂ ਦਾ ਬੋਝ (ਪੰਡ)।ਸਿਰ ਚਰੈ–ਸਿਰ ਤੇ ਚੜ੍ਹਦਾ ਜਾਂਦਾ ਹੈ।ਚਲਿਓ ਚਾਹੈ–ਤੁਰਨਾ ਚਾਹੁੰਦਾ ਹੈ।ਬਾਟ–(ਪ੍ਰਲੋਕ ਦੇ) ਰਸਤੇ ਤੇ।ਅਪਨੇ ਭਾਰਹਿ–ਅਪਣੇ ਕੀਤੇ ਪਾਪਾਂ ਦੇ ਬੋਝ ਤੋਂ।ਆਗੈ–ਅਗਲਾ ਪ੍ਰਲੋਕ ਦਾ।ਅਉਘਟ–ਔਖਾ।ਘਾਟ–ਰਸਤਾ; ਘਾਟੀਆਂ।੮੯।

ਕਬੀਰ ਬਨ ਕੀ ਦਾਧੀ ਲਾਕਰੀ, ਠਾਢੀ ਕਰੈ ਪੁਕਾਰ ॥ ਮਤਿ ਬਸਿ ਪਰਉ ਲੁਹਾਰ ਕੇ, ਜਾਰੈ ਦੂਜੀ ਬਾਰ ॥੯੦॥ ਹੇ ਕਬੀਰ! ਜਿਵੇਂ

ਜੰਗਲ ਦੀ ਸੜੀ ਹੋਈ ਲਕੜੀ ਖਲੋਤੀ ਪੁਕਾਰ ਕਰਦੀ ਹੈ।(ਇਕ ਵਾਰ ਸੜ ਕੇ ਤਾਂ ਕੋਲੇ ਹੋ ਗਈ ਹਾਂ, ਪਰ ਹੁਣ) ਲੁਹਾਰ ਦੇ ਵਸ ਵਿਚ ਨਾ ਪਵਾਂ, ਜੋ ਮੈਨੂੰ ਦੂਜੀ ਬਾਰ ਫਿਰ ਸਾੜੇ।(ਲੁਹਾਰ ਬਨ ਵਿਚ ਜਾ ਕੇ ਸੁੱਕੀ ਲੱਕੜ ਦੇਖ ਕੇ ਜਲਾ ਕੇ ਕੋਲੇ ਕਰ ਲਿਆਉਂਦਾ ਹੈ, ਕੋਲਿਆਂ ਨੂੰ ਭੱਠੀ ਵਿਚ ਦੂਜੀ ਬਾਰ ਫਿਰ ਜਲਾਉਂਦਾ ਹੈ)।

ਭਾਵ ਅਰਥ = ਹੇ ਕਬੀਰ! ਸੰਸਾਰ ਰੂਪ ਬਨ ਦੀ ਕਾਮ ਜਾਂ ਤ੍ਰਿਸ਼ਨਾ ਦੀ ਅੱਗ ਦੀ ਸੜੀ ਹੋਈ ਜੀਵ ਰੂਪ ਲੱਕੜੀ ਖਲੋਤੀ (ਸਾਵਧਾਨ ਹੋ ਕੇ) ਪੁਕਾਰਾਂ ਕਰਦੀ ਹੈ {ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ। ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ ੫੮੮}।ਮੈਂ ਜਮ ਰੂਪ ਲੁਹਾਰ ਦੇ ਵਸ ਨਾ ਪੈ ਜਾਵਾਂ, ਜੋ ਮੈਨੂੰ ਦੂਜੀ ਬਾਰ ਮਾਂ ਦੇ ਗਰਭ ਰੂਪ ਨਰਕ ਦੀ ਅੱਗ ਵਿਚ ਸਾੜੇ (ਸੰ. ਸ.)।

ਭਾ: ਵੀਰ ਸਿੰਘ ਦੇ ਅਰਥ = ਇਕ ਸੜੀ ਹੋਈ ਬਨ ਦੀ ਲੱਕੜੀ ਨੂੰ ਦੇਖ ਕੇ ਉਪਦੇਸ਼ ਦੇਂਦੇ ਹਨ।ਸੰਸਾਰ ਬਨ ਵਿਖੇ ਕਈ ਯੋਨੀਆਂ ਦੀ ਪੀੜਾ ਦੀ ਅੱਗ ਨਾਲ ਸੜੀ ਹੋਈ ਲੱਕੜੀ ਵਤ ਗੁਰਮੁਖ ਪ੍ਰਾਰਥਨਾ ਕਰਦਾ ਹੈ, ਹੇ ਵਾਹਿਗੁਰੂ! ਮੱਤਾਂ ਮੈਂ ਫਿਰ ਜਮ ਦੇ ਬਸ ਪੈ ਜਾਵਾਂ, ਜੋ ਮੈਨੂੰ ਦੂਜੀ ਬਾਰ ਨਰਕ ਦੀ ਅੱਗ ਵਿਚ ਸਾੜੇ (ਮੇਰੀ ਰੱਖਿਆ ਕਰੋ ਜੀ)।੯੦।

ਪਦਾਰਥ = ਬਨ ਕੀ–ਜੰਗਲ ਦੀ।ਦਾਧੀ–ਸੜੀ ਹੋਈ।ਲਾਕਰੀ–ਲੱਕੜੀ।ਠਾਢੀ–ਖੜੀ ਹੋਈ।ਮਤਿ ਪਰਉ–ਨਾ ਪਵਾਂ; ਮਤਾਂ ਪੈ ਜਾਵਾਂ। ਬਸਿ–ਵਸ ਵਿਚ।ਲੁਹਾਰ ਕੇ–ਜਮ; ਧਰਮਰਾਜ ਦੇ।ਜਾਰੈ–ਸਾੜ ਦੇਵੇ।ਆਮ ਤੌਰ ਤੇ ਬਾਂਸਾਂ ਦੇ ਘਸਣ ਕਰਕੇ ਜੰਗਲ ਨੂੰ ਅੱਗ ਲੱਗ ਜਾਇਆ ਕਰਦੀ ਹੈ, ਸੋ ਸੜੀ ਹੋਈ ਲੱਕੜ ਮਾਨੋ ਪੁਕਾਰ ਕਰਦੀ ਹੈ।੯੦।

ਕਬੀਰ ਏਕ ਮਰੰਤੇ ਦੁਇ ਮੂਏ, ਦੋਇ ਮਰੰਤਹ ਚਾਰਿ ॥ ਚਾਰਿ ਮਰੰਤਹ ਛਹ ਮੂਏ, ਚਾਰਿ ਪੁਰਖ ਦੁਇ ਨਾਰਿ ॥੯੧॥ ਕਬੀਰ ਜੀ ਨੇ ਇਕ ਸ਼ਿਕਾਰੀ ਵਲੋਂ ਹਿਰਣੀ ਨੂੰ ਮਾਰਦੇ ਦੇਖਿਆ।ਹਿਰਣੀ ਦੇ ਮਰਨ ਤੇ ਉਸਦੇ ਗਰਭ ਦਾ ਬੱਚਾ ਵੀ ਮਰ ਗਿਆ।ਸ਼ਿਕਾਰੀ ਝਾੜੀ ਲਾਗੇ ਬੈਠਾ ਸੀ, ਝਾੜੀ ਵਿਚੋਂ ਸੱਪ ਨੇ ਸ਼ਿਕਾਰੀ ਨੂੰ ਡੰਗ ਲਿਆ।ਸ਼ਿਕਾਰੀ ਨੇ ਸੱਪ ਮਾਰ ਦਿਤਾ ਤੇ ਸੱਪ ਦੀ ਜਹਿਰ ਨਾਲ ਸ਼ਿਕਾਰੀ ਮਰ ਗਿਆ।ਸ਼ਿਕਾਰੀ ਦੀ ਪਤਨੀ ਨੂੰ ਪਤਾ ਲਗਣ ਤੇ, ਵਿਯੋਗ ਵਿਚ ਉਹ ਵੀ ਮਰ ਗਈ।ਪਤਨੀ ਦੇ ਗਰਭ ਦਾ ਬਚਾ ਵੀ ਮਰ ਗਿਆ, ਇਨ੍ਹਾਂ ਵਿਚੋਂ ਹਿਰਣੀ ਦਾ ਬੱਚਾ, ਸ਼ਿਕਾਰੀ, ਸੱਪ, ਸ਼ਿਕਾਰਣ ਦੇ ਪੇਟ ਦਾ ਬੱਚਾ, ਇਹ ਚਾਰ ਪੁਰਖ, ਸ਼ਿਕਾਰਣ ਤੇ ਹਰਣੀ ਦੋ ਔਰਤਾਂ ਸਨ।

ਅੰਤ੍ਰੀਵ ਭਾਵ ਃ–ਮਨ ਨੇ ਪਹਿਲਾਂ ਹੰਗਤਾ (ਅਪਣੱਤ) ਨੂੰ ਮਾਰਿਆ, ਜਿਸ ਨਾਲ ਰਾਗ ਤੇ ਦ੍ਵੈਖ ਮਾਰੇ ਗਏ।ਫਿਰ ਹੰਕਾਰ ਮਰਿਆ, ਫਿਰ ਮੌਤ ਦੇ ਡਰ (ਸੱਪ) ਨੇ ਮਨ ਨੂੰ ਵੀ ਮਾਰ ਦਿਤਾ।ਨਾਲ ਹੀ ਆਸਾ ਮਰ ਗਈ, ਇਨ੍ਹਾਂ ਵਿਚੋਂ ਚਾਰ (ਮਨ, ਰਾਗ, ਦ੍ਵੈਖ, ਹੰਕਾਰ) ਪੁਰਖ ਹਨ।ਦੋ ਹੰਗਤਾ ਤੇ ਆਸਾ ਨਾਰੀਆਂ ਹਨ (ਸ਼ਬਦਾਰਥ ਦਾ ਸੰਖੇਪ); ਇਕ ਹੰਕਾਰ ਦੇ ਮਰਨ ਤੇ ਰਾਗ ਤੇ ਦ੍ਵੈਖ ਦੋਵੇਂ ਮਰ ਗਏ, ਇਨ੍ਹਾਂ ਦੋਹਾਂ ਦੇ ਮਰਨ ਤੇ ਕਾਮ ਕ੍ਰੋਧ ਲੋਭ ਤੇ ਮੋਹ ਚਾਰੇ ਮਰ ਗਏ।ਚਾਰਾਂ ਦੇ ਮਰਨ ਨਾਲ ਜਨਮ ਮਰਨ ਹਰਖ ਸੋਗ ਚਾਰ ਪੁਰਖ, ਭੁੱਖ ਤੇ ਪਿਆਸ ਦੋ ਨਾਰਾਂ, ਇਹ ਛੇ ਮਰ ਗਏ (ਫ. ਸ.; ਭਾ: ਵੀਰ ਸਿੰਘ)।

ਹੋਰਨਾਂ ਨਾਲੋਂ ਦਰਪਣ ਦੇ ਅਰਥ ਸਹੀ ਜਚਦੇ ਹਨਃ– ਦਰਪਣ ਨੇ ਸਲੋਕ ੮੨ ਤੋਂ ਸਲੋਕ ੮੯ ਤਕ ਲੜੀਵਾਰ ਵਿਸ਼ਾ ਮੰਨਿਆ ਹੈ।ਸਭ ਤੋਂ ਪਹਿਲਾਂ ਮਨ ਨੂੰ ਮਾਰਨਾ ਹੈ।ਸਲੋਕ ੮੨ ਵਿਚ ਜਾਤੀ ਹੰਕਾਰ, ੮੩, ੮੪, ੮੫ ਵਿਚ ਸਰੀਰਕ ਮੋਹ, ੮੬ ਵਿਚ ਭਟਕਣਾ, ਤ੍ਰਿਸ਼ਨਾ। ੮੮ ਵਿਚ ਕੁਸੰਗ ਅਤੇ ੮੯ ਵਿਚ ਨਿੰਦਿਆ।ਇਨ੍ਹਾਂ ਵਿਚੋਂ ਮਨ, ਹੰਕਾਰ, ਮੋਹ, ਕੁਸੰਗ ਇਹ ਚਾਰੇ ਪੁਲਿੰਗ ਹਨ, ਤ੍ਰਿਸ਼ਨਾ ਤੇ ਨਿੰਦਾ ਦੋ ਨਾਰੀਆਂ ਹਨ।ਸਿਫਤ ਸਲਾਹ ਕਰਕੇ ਮਨ ਮਰਦਾ ਹੈ, ਇਕ ਮਨ ਦੇ ਮਰਨ ਨਾਲ ਹੰਕਾਰ ਮਰ ਗਿਆ, ਇਸ ਤਰ੍ਹਾਂ ਦੋ ਮਰ ਗਏ (ਮਨ ਤੇ ਜਾਤ ਦਾ ਹੰਕਾਰ)।ਦੋ ਦੇ ਮਰਨ ਨਾਲ ਸਰੀਰਕ ਮੋਹ ਤੇ ਤ੍ਰਿਸ਼ਨਾ, ਇਹ ਚਾਰ ਮਰ ਗਏ।ਇਨ੍ਹਾਂ ਚਾਰਾਂ ਦੇ ਮਰਨ ਨਾਲ ਕੁਸੰਗ ਤੇ ਨਿੰਦਾ, ਇਹ ਛੇ ਮਰ ਗਏ।ਇਨ੍ਹਾਂ ਵਿਚੋਂ ੪ ਪੁਰਖ ਤੇ ੨ ਨਾਰਾਂ ਹਨ (ਦਰਪਨ)।(ਇਕ ਹੋਰ ਅਰਥ ਹੈ = ਇਕ ਹੰਕਾਰ ਦੇ ਮਰਨ ਨਾਲ ਅਗਿਆਨ ਮਰ ਜਾਂਦਾ ਹੈ (ਇਸ ਤਰ੍ਹਾਂ ਹੰਕਾਰ ਤੇ ਅਗਿਆਨ ਇਹ ਦੋ ਮਰ ਗਏ)।ਇਨ੍ਹਾਂ ਦੋ ਦੇ ਮਰਨ ਨਾਲ ਦੁਨਿਆਵੀ ਮੋਹ ਅਤੇ ਭੋਗਾਂ ਦਾ ਅਨੰਦ (ਇਸ ਤਰ੍ਹਾਂ ਹੰਕਾਰ, ਅਗਿਆਨ, ਮੋਹ ਤੇ ਅਨੰਦ ਇਹ ਚਾਰ ਮਰ ਗਏ)।ਇਨ੍ਹਾਂ ਚੌਹਾਂ ਦੇ ਮਰਨ ਕਰਕੇ ਦੁਨੀਆਂ ਵਿਚ ਲੰਬਾ ਸਮਾਂ ਜਿਉਣ ਦੀ ਆਸਾ ਤੇ ਪਦਾਰਥਾਂ ਦੀ ਤ੍ਰਿਸ਼ਨਾ (ਹੰਕਾਰ, ਅਗਿਆਨ ,ਮੋਹ, ਅਨੰਦ, ਆਸਾ ਤੇ ਤ੍ਰਿਸ਼ਨਾ ਇਹ ਛੇ ਮਰ ਗਏ)।ਇਨ੍ਹਾਂ ਚੋਂ ਹੰਕਾਰ ਅਗਿਆਨ ਮੋਹ ਤੇ ਅਨੰਦ ਚਾਰੇ ਪੁਰਖ, ਆਸਾ ਤੇ ਤ੍ਰਿਸ਼ਨਾ ਦੋ ਨਾਰਾਂ ਹਨ। ਇਸ ਸਲੋਕ ਦਾ ਅਸਲੀ ਭਾਵ ਤਾਂ ਕਬੀਰ ਜੀ ਹੀ ਜਾਣਦੇ ਹਨ, ਸਭ ਵਿਦਵਾਨਾਂ ਨੇ ਆਪੋ ਅਪਣੀ ਬੁੱਧੀ ਅਨੁਸਾਰ ਹੀ ਅਰਥ ਕੀਤੇ ਹਨ।੯੧।

ਪਦਾਰਥ = ਏਕ ਮਰੰਤੇ–ਇਕ ਦੇ ਮਰਨ ਨਾਲ।ਦੁਇ ਮੂਏ–ਦੋ ਮਰ ਗਏ।ਛਹ–ਛੈ।ਨਾਰਿ–ਇਸਤ੍ਰੀਆਂ।੯੧।

ਕਬੀਰ ਦੇਖਿ ਦੇਖਿ ਜਗੁ ਢੂੰਢਿਆ, ਕਹੂੰ ਨ ਪਾਇਆ ਠਉਰੁ ॥ ਜਿਨਿ ਹਰਿ ਕਾ ਨਾਮੁ ਨ ਚੇਤਿਓ, ਕਹਾ ਭੁਲਾਨੇ ਅਉਰ ॥੯੨॥ ਹੇ ਕਬੀਰ! ਦੇਖ ਦੇਖ ਕੇ ਸਾਰਾ ਜਗਤ ਖੋਜ ਲਿਆ ਹੈ; ਖੋਜ ਕੇ ਦੇਖਿਆ ਹੈ, ਸੁਖ ਦਾ ਟਿਕਾਣਾ ਕਿਤੇ ਨਹੀ (ਪਾਇਆ) ਲੱਭਾ।ਜਿਨ੍ਹਾਂ ਪੁਰਖਾਂ ਨੇ ਹਰੀ ਦਾ ਨਾਮ ਨਹੀਂ ਸਿਮਰਿਆ, ਉਹ ਹੋਰਨਾਂ ਥਾਵਾਂ ਤੇ ਕਿਉਂ ਭੁੱਲੇ (ਫਿਰਦੇ) ਹਨ (ਸਿਮਰਨ ਤੋਂ ਬਿਨਾ ਹੋਰ ਕਰਮ ਵਿਅਰਥ ਹਨ)।੯੨।

ਪਦਾਰਥ = ਢੂੰਢਿਆ–ਖੋਜਿਆ ਹੈ।ਕਹੂੰ–ਕਿਤੇ ਵੀ।ਠਉਰੁ–ਥਾਂ ਟਿਕਾਣਾ।ਕਹਾ–ਕੀ; ਕਿਉਂ।ਅਉਰ–ਹੋਰ (ਥਾਵਾਂ ਤੇ)।੯੨।

ਕਬੀਰ ਸੰਗਤਿ ਕਰੀਐ ਸਾਧ ਕੀ, ਅੰਤਿ ਕਰੈ ਨਿਰਬਾਹੁ ॥ ਸਾਕਤ ਸੰਗੁ ਨ ਕੀਜੀਐ, ਜਾ ਤੇ ਹੋਇ ਬਿਨਾਹੁ ॥੯੩॥ ਹੇ ਕਬੀਰ! ਗੁਰਮੁਖਾਂ ਦੀ ਸੰਗਤ ਕਰਨੀ ਚਾਹੀਦੀ ਹੈ, ਜੋ ਅੰਤ (ਸਮੇਂ ਤਕ) ਸਹਾਇਤਾ ਕਰਦੀ ਹੈ (ਸੰਤ ਅੰਤ ਤਕ ਸਾਥ ਨਿਭਾਉਂਦੇ ਹਨ)। ਦੁਸਟ ਪੁਰਖਾਂ ਦਾ ਸੰਗ ਨਹੀ ਕਰਨਾ ਚਾਹੀਦਾ, ਜਿਨ੍ਹਾਂ ਦਾ ਸੰਗ ਕਰਨ ਤੇ ਆਤਮਕ ਜੀਵਨ ਨਾਸ਼ ਹੁੰਦਾ ਹੈ।੯੩।

ਸਜਣ ਸੇਈ ਨਾਲ ਮੈ ਚਲਦਿਆ ਨਾਲਿ ਚਲੰਨਿ। ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ। (੭੨੯)।

ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨ ਜਾਹੀ ਛੋੜਿ। ੧੧੦੨ ।

ਪਦਾਰਥ = ਅੰਤਿ–ਅੰਤ ਸਮੇਂ ਤਕ। ਨਿਰਬਾਹੁ–ਸਾਥ; ਸਹਾਇਤਾ। ਸਾਕਤ–ਰੱਬ ਤੋਂ ਬੇਮੁਖ ਮਨੁੱਖ। ਜਾ ਤੇ–ਜਿਸ (ਦਾ ਸੰਗ ਕਰਨ) ਤੋਂ। (ਬਿਨਾਹੁ–ਨਾਸ਼।੯੩।

ਕਬੀਰ ਜਗ ਮਹਿ ਚੇਤਿਓ ਜਾਨਿ ਕੈ, ਜਗ ਮਹਿ ਰਹਿਓ ਸਮਾਇ ॥ ਜਿਨ ਹਰਿ ਕਾ ਨਾਮੁ ਨ ਚੇਤਿਓ, ਬਾਦਹਿ ਜਨਮੇਂ ਆਇ ॥੯੪॥ ਕਬੀਰ ਜੀ ਕਹਿੰਦੇ ਹਨ ਕਿ ਜਿਨ੍ਹਾਂ ਸੰਤਾਂ ਨੇ ਜਗਤ ਵਿਚ (ਜਨਮ ਲੈ ਕੇ) ਹਰੀ ਨੂੰ (ਵਿਆਪਕ) ਜਾਣ ਕੇ ਸਿਮਰਿਆ ਹੈ, (ਉਹ) ਜਗਤ ਵਿਚ ਰਹਿੰਦੇ ਹੋਏ ਹਰੀ ਵਿਚ ਸਮਾਏ ਰਹਿੰਦੇ ਹਨ। (ਪਰ) ਜਿਨ੍ਹਾਂ ਨੇ ਹਰੀ ਦਾ ਨਾਮ ਨਹੀ ਚੇਤਿਆ, ਉਨ੍ਹਾਂ ਦਾ ਜਗਤ ਵਿਚ ਜੰਮ ਕੇ ਆਉਣਾ ਬਿਅਰਥ ਹੈ।੯੪।

ਪਦਾਰਥ = ਜਗ ਮਹਿ–ਜਗਤ ਵਿਚ। ਚੇਤਿਓ–ਸਿਮਰਿਆ ਹੈ। ਰਹਿਓ ਸਮਾਇ–ਲੀਨ ਰਹਿੰਦੇ ਹਨ। ਜਿਨ–ਜਿਨ੍ਹਾਂ ਨੇ। ਜਨਮੇਂ ਆਇ–ਜਨਮ ਲੈ ਕੇ ਆਏ। ਬਾਦਹਿ–ਵਿਅਰਥ ਹਨ।੯੪।

ਕਬੀਰ ਆਸਾ ਕਰੀਐ ਰਾਮ ਕੀ, ਅਵਰੈ ਆਸ ਨਿਰਾਸ ॥ ਨਰਕਿ ਪਰਹਿ ਤੇ ਮਾਨਈ, ਜੋ ਹਰਿ ਨਾਮ ਉਦਾਸ ॥੯੫॥ ਕਬੀਰ ਜੀ ਆਖਦੇ ਹਨ, ਹੇ ਭਾਈ! ਇਕ ਰਾਮ ਦੀ ਹੀ ਆਸ ਕਰਨੀ ਚਾਹੀਦੀ ਹੈ, ਹੋਰ ਆਸਾਂ ਤੋਂ ਨਿਰਾਸ ਹੋ ਜਾਓ (ਹੋਰ ਆਸ ਨਿਰਾਸ ਕਰਨ ਵਾਲੀ ਹੈ)। ਉਹ ਪੁਰਖ ਨਰਕ ਵਿਚ ਪੈਂਦੇ ਹਨ, ਜਿਹੜੇ ਹਰੀ ਨਾਮ ਤੋਂ ਉਦਾਸ ਰਹਿੰਦੇ ਹਨ (ਨਹੀ ਜਪਦੇ)।੯੫।

ਪਦਾਰਥ = ਨਿਰਾਸ–ਨਿਰ+ਆਸ–ਆਸਾਂ ਤੋਂ ਰਹਿਤ; ਨਿਸਫਲ। ਅਵਰੈ–ਹੋਰ ਦੂਜੀ। ਪਰਹਿ–ਪੈਂਦੇ ਹਨ। ਤੇ–ਉਹ। ਮਾਨਈ–ਮਾਨਵ–ਮਨੁੱਖ (ਜਾਂ ਨਰਕ ਵਿਚ ਪਿਆ ਮੰਨੋ)। ਨਾਮ ਉਦਾਸ–ਨਾਮ ਦੇ ਤਿਆਗੀ।੯੫।

ਵਿਆਖਿਆ = ਜੋ ਮਨੁੱਖ ਨਾਮ ਨੂੰ ਛੱਡ ਕੇ ਜਗਤ ਜਾਂ ਦੇਵੀ ਦੇਵਤਿਆਂ ਦੀ ਆਸ ਕਰਦੇ ਹਨ, ਉਹ ਨਰਕ ਵਿਚ ਪੈਂਦੇ ਹਨ। ਹਰੀ ਦੀ ਆਸ ਕਰਨ ਤੇ ਹਰੀ ਮਿਲਦਾ ਹੈ, ਹੋਰ ਆਸਾਂ ਨਿਫਲ ਹਨ, ਪੂਰੀਆਂ ਹੀ ਨਹੀਂ ਹੁੰਦੀਆਂ। ਜੇ ਆਸ ਪੂਰੀ ਹੋ ਵੀ ਜਾਵੇ ਤਾਂ ਛਡਣੀ ਪੈਂਦੀ ਹੈ। ਆਸਾਂ ਦਾ ਬੱਧਾ ਜੀਵ ਦੁੱਖ ਭੋਗਦਾ ਹੈ।੯੫।

ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ। ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ। (੫੧੭)

ਕਬੀਰ ਸਿਖ ਸਾਖਾ ਬਹੁਤੇ ਕੀਏ, ਕੇਸੋ ਕੀਓ ਨ ਮੀਤੁ ॥ ਚਾਲੇ ਥੇ ਹਰਿ ਮਿਲਨ ਕਉ, ਬੀਚੈ ਅਟਕਿਓ ਚੀਤੁ ॥੯੬॥ ਕਬੀਰ ਜੀ ਆਖਦੇ ਹਨ, ਹੇ ਭਾਈ! ਤੈਂ ਅਪਣੇ ਚੇਲੇ ਤੇ ਮਿਤ੍ਰ (ਪੋਤੇ ਚੇਲੇ) ਬਹੁਤ ਬਣਾ ਲਏ ਹਨ, ਪਰ ਕੇਸ਼ਵ (ਪ੍ਰਭੂ) ਨੂੰ ਮਿਤ੍ਰ ਨਹੀ ਬਣਾਇਆ। ਤੁਸੀਂ ਚੱਲੇ ਤਾਂ ਹਰੀ ਨੂੰ ਮਿਲਣ ਲਈ ਸੀ (ਘਰ ਬਾਰ ਛੱਡ ਕੇ ਸਾਧੂ ਬਣ ਕੇ ਹਰੀ ਨੂੰ ਮਿਲਣ ਦੇ ਰਸਤੇ ਚੱਲੇ ਸੀ), ਪਰ ਤੁਹਾਡਾ ਚਿਤ ਰਸਤੇ ਵਿਚ ਹੀ ਰੁਕ ਗਿਆ।੯੬।

ਪਦਾਰਥ = ਸਿਖ ਸਾਖਾ–ਸਿਖ ਸੇਵਕ; ਚੇਲੇ ਤੇ ਮਿਤ੍ਰ; ਚੇਲੇ ਚਾਟੜੇ; ਚੇਲੇ ਤੇ ਪੋਤੇ ਚੇਲੇ। ਕੇਸੋ–ਕੇਸਾਂ ਵਾਲਾ ਹਰੀ। ਚਾਲੇ ਥੇ–ਤੁਰੇ ਸੀ। ਮਿਲਨ ਕਉ–ਮਿਲਣ ਵਾਸਤੇ। ਬੀਚੈ–ਵਿਚੇ ਹੀ। ਅਟਕਿਓ–ਰੁਕ ਗਿਆ; ਫਸ ਗਿਆ।੯੬।

ਵਿਆਖਿਆ = ਮਨੁੱਖ ਹਰੀ ਨੂੰ ਮਿਲਣ ਲਈ ਸਾਧੂ ਬਾਣਾ ਪਾ ਲੈਂਦਾ ਹੈ, ਪਰ ਚੇਲੇ ਚਾਟੜੇ ਬਣਾ ਕੇ ਅਪਣੀ ਸੇਵਾ ਤੇ ਪੂਜਾ ਕਰਾਉਣ ਵਿਚ ਹੀ ਰੁੱਝ ਜਾਂਦਾ ਹੈ। ਗ੍ਰਿਹਸਥ ਛਡ ਕੇ ਸਾਧ ਬਣਿਆ ਸੀ, ਅੱਗੇ ਚੇਲੇ ਚਾਟੜਿਆਂ ਨੂੰ ਅਪਣਾ ਪ੍ਰਵਾਰ ਬਣਾ ਲਿਆ। ਹਰੀ ਨੂੰ ਭੁੱਲ ਕੇ ਨਾ ਘਰ ਦਾ ਨਾ ਘਾਟ ਦਾ ਰਹਿੰਦਾ ਹੈ।੯੬।

ਕਬੀਰ ਕਾਰਨੁ ਬਪੁਰਾ ਕਿਆ ਕਰੈ, ਜਉ ਰਾਮੁ ਨ ਕਰੈ ਸਹਾਇ ॥ ਜਿਹ ਜਿਹ ਡਾਲੀ ਪਗੁ ਧਰਉ, ਸੋਈ ਮੁਰਿ ਮੁਰਿ ਜਾਇ ॥੯੭॥ ਹੇ ਕਬੀਰ! ਕਾਰਨ (ਵਸੀਲਾ; ਸਬੱਬ ਭਾਵ ਕੋਈ ਵੀ ਚੀਜ ਹਾਸਲ ਕਰਨ ਦਾ ਕਾਰਨ) ਵਿਚਾਰਾ ਕੀ ਕਰ ਸਕਦਾ ਹੈ, ਜੇਕਰ (ਕਾਰਨ ਦੇ ਪਿਛੇ) ਰਾਮ ਸਹਾਇਤਾ ਨਾ ਕਰੇ। ਮੈਂ ਜਿਸ ਜਿਸ ਸਾਧਨ ਰੂਪ ਡਾਲੀ ਤੇ ਮਨ ਰੂਪ ਪੈਰ ਧਰਦਾ ਹਾਂ, ਹਰੀ ਦੀ ਮੱਦਤ ਬਿਨਾ ਓਹੀ ਡਾਲੀ ਮੁੜ ਜਾਂਦੀ ਹੈ (ਜਿਹੜਾ ਵੀ ਕੰਮ ਕਰਨ ਲਗਦਾ ਹੈ, ਸਿਰੇ ਨਹੀ ਚੜ੍ਹਦਾ)।੯੭।

ਜੇ ਸੁਇਨੇ ਨੋ ਓਹੁ ਹਥੁ ਪਾਏ, ਤਾ ਖੇਹੂ ਸੇਤੀ ਰਲਿ ਗਇਆ। (੩੦੭)

ਪਦਾਰਥ = ਕਾਰਨ–ਵਸੀਲਾ; ਕਿਸੇ ਵੀ ਕੰਮ ਜਾਂ ਚੀਜ ਦਾ ਕੋਈ ਕਾਰਨ (ਹੀਲਾ ਵਸੀਲਾ)। ਬਪੁਰਾ–ਬਿਚਾਰਾ। ਜਉ–ਜੇ। ਜਿਹ–ਜਿਸ। ਡਾਲੀ–ਟਾਹਣੀ (ਸਾਧਨਾ ਜਾਂ ਕਾਰ ਵਿਹਾਰ ਰੂਪ)। ਪਗੁ–ਪੈਰ। ਧਰਉ–ਮੈਂ ਧਰਦਾ ਹਾਂ। ਮੁਰਿ ਮੁਰਿ–ਮੁੜ (ਲਿਫ) ਜਾਂਦੀ ਹੈ।੯੭।

ਵਿਆਖਿਆ = ਕਬੀਰ ਜੀ ਉਨ੍ਹਾਂ ਲੋਕਾਂ ਨੂੰ ਸਿਖਿਆ ਦੇਂਦੇ ਹਨ, ਜੋ ਕਿਸੇ ਕਰਮ ਦਾ ਕਰਤਾ ਹਰੀ ਨੂੰ ਨਹੀ ਮੰਨਦੇ। ਕੇਵਲ ਕਾਰਨ ਤੇ

ਭਰੋਸਾ ਰਖਦੇ ਹਨ। ਹਰ ਜੀਵ ਅਪਣੇ ਭਲੇ ਲਈ ਜਤਨ ਕਰਦਾ ਹੀ ਰਹਿੰਦਾ ਹੈ, ਐਸੇ ਕਾਰਨ ਪੈਦਾ ਕਰਦਾ ਹੈ, ਜੋ ਉਸ ਲਈ ਸੁੱਖਦਾਈ ਹੋਣ। ਪਰ ਸਾਰੇ ਸਫਲ ਨਹੀ ਹੁੰਦੇ, ਹਾਂ ਹਰੀ ਸਹਾਇਤਾ ਕਰੇ ਤਾਂ ਸਫਲ ਹੋ ਸਕਦੇ ਹਨ। ਕਬੀਰ ਜੀ ਕਹਿੰਦੇ ਹਨ, ਹਰੀ ਪ੍ਰਾਪਤੀ ਦੇ ਜੋ ਜੋ ਕਾਰਨ ਮਨੁੱਖ ਕਰਦਾ ਹੈ, ਸਭ ਨਿਫਲ ਹੋ ਜਾਂਦੇ ਹਨ, ਕੋਈ ਨਾ ਕੋਈ ਬਿਘਨ ਪੈ ਜਾਂਦਾ ਹੈ, ਇਸ ਲਈ ਕਾਰਨ ਦੇ ਹੱਥ ਕੁਛ ਨਹੀਂ। ਜੇ ਕਹਿੰਦਾ ਕਿ ਕ੍ਰੋਧ ਨਹੀ ਕਰਨਾ ਤਾਂ ਲੋਕ ਕ੍ਰੋਧ ਕਰਾ ਦੇਂਦੇ ਹਨ। ਦੁਖੀ ਤੇ ਜੇ ਦਇਆ ਕਰਨੀ ਹੈ ਤਾਂ ਸੱਗੋਂ ਖੁਸ਼ ਹੁੰਦਾ ਹੈ। ਜੇ ਭਜਨ ਕਰਦੇ ਨੂੰ ਦੇਖ ਕੇ ਖੁਸ਼ ਹੋਣਾ ਸੀ ਉਸਨੂੰ ਦੇਖ ਕੇ ਈਰਖਾ ਕਰਨ ਲਗ ਗਿਆ, ਇਹ ਸਭ ਕਾਰਨ ਅਸਫਲ ਹੋ ਜਾਂਦੇ ਹਨ।੯੭।
ਕਾਰਨ ਕਰਨ ਕਰਾਵਨੋ, ਸਭ ਬਿਧਿ ਏਕੈ ਹਾਥ।(੨੫੭)। ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ।(੧੩੫੩)
ਕਬੀਰ ਅਵਰਹ ਕਉ ਉਪਦੇਸਤੇ, ਮੁਖਿ ਮੈ ਪਰਿ ਹੈ ਰੇਤੁ ॥ ਰਾਸਿ ਬਿਰਾਨੀ ਰਾਖਤੇ, ਖਾਯਾ ਘਰ ਕਾ ਖੇਤੁ ॥੯੮॥ ਹੇ ਕਬੀਰ! ਜਿਹੜੇ ਪੁਰਖ ਹੋਰਨਾਂ ਨੂੰ ਉਪਦੇਸ਼ ਦੇਂਦੇ ਹਨ (ਪਰ ਆਪ ਉਸ ਤੇ ਅਮਲ ਨਹੀ ਕਰਦੇ), ਉਨ੍ਹਾਂ ਦੇ ਮੂੰਹ ਵਿਚ ਲਾਹਣਤਾਂ ਰੂਪ ਰੇਤ ਪੈਂਦੀ ਹੈ (ਉਪਦੇਸ਼ ਸੁਣਨ ਵਾਲੇ ਜਦ ਕਹਿੰਦੇ ਹਨ ਕਿ ਤੁਸੀਂ ਆਪ ਤਾਂ ਅਮਲ ਕਰਦੇ ਨਹੀ, ਇਨ੍ਹਾਂ ਲਾਹਣਤਾਂ ਦੀ ਰੇਤ ਪੈਂਦੀ ਹੈ)। ਬਿਗਾਨੀ ਪੂੰਜੀ ਦੀ (ਲੋਕਾਂ ਦੇ ਖਲਵਾੜੇ ਦੀ) ਤਾਂ ਰੱਖਿਆ ਕਰਦੇ ਹਨ, ਪਰ ਅਪਣੇ ਹਿਰਦੇ ਰੂਪ ਘਰ ਦਾ ਖੇਤ ਕਾਮਾਦਿਕਾਂ ਨੇ ਖਾ ਲਿਆ ਹੈ (ਅਪਣਾ ਉਜਾੜਾ ਕਰਵਾ ਲਿਆ ਦੂਜਿਆਂ ਦੀ ਰਾਖੀ ਕਰਦਾ ਹੈ)।੯੮।
ਪਦਾਰਥ = ਅਵਰਹ ਕਉ–ਹੋਰਨਾਂ (ਦੂਜਿਆਂ) ਨੂੰ। ਮੁਖਿ ਮਹਿ–ਮੂੰਹ ਵਿਚ। ਪਰਿ ਹੈ–ਪੈਂਦੀ ਹੈ। ਰੇਤੁ–ਮਿੱਟੀ; ਬਾਲੂ। ਰਾਸਿ–ਪੂੰਜੀ। ਬਿਰਾਨੀ–ਬਿਗਾਨੀ। ਖੇਤ–ਅਪਣੇ ਖੇਤ ਦੀ ਫਸਲ।੯੮।
ਵਿਆਖਿਆ = ਕਈ ਸਾਧੂ ਆਪ ਵਿਕਾਰੀ ਹੁੰਦੇ ਹਨ, ਦੂਜਿਆਂ ਨੂੰ ਸਿਖਿਆ ਦੇਂਦੇ ਹਨ। ਮੂੰਹ ਵਿਚ ਰੇਤ ਤੋਂ ਭਾਵ ਹੈ ਕਿ ਉਨ੍ਹਾਂ ਦਾ ਅਪਣਾ ਜੀਵਨ ਬੇ ਰਸਾ ਹੁੰਦਾ ਹੈ। ਜਦ ਗੁਨਾਹ ਲੋਕਾਂ ਵਿਚ ਜਾਹਰ ਹੁੰਦੇ ਹਨ, ਤਾਂ ਲਾਹਣਤਾਂ ਦੀ ਰੇਤ ਚੇਹਰੇ ਤੇ ਪੈਂਦੀ ਹੈ, ਮੂੰਹ ਤੇ ਪਾਪਾਂ ਦੇ ਦਾਗ ਪ੍ਰਤੱਖ ਦਿਖਾਈ ਦੇਣ ਲਗ ਜਾਂਦੇ ਹਨ। ਲੋਕਾਂ ਦੇ ਜੀਵਨ ਦੀ (ਪਾਪਾਂ ਤੋਂ) ਰਾਖੀ ਕਰਦੇ ਹਨ, ਅਪਣੇ ਘਰ (ਦਿਲ) ਦੇ ਗੁਣਾਂ ਦੀ ਪੈਲੀ ਦਾ ਵਿਸ਼ਿਆਂ ਦੇ ਟਿੱਡੀ ਦਲ ਤੋਂ ਉਜਾੜਾ ਕਰਾਈ ਜਾਂਦੇ ਹਨ।੯੮।
ਕਬੀਰ ਸਾਧੂ ਕੀ ਸੰਗਤਿ ਰਹਉ, ਜਉ ਕੀ ਭੂਸੀ ਖਾਉ ॥ ਹੋਨਹਾਰੁ ਸੋ ਹੋਇ ਹੈ, ਸਾਕਤ ਸੰਗਿ ਨ ਜਾਉ ॥੯੯॥ ਕਬੀਰ ਜੀ ਆਖਦੇ ਹਨ, ਹੇ ਭਾਈ! ਸਾਧੂ ਦੀ ਸੰਗਤ ਵਿਚ ਰਹੋ, ਭਾਵੇਂ (ਕਣਕ ਦੀ ਰੋਟੀ ਦੀ ਜਗਾ) ਜੌਂਆਂ ਦਾ ਛਿਲਕਾ ਖਾਣਾ ਪਵੇ (ਚਾਹੇ ਖਾਣ ਪੀਣ ਤੋਂ ਤੰਗੀ ਹੀ ਹੋਵੇ)।(ਕਿਉਂਕਿ) ਜੋ ਕੁਝ ਹੋਣ ਵਾਲਾ ਹੈ (ਜੋ ਵਰਤਾਰਾ ਵਰਤਣਾ ਹੈ, ਬੇਸ਼ਕ ਵਰਤੇ, ਭਾਣੇ ਵਿਚ ਰਹੋ) ਉਹ ਤਾਂ ਹੋ ਕੇ ਹੀ ਰਹਿਣਾ ਹੈ, ਪਰ ਸਾਕਤਾਂ ਦੀ ਸੰਗਤ ਵਿਚ ਨਾ ਜਾਉ। ਸਾਖੀ = ਇਕ ਹੰਕਾਰੀ ਰਾਜੇ ਦਾ ਸੱਤਸੰਗੀ ਵਜੀਰ ਸੀ। ਸ਼ਿਕਾਰ ਖੇਡਦੇ ਰਾਜੇ ਦੀ ਚੀਚੀ ਵੱਢੀ ਗਈ । ਵਜੀਰ ਕਹਿੰਦਾ ਭਲਾ ਹੋਇਆ। ਰਾਜੇ ਨੇ ਗੁੱਸੇ ਵਿਚ ਵਜੀਰ ਨੂੰ ਮੁਅੱਤਲ ਕਰ ਦਿਤਾ। ਵਜੀਰ ਨੇ ਫਿਰ ਕਿਹਾ ਭਲਾ ਹੋਇਆ। ਬਾਅਦ ਵਿਚ ਫਿਰ ਸ਼ਿਕਾਰ ਖੇਡਦੇ ਰਾਜੇ ਨੂੰ ਜੰਗਲ ਵਿਚ ਰਹਿਣ ਵਾਲੇ ਦੇਵੀ ਦੇ ਉਪਾਸ਼ਕਾਂ ਨੇ ਫੜ ਲਿਆ। ਦੇਵੀ ਦੀ ਭੇਟਾ ਕਰਨ ਲਈ ਰਾਜੇ ਨੂੰ ਸ਼ਨਾਨ ਕਰਾ ਕੇ ਜਦ ਕੱਟੀ ਚੀਚੀ ਦੇਖੀ ਤਾਂ ਛੱਡ ਦਿਤਾ, ਕਿਉਂਕਿ ਉਨ੍ਹਾਂ ਮੁਤਾਬਿਕ ਅੰਗਹੀਣ ਦੀ ਬਲੀ ਨਹੀ ਦਿਤੀ ਜਾ ਸਕਦੀ ਸੀ। ਰਾਜੇ ਨੂੰ ਅਹਿਸਾਸ ਹੋਇਆ ਤਾਂ ਵਜੀਰ ਨੂੰ ਮੁੜ ਬਹਾਲ ਕਰ ਦਿਤਾ। ਰਾਜੇ ਨੇ ਵਜੀਰ ਨੂੰ ਪੁਛਿਆ, ਚੀਚੀ ਕੱਟੀ ਸਮੇਂ ਭਲਾ ਹੋਇਆ ਕਿਹਾ ਤਾਂ ਮੈਂ ਸਮਝ ਗਿਆ, ਪਰ ਤੈਨੂੰ ਹਟਾਉਣ ਵੇਲੇ ਭਲਾ ਹੋਇਆ ਕਿਹਾ ਮੈਂ ਨਹੀ ਸਮਝਿਆ। ਵਜੀਰ ਕਹਿੰਦਾ, ਤੁਸੀ ਮੈਨੂੰ ਨਾਲ ਰੱਖਦੇ ਸੀ, ਤੇਰੇ ਨਾਲ ਮੈਂ ਵੀ ਫੜਿਆ ਜਾਣਾ ਸੀ, ਤੇਰੀ ਥਾਂ ਮੈਨੂੰ ਸਾਬਤ ਦੇਖ ਕੇ ਦੇਵੀ ਲਈ ਮੇਰੀ ਬਲੀ ਦੇ ਦੇਣੀ ਸੀ। ਸੋ ਇਹ ਸਭ ਸੰਤਾਂ ਦੀ ਸੰਗਤ ਚੋਂ ਸਿਖਿਆ ਹੈ ਜੋ ਹਰੀ ਨੇ ਕਰਨਾ ਹੈ, ਹੋ ਕੇ ਹੀ ਰਹੇਗਾ।
ਪਦਾਰਥ = ਜਉ–ਜੌਂਆਂ ਦੀ। ਭੂਸੀ–ਸੁਹੜੀ; ਛਿਲਕਾ; ਤੂੜੀ; ਰੋਟੀ (ਜਵਾਂ ਦੇ ਛਿਲਕੇ ਦੀ ਰੋਟੀ)। ਹੋਨਹਾਰੁ–ਜੋ ਹੋਣ ਵਾਲਾ ਹੈ। ਸੋ–ਉਹ। ਸਾਕਤ ਸੰਗਿ–ਬੇਮੁਖ ਲੋਕਾਂ ਦੀ ਸੰਗਤ ਵਿਚ।੯੯।
ਵਿਆਖਿਆ = ਸੰਤਾਂ ਦੀ ਸੰਗਤ ਵਿਚ ਚਾਹੇ ਰੁੱਖੀ ਰੋਟੀ ਖਾਣੀ ਪਵੇ, ਫਿਰ ਵੀ ਸੰਗਤ ਨਹੀ ਛਡਣੀ ਚਾਹੀਦੀ। ਸਾਕਤਾਂ ਦੀ ਸੰਗਤ ਵਿਚ ਚਾਹੇ ਮਾਲ੍ਹ ਪੂੜੇ ਮਿਲਣ, ਕਦੇ ਵੀ ਨਾ ਜਾਓ।੯੯। ਸੰਤਨ ਕਾ ਦਾਨਾ ਰੂਖਾ, ਸੋ ਸਰਬ ਨਿਧਾਨ। (੮੧੧)
ਕਬੀਰ ਸੰਗਤਿ ਸਾਧ ਕੀ, ਦਿਨ ਦਿਨ ਦੂਨਾ ਹੇਤੁ ॥ ਸਾਕਤ ਕਾਰੀ ਕਾਂਬਰੀ, ਧੋਏ ਹੋਇ ਨ ਸੇਤੁ ॥੧੦੦॥ ਹੇ ਕਬੀਰ! ਸਾਧੂ (ਗੁਰੂ) ਦੀ ਸੰਗਤ ਵਿਚ ਰਹਿਣ ਨਾਲ ਦਿਨੋ ਦਿਨ ਹਰੀ ਵਿਚ ਦੁਗਣਾ ਪ੍ਰੇਮ (ਵਧਦਾ) ਹੈ। ਸਾਕਤ ਕਾਲੀ ਕੰਬਲੀ ਵਾਂਗ ਕਾਲੇ ਮਨ ਵਾਲੇ ਹਨ, ਜੋ ਧੋਣ ਨਾਲ ਸਫੈਦ (ਸ਼ੁੱਧ) ਨਹੀ ਹੁੰਦੇ (ਸਾਕਤਾਂ ਦਾ ਸੰਗ ਕਰਨ ਤੇ ਮਨ ਸ਼ੁੱਧ ਨਹੀ ਹੁੰਦਾ)।੧੦੦।
ਪਦਾਰਥ = ਦੂਨਾ–ਦੁੱਗਣਾ। ਹੇਤੁ–ਪ੍ਰੇਮ। ਸਾਕਤ–ਮਨਮੁਖ। ਕਾਰੀ–ਕਾਲੀ। ਕਾਂਬਰੀ–ਕੰਬਲੀ; ਲੋਈ। ਸੇਤੁ–ਚਿੱਟੀ; ਸ਼ੁੱਧ।੧੦੦।
ਕਬੀਰ ਮਨੁ ਮੂੰਡਿਆ ਨਹੀ, ਕੇਸ ਮੁੰਡਾਏ ਕਾਂਇ ॥ ਜੋ ਕਿਛੁ ਕੀਆ ਸੋ ਮਨ ਕੀਆ, ਮੂੰਡਾ ਮੂੰਡੁ ਅਜਾਂਇ ॥੧੦੧॥ (ਕਿਸੇ ਨਵੇਂ ਬਣੇ ਸੰਨਿਆਸੀ, ਜੋ ਸਿਰ ਮੂੰਹ ਮੁਨਾ ਕੇ ਕਬੀਰ ਸਾਹਿਬ ਕੋਲ ਆਇਆ ਤੇ ਕਹਿੰਦਾ, ਜੀ ਮੈਂ ਪਰਮਹੰਸ ਬਣ ਗਿਆ ਹਾਂ, ਉਸ ਨੂੰ ਸਿਖਿਆ ਦੇਂਦੇ ਹੋਏ) ਕਬੀਰ ਜੀ ਆਖਦੇ ਹਨ, ਹੇ ਭਾਈ! ਤੈਂ ਅਪਣਾ ਮਨ ਤਾਂ ਮੁੰਨਿਆ (ਮਨ ਦੇ ਬੁਰੇ ਬਿਚਾਰਾਂ ਨੂੰ ਤਾਂ ਨਾਸ਼ ਕੀਤਾ) ਨਹੀਂ,

ਪਰ ਸਿਰ ਦੇ ਕੇਸ ਕਿਉਂ ਮੁਨਾ ਲਏ। ਜੋ ਕੁਛ ਵਿਗਾੜ ਕੀਤਾ ਹੈ, ਉਹ ਮਨ ਨੇ ਹੀ ਕੀਤਾ ਹੈ, ਸਿਰ ਨੂੰ ਮੁਨਾਉਣਾ ਬਿਅਰਥ ਹੈ।੧੦੧।
ਪਦਾਰਥ = ਮੂੰਡਿਆ-ਮੁੰਨਿਆ। ਕਾਂਇ-ਕਿਸ ਲਈ। ਕੀਆ-ਕੀਤਾ। ਸੋ-ਉਹ। ਮੂੰਡੁ-ਸਿਰ। ਅਜਾਂਇ-ਬਿਅਰਥ।੧੦੧।
ਵਿਆਖਿਆ = ਮਨ ਦੇ ਬੁਰੇ ਖਿਆਲਾਂ ਨੂੰ ਗਿਆਨ ਦੇ ਉਸਤਰੇ ਨਾਲ ਮੁੰਨਣ ਦੀ ਲੋੜ ਹੈ, ਨਾ ਕਿ ਸਿਰ ਦੇ ਵਾਲਾਂ ਨੂੰ ਮੁਨਾ ਕੇ ਮਨ ਦੀਆਂ ਵਾਸ਼ਨਾਵਾਂ ਦੇ ਮਗਰ ਲਗਣ ਦੀ। ਪੁਰਾਣੇ ਰਿਸ਼ੀ ਮੁਨੀ ਸਾਧੂ ਦੇਵੀ ਦੇਵਤੇ ਗੁਰੂ ਪੀਰ ਆਦਿ ਸਭ ਕੇਸਾਧਾਰੀ ਹੁੰਦੇ ਸਨ। ਕਬੀਰ ਜੀ ਆਪ ਖੁਦ ਵੀ ਕੇਸਾਂ ਦੀ ਪਾਲਣਾ ਕਰਨ ਵਾਲੇ ਸਨ। ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪ੍ਰਵਾਰ ਦੇ ਸਾਰੇ ਜੀਅ ਕੇਸਾਂ ਵਾਲੇ ਸਨ।੧੦੧।
ਕਬੀਰ ਰਾਮੁ ਨ ਛੋਡੀਐ, ਤਨੁ ਧਨੁ ਜਾਇ ਤ ਜਾਉ ॥ ਚਰਨ ਕਮਲ ਚਿਤੁ ਬੇਧਿਆ, ਰਾਮਹਿ ਨਾਮਿ ਸਮਾਉ ॥੧੦੨॥ ਕਬੀਰ ਜੀ ਕਹਿੰਦੇ ਹਨ, ਹੇ ਭਾਈ! ਰਾਮ ਨਾਮ ਦਾ ਸਿਮਰਨ ਕਰਨਾ ਨਹੀ ਛੱਡਣਾ ਚਾਹੀਦਾ, ਤਨ ਤੇ ਧਨ ਜਾਂਦਾ ਹੈ ਤਾਂ ਬੇਸ਼ੱਕ ਚਲਾ ਜਾਵੇ {ਧਨ ਗਇਆ ਤਾ ਜਾਣ ਦੇਹਿ, ਜੇ ਰਾਚਹਿ ਰੰਗਿ ਏਕ। ਮਨੁ ਦੀਜੈ ਸਿਰੁ ਸਉਪੀਐ, ਭੀ ਕਰਤੇ ਕੀ ਟੇਕ ੯੩੪}। ਜਿਸ ਮਨੁੱਖ ਦਾ ਚਿਤ ਹਰੀ ਦੇ ਚਰਨਾਂ ਕਮਲਾਂ ਨਾਲ ਵਿਨ੍ਹਿਆ ਹੋਇਆ ਹੈ, ਉਹ ਰਾਮ ਦੇ ਨਾਮ ਵਿਚ ਸਮਾਇਆ ਰਹਿੰਦਾ ਹੈ।੧੦੨।
ਪਦਾਰਥ = ਤਨੁ-ਸਰੀਰ। ਜਾਇ ਤ ਜਾਉ-ਜਾਂਦਾ ਹੈ ਤਾਂ ਜਾਵੇ (ਨਾਸ਼ ਹੁੰਦਾ, ਤਾਂ ਹੋ ਜਾਵੇ)। ਬੇਧਿਆ-ਵਿਨ੍ਹਿਆ (ਪ੍ਰੋਇਆ) ਹੋਇਆ। ਰਾਮਹਿ ਨਾਮਿ-ਪ੍ਰਮਾਤਮਾ ਦੇ ਨਾਮ ਵਿਚ। ਸਮਾਉ-ਮਿਲਿਆ ਰਹਿੰਦਾ ਹੈ।੧੦੨।
ਕਬੀਰ ਜੋ ਹਮ ਜੰਤੁ ਬਜਾਵਤੇ, ਟੂਟਿ ਗਈਂ ਸਭ ਤਾਰ ॥ ਜੰਤੁ ਬਿਚਾਰਾ ਕਿਆ ਕਰੈ, ਚਲੇ ਬਜਾਵਨਹਾਰ ॥੧੦੩॥ (ਕਬੀਰ ਜੀ ਬਾਜਾ ਬਜਾ ਕੇ ਹਰੀ ਜਸ ਕਰਦੇ ਸਨ, ਲੋਕ ਸੁਣਨ ਆਉਂਦੇ ਸਨ। ਇਕ ਦਿਨ ਚੁੱਪ ਬੈਠਿਆਂ ਨੂੰ ਦੇਖ ਕੇ ਲੋਕਾਂ ਨੇ ਬਾਜਾ ਨਾ ਬਜਾਉਣ ਦਾ ਕਾਰਨ ਪੁੱਛਿਆ ਤਾਂ) ਕਬੀਰ ਜੀ ਆਖਦੇ ਹਨ, ਹੇ ਪ੍ਰੇਮੀਓ! ਜੋ ਅਸੀਂ ਬਾਜਾ ਬਜਾਉਂਦੇ ਸਾਂ, ਉਸ ਦੀਆਂ ਸਭ ਤਾਰਾਂ ਟੁੱਟ ਗਈਆਂ ਹਨ (ਮੇਰਾ ਮਨ, ਸਰੀਰ ਰੂਪ ਬਾਜੇ ਨੂੰ ਬਜਾਉਂਦਾ ਸੀ, ਹੁਣ (ਸਰੀਰ ਬਾਜੇ ਦੀਆਂ) ਵਾਸ਼ਨਾਵਾਂ ਰੂਪ ਤਾਰਾਂ ਟੁੱਟ ਗਈਆਂ ਹਨ। ਕਿਸੇ ਨੇ ਕਿਹਾ, ਜੀ ਇਹ ਠੀਕ ਨਹੀ ਹੋ ਸਕਦਾ? ਕਬੀਰ ਜੀ ਕਹਿੰਦੇ ਹਰੀ ਭਜਨ ਵਿਚ ਬਿਘਨ ਪੈਂਦਾ ਜਾਣ ਕੇ ਛੱਡ ਦਿਤਾ ਹੈ) ਇਹ (ਸਰੀਰ ਰੂਪ) ਬਾਜਾ ਬਿਚਾਰਾ ਹੁਣ ਕੀ ਕਰ ਸਕਦਾ ਹੈ? ਜਦ ਇਸ ਨੂੰ ਬਜਾਉਣ ਵਾਲਾ ਮਨ ਹੀ ਚਲਾ ਗਿਆ ; ਮਨ ਚੌਥੇ ਪਦ ਵਿਚ ਚਲਾ ਗਿਆ ਹੈ।੧੦੩। ਬਜਾਵਨਹਾਰੋ ਕਹਾ ਗਇਓ, ਜਿਨਿ ਇਹੁ ਮੰਦਰੁ ਕੀਨਾ। (੪੮੦)
ਪਦਾਰਥ = ਜੰਤੁ-ਸਰੀਰ (ਰੂਪ ਬਾਜਾ)। ਤਾਰ-ਤਾਰਾਂ (ਵਾਸ਼ਨਾਵਾਂ ਦੀਆਂ)। ਬਜਾਵਨਹਾਰ-ਬਜਾਉਣ ਵਾਲਾ (ਮਨ)।੧੦੩।
ਅੰਗ ੧੩੭੦ = ਕਬੀਰ ਮਾਇ ਮੂੰਡਉ ਤਿਹ ਗੁਰੂ ਕੀ, ਜਾ ਤੇ ਭਰਮੁ ਨ ਜਾਇ ॥ ਆਪ ਡੁਬੇ ਚਹੁ ਬੇਦ ਮਹਿ, ਚੇਲੇ ਦੀਏ ਬਹਾਇ ॥੧੦੪॥ ਕਬੀਰ ਜੀ ਕਹਿੰਦੇ ਹਨ ਕਿ ਉਸ ਝੂਠੇ ਗੁਰੂ ਦੀ ਮਾਂ ਦਾ ਸਿਰ ਮੁੰਨ ਦਿਓ, ਜਿਸ (ਗੁਰੂ ਦੀ ਸੇਵਾ ਕਰਨ) ਤੇ ਮਨ ਦਾ ਭਰਮ ਦੂਰ ਨਹੀ ਹੁੰਦਾ। (ਉਹ ਪੰਡਤ ਗੁਰੂ) ਆਪ ਤਾਂ ਚਾਰ ਬੇਦਾਂ ਦੇ ਕਰਮ ਕਾਂਡ ਦੀ ਨਦੀ ਵਿਚ ਡੁੱਬੇ ਹੋਏ ਹਨ, ਚੇਲਿਆਂ ਨੂੰ ਵੀ (ਉਸ ਝੂਠੇ ਪੰਡਤ ਗੁਰੂ ਨੇ ਕਰਮ ਕਾਂਡ ਦੀ ਨਦੀ ਵਿਚ) ਰੋੜ੍ਹ ਦਿਤਾ ਹੈ।੧੦੪।
ਪਦਾਰਥ = ਮਾਇ ਮੂੰਡਉ-ਮਾਂ ਦਾ ਸਿਰ ਮੁੰਨ ਦਿਓ (ਇਹ ਗਾਲ ਹੈ); ਮਾਂ ਨੂੰ ਵਿਧਵਾ ਕਰ ਦਿਓ, ਤਾਂ ਕਿ ਹੋਰ ਕੱਚਾ ਗੁਰੂ ਪੈਦਾ ਨਾ ਕਰ ਸਕੇ (ਹਿੰਦੂ ਮੱਤ ਵਿਚ ਵਿਧਵਾ ਦਾ ਸਿਰ ਮੁੰਨ ਦਿਤਾ ਜਾਂਦਾ ਹੈ)। ਤਿਹ ਕੀ-ਉਸ ਦੀ। ਜਾ ਤੇ-ਜਿਸ ਤੋਂ (ਜਿਸ ਦੀ ਸਿਖਿਆ ਲੈ ਕੇ)। ਚਹੁ ਬੇਦ ਮਹਿ-ਚਾਰ ਬੇਦਾਂ ਦੇ ਕਰਮ ਕਾਂਡ ਵਿਚ। ਦੀਏ ਬਹਾਇ-ਰੋੜ੍ਹ ਦਿਤੇ।੧੦੪।
ਕਬੀਰ ਜੇਤੇ ਪਾਪ ਕੀਏ, ਰਾਖੇ ਤਲੈ ਦੁਰਾਇ ॥ ਪਰਗਟ ਭਏ ਨਿਦਾਨ ਸਭ, ਜਬ ਪੂਛੇ ਧਰਮ ਰਾਇ ॥੧੦੫॥ ਹੇ ਕਬੀਰ! ਇਸ ਮਨੁੱਖ ਨੇ ਜਿੰਨੇ ਵੀ ਪਾਪ ਕੀਤੇ ਹਨ, (ਉਹ ਸਾਰੇ) ਝੂਠ ਦੇ ਪੜਦੇ ਹੇਠ (ਜਾਂ ਦਿਲ ਵਿਚ) ਲੁਕਾ ਕੇ ਰੱਖੇ ਲਏ ਹਨ (ਪਾਪ ਕਰਕੇ ਝੂਠ ਬੋਲ ਕੇ ਮੁੱਕਰ ਜਾਂਦਾ ਹੈ ਕਿ ਮੈਂ ਤਾਂ ਪਾਪ ਕੀਤਾ ਹੀ ਨਹੀਂ)। ਜੇ ਕਹੀਏ, ਲੇਖਾ ਦੇਣਾ ਪਊ, ਤਾਂ ਅੱਗੋਂ ਕਹਿੰਦਾ ਹੈ, ਇਹ ਜਗ ਮਿੱਠਾ ਅਗਲਾ ਕਿਨ ਡਿੱਠਾ। (ਪਰ) ਜਦ ਧਰਮ ਰਾਜਾ ਪੁਛੇਗਾ, ਤਾਂ ਅੰਤ ਨੂੰ ਸਾਰੇ (ਕੀਤੇ ਹੋਏ ਪਾਪ) ਜਾਹਰ ਹੋ ਜਾਣਗੇ।੧੦੫।
ਪਦਾਰਥ = ਜੇਤੇ-ਜਿਤਨੇ ਵੀ। ਕੀਏ-ਕੀਤੇ ਹਨ। ਤਲੈ-ਹੇਠਾਂ। ਦੁਰਾਇ-ਲੁਕਾ ਕੇ। ਭਏ-ਹੋ ਜਾਣਗੇ। ਨਿਦਾਨ-ਅੰਤ ਸਮੇਂ।੧੦੫।
ਵਿਆਖਿਆ = ਲੋਕਾਂ ਦੀ ਨਜਰਾਂ ਤੋਂ ਪਾਪ ਲੁਕਾਏ ਹੋਏ ਰੱਬ ਦੀ ਕਚਹਿਰੀ ਵਿਚ ਜਰੂਰ ਪ੍ਰਗਟ ਹੋ ਜਾਣਗੇ।੧੦੫।

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ। (੪੬੩)

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ, ਪਾਲਿਓ ਬਹੁਤੁ ਕੁਟੰਬੁ ॥ ਧੰਧਾ ਕਰਤਾ ਰਹਿ ਗਇਆ, ਭਾਈ ਰਹਿਆ ਨ ਬੰਧੁ ॥੧੦੬॥ ਹੇ ਕਬੀਰ! ਇਸ ਮਨੁੱਖ ਨੇ ਹਰੀ ਦਾ ਸਿਮਰਨ ਛੱਡ ਕੇ ਬਹੁਤਾ (ਚਿਰ ਅਪਣਾ) ਪ੍ਰਵਾਰ ਹੀ ਪਾਲਿਆ ਹੈ (ਭਜਨ ਦੀ ਥਾਂ ਕੁਟੰਬ ਹੀ ਪਾਲਦਾ ਰਿਹਾ। ਪ੍ਰਵਾਰ ਲਈ) ਧੰਧੇ ਕਰਦਾ ਹੀ ਮਰ ਗਿਆ, (ਉਸ ਵੇਲੇ) ਨਾ ਭਰਾ, ਨਾ ਕੋਈ ਸਬੰਧੀ ਸਹਾਇਤਾ ਕਰਨ ਨੂੰ ਰਿਹਾ।੧੦੬।
ਪਦਾਰਥ = ਕੁਟੰਬੁ-ਟੱਬਰ। ਰਹਿ ਗਇਆ-ਮਰ ਗਿਆ। ਭਾਈ-ਭਰਾ। ਬੰਧੁ-ਸਬੰਧੀ; ਮਿਤ੍ਰ।੧੦੬।
ਵਿਆਖਿਆ = ਜਿਸ ਪ੍ਰਵਾਰ ਦੀ ਪਾਲਣਾ ਲਈ ਨਾਮ ਸਿਮਰਨ ਛੱਡ ਕੇ ਅਪਣਾ ਅਮੋਲਕ ਸਮਾਂ ਗੁਆਇਆ, ਮੌਤ ਤੋਂ ਬਚਾਉਣ ਲਈ ਕੋਈ ਨਹੀ ਸਹਾਇਤਾ ਕਰ ਸਕਦਾ।੧੦੬।

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ, ਰਾਤਿ ਜਗਾਵਨ ਜਾਇ ॥ ਸਰਪਨਿ ਹੋਇ ਕੈ ਅਉਤਰੈ, ਜਾਏ ਅਪੁਨੇ ਖਾਇ ॥੧੦੭॥ ਹੇ ਕਬੀਰ! ਜੋ ਔਰਤ ਹਰੀ ਦਾ ਸਿਮਰਨ ਛਡ ਕੇ ਰਾਤ ਵੇਲੇ (ਸਮਸ਼ਾਨ ਘਾਟ ਵਿਚ ਪੁਤ੍ਰ ਪ੍ਰਾਪਤੀ ਲਈ ਮੰਤ੍ਰਾਂ ਦੇ ਜੋਰ ਨਾਲ ਮੁਰਦੇ) ਜਗਾਉਣ ਜਾਂਦੀ ਹੈ। ਉਹ ਔਰਤ (ਅਗਲੇ ਜਨਮ ਵਿਚ) ਸੱਪਣੀ ਹੋ ਕੇ ਜੰਮਦੀ ਹੈ, ਅਪਣੇ ਹੀ ਪੈਦਾ ਕੀਤੇ ਬੱਚਿਆਂ ਨੂੰ ਖਾਂਦੀ ਹੈ।੧੦੭।

ਪਦਾਰਥ = ਰਾਤਿ–ਰਾਤ ਵੇਲੇ। ਜਗਾਵਨ ਜਾਇ–ਮੜ੍ਹੀਆਂ ਵਿਚ ਜਲ ਰਹੇ ਮੁਰਦੇ ਦੀ ਰੂਹ ਨੂੰ ਮੰਤ੍ਰਾਂ ਦੇ ਬਲ ਨਾਲ ਜਗਾਉਣ ਜਾਂਦੀ ਹੈ। ਸਰਪਨਿ–ਸੱਪਣੀ। ਅਉਤਰੈ–ਜਨਮਦੀ ਹੈ। ਜਾਇ ਅਪੁਨੇ–ਅਪਣੇ ਹੀ ਜੰਮੇ ਹੋਏ ਬੱਚਿਆਂ ਨੂੰ।੧੦੭।

ਵਿਆਖਿਆ = ਸਾਡੇ ਦੇਸ਼ ਵਿਚ ਕਈ ਕਾਲਾ ਇਲਮ, ਜਾਦੂ ਟੂਣੇ ਕਰਨ ਵਾਲੇ ਤਾਂਤਰਿਕ ਸਾਧ ਹਨ। ਜੋ ਪੈਸੇ ਦਾ ਲਾਲਚ ਕਰਕੇ ਕਈ ਉਲਾਦ ਹੀਣ ਔਰਤਾਂ ਨੂੰ ਭਰਮਾ ਲੈਂਦੇ ਹਨ। ਐਸੀਆਂ ਜਾਹਲ ਔਰਤਾਂ ਟੂਣੇ ਤੇ ਮੰਤ੍ਰਾਂ ਆਦਿ ਦੇ ਬਲ ਨਾਲ ਵਿਰੋਧੀਆਂ ਦੇ ਬੱਚੇ ਮਰਵਾ ਦੇਂਦੀਆਂ ਹਨ, ਤਾਂ ਕਿ ਉਸ ਦੇ ਬੱਚਾ ਜੰਮ ਪਵੇ। ਕਈ ਵਾਰ ਤਾਂ ਦੇਖਿਆ ਗਿਆ ਹੈ ਕਿ ਈਰਖਾ ਦੀ ਅੱਗ ਵਿਚ ਜਲੀਆਂ ਹੋਈਆਂ ਐਸੀਆਂ ਔਰਤਾਂ ਵਿਰੋਧੀਆਂ ਦੇ ਡੰਗਰ ਪਸ਼ੂ ਵੀ ਤਾਂਤਰਿਕਾਂ ਕੋਲੋਂ ਧਾਗਾ ਤਵੀਤ ਜਾਂ ਕੋਈ ਹੋਰ ਐਸਾ ਤੰਤ੍ਰ ਮੰਤ੍ਰ ਲਿਆ ਕੇ ਮਰਵਾ ਦੇਂਦੀਆਂ ਹਨ। ਕਬੀਰ ਜੀ ਇਸ ਸਲੋਕ ਵਿਚ ਇਕ ਅਜੇਹੀ ਔਰਤ ਦਾ ਜਿਕਰ ਕਰਦੇ ਹਨ, ਜੋ ਉਲਾਦ ਵਾਸਤੇ ਰਾਤ ਨੂੰ ਜਲਦਾ ਸਿਵਾ ਜਗਾਉਣ ਜਾਂਦੀ ਹੈ। ਅਗਿਆਨੀ ਲੋਕ ਸਮਝਦੇ ਹਨ ਕਿ ਜੇ ਫੁੱਲ ਚੁਗਣ ਤੋਂ ਪਹਿਲਾਂ ਮੁਰਦੇ ਦੀ ਚਿਖਾ ਤੇ ਮੰਤ੍ਰ ਜਪਿਆ ਜਾਵੇ, ਤਾਂ ਸਿਵੇ ਵਿਚ ਜਲ ਰਹੇ ਮੁਰਦੇ ਦੀ ਰੂਹ ਵਸ ਹੋ ਜਾਂਦੀ ਹੈ ਤੇ ਸਾਰੇ ਮਨੋਰਥ ਪੂਰੇ ਕਰਦੀ ਹੈ। ਕਿੰਨਾ ਚੰਗਾ ਹੋਵੇ, ਜੇ ਸਿਮਰਨ ਕਰੇ ਅਤੇ ਉਲਾਦ ਲਈ ਅਕਾਲ ਪੁਰਖ ਅੱਗੇ ਅਰਦਾਸ ਕਰੇ। ਸੱਪ ਦੀ ਜੂਨ ਬੜੀ ਨਖਿੱਧ ਹੈ, ਸੱਪਣੀ ਕੁੰਡਲ ਮਾਰ ਕੇ ਪੈਦਾ ਹੁੰਦੇ ਬੱਚਿਆਂ ਨੂੰ ਪਿਆਰ ਨਾਲ ਚੱਟਦੀ ਚੱਟਦੀ ਅੰਦਰ ਲੰਘਾ ਲੈਂਦੀ ਹੈ। ਓਹੀ ਬੱਚਾ ਬਚਦਾ ਹੈ, ਜੋ ਕੁੰਡਲ ਤੋਂ ਬਾਹਰ ਨਿਕਲ ਜਾਂਦਾ ਹੈ। ਹਰੀ ਸਿਮਰਨ ਛੱਡ ਕੇ ਤੰਤ੍ਰ ਮੰਤ੍ਰ ਕਰਨ ਅਤੇ ਮੁਰਦੇ ਜਗਾਉਣ ਵਾਲੀ ਔਰਤ ਸੱਪਣੀ ਵਾਲੀ ਬੜੀ ਘਟੀਆ ਜੂਨ ਵਿਚ ਪੈਂਦੀ ਕਬੀਰ ਜੀ ਨੇ ਦਸੀ ਹੈ। ਅੱਜ ਦੇ ਵਿਦਿਅਕ ਅਤੇ ਵਿਗਿਆਨਕ ਯੁੱਗ ਵਿਚ ਕੁਝ ਕੁ ਪੜ੍ਹੇ ਲਿਖੇ ਲੋਕ ਵੀ ਮੰਤ੍ਰਾਂ ਜੰਤ੍ਰਾਂ ਦਾ ਆਸਰਾ ਲੈਂਦੇ ਦੇਖੇ ਗਏ ਹਨ {ਮਨਮੁਖਿ ਭਰਮਿ ਭਵੈ ਬੇਬਾਣਿ। ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ੯੪੧}। ਹਰੀ ਭਜਨ ਬਿਨਾ ਸੁੱਖ ਨਹੀ, ਨਾ ਹੀ ਮੁਕਤੀ ਮਿਲਣੀ ਹੈ।੧੦੭।

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ, ਅਹੋਈ ਰਾਖੈ ਨਾਰਿ ॥ ਗਦਹੀ ਹੋਇ ਕੈ ਅਉਤਰੈ, ਭਾਰੁ ਸਹੈ ਮਨ ਚਾਰਿ ॥੧੦੮॥ ਹੇ ਕਬੀਰ! ਜੋ ਔਰਤ ਹਰੀ ਦਾ ਨਾਮ ਸਿਮਰਨ ਛੱਡ ਕੇ ਅਹੋਈ ਦਾ ਵਰਤ ਰਖਦੀ ਹੈ। ਉਹ (ਅਗਲੇ ਜਨਮ ਵਿਚ) ਗਧੀ ਹੋ ਕੇ ਜਨਮਦੀ (ਸੀਤਲਾ ਦੇਵੀ ਦਾ ਵਾਹਨ ਗਧੀ) ਹੈ, ਚਾਰ ਮਣ ਭਾਰ (ਵਜਨ ਪਿੱਠ ਤੇ) ਸਹਾਰਦੀ ਹੈ ਵ ਵਜਨ ਢੋਂਦੀ ਹੈ। ਦੂਜਾ ਅਰਥ = ਜੋ ਲੋਕ ਹਰੀ ਦਾ ਨਾਮ ਸਿਮਰਨ ਛੱਡ ਕੇ ਅਣ ਹੋਈ ਨਾਰਿ–ਮਾਯਾ ਨੂੰ ਅਪਣਾ ਬਣਾਈ ਰੱਖਦੇ ਹਨ, ਉਹ ਮਨੁੱਖ ਗਧਾ ਹੋ ਕੇ ਜੰਮਦਾ ਹੈ ਤੇ ਭਾਰ ਢੋਂਦਾ ਹੈ (ਸੰ. ਸ.; ਟਕਸਾਲ)।੧੦੮। ਭੈਰਉ ਭੂਤ ਸੀਤਲਾ ਧਾਵੈ। ਖਰ ਬਾਹਨੁ ਉਹੁ ਛਾਰੁ ਉਡਾਵੈ।(੮੭੪)

ਪਦਾਰਥ = ਅਹੋਈ–(ਸੀਤਲਾ ਦੇਵੀ ਦਾ ਪੂਜਨ ਤੇ) ਵਰਤ ਜੋ ਕੱਤਕ ਵਦੀ ਅੱਠ ਨੂੰ ਰਖਿਆ ਜਾਂਦਾ ਹੈ; ਜੋ ਹੋਈ ਨਹੀ; ਕਲਪਤ। ਨਾਰਿ–ਇਸਤ੍ਰੀ। ਗਦਹੀ–ਗਧੀ। ਅਉਤਰੈ–ਜਨਮਦੀ ਹੈ। ਭਾਰੁ–ਵਜਨ। ਸਹੈ–ਸਹਾਰਦੀ (ਚੁੱਕਦੀ; ਢੋਂਦੀ) ਹੈ। ਮਨ ਚਾਰਿ–ਚਾਰ ਮਣ।੧੦੮।

ਕਬੀਰ ਚਤੁਰਾਈ ਅਤਿ ਘਨੀ, ਹਰਿ ਜਪਿ ਹਿਰਦੈ ਮਾਹਿ ॥ ਸੂਰੀ ਊਪਰਿ ਖੇਲਨਾ, ਗਿਰੈ ਤ ਠਾਹਰ ਨਾਹਿ ॥੧੦੯॥ ਹੇ ਕਬੀਰ! (ਦੁਨੀਆਂ ਵਿਚ ਚਤਰਾਈਆਂ ਤਾਂ ਬਹੁਤ ਹਨ, ਪਰ) ਸਭ ਤੋਂ ਵੱਡੀ ਚਤਰਾਈ ਇਹ ਹੈ ਕਿ ਹਿਰਦੇ ਵਿਚ ਹਰੀ ਦਾ ਨਾਮ ਜਪ। ਭਾਵ ਮਨੁੱਖ ਚਤਰਾਈਆਂ ਤਾਂ ਬਹੁਤ ਕਰਦਾ ਹੈ, ਚਤਰਾਈਆਂ ਛਡ ਕੇ ਹਿਰਦੇ ਵਿਚ ਵਾਹਿਗੁਰੂ ਦਾ ਸਿਮਰਨ ਕਰਨਾ ਚਾਹੀਦਾ ਹੈ। (ਹਰੀ ਨੂੰ ਸਿਮਰਨਾ ਅਜੇਹਾ ਹੈ, ਜਿਵੇਂ) ਸੂਲੀ ਉਪਰ ਖੇਡਣਾ ਕਠਨ ਹੁੰਦਾ ਹੈ, ਜੋ ਮਨੁੱਖ ਸਿਮਰਨ ਦੀ ਟੀਸੀ ਤੋਂ ਡਿਗ ਪਵੇ (ਪਤਿਤ ਹੋ ਜਾਵੇ) ਤਾਂ ਜਿਉਂਦਾ ਠਹਿਰ ਨਹੀ ਸਕਦਾ, ਮਰ ਜਾਏਗਾ।੧੦੯।

ਪਦਾਰਥ = ਚਤੁਰਾਈ–ਸਿਆਣਪਾਂ। ਅਤਿ ਘਨੀ–ਬਹੁਤ ਜਿਆਦਾ। ਹਿਰਦੈ ਮਾਹਿ–ਹਿਰਦੇ ਵਿਚ। ਸੂਰੀ–ਸੂਲੀ। ਗਿਰੈ–ਗਿਰ ਜਾਂਦਾ ਹੈ। ਤ–ਤਾਂ। ਠਾਹਰ ਨਾਹਿ–ਠਹਿਰ ਨਹੀਂ ਸਕਦਾ; ਆਸਰਾ ਨਹੀਂ ਮਿਲਦਾ।੧੦੯।

ਵਿਆਖਿਆ = ਜੋ ਚਤਰਾਈਆਂ ਧਨ ਕਮਾਉਣ, ਲੇਖਾ ਜੋਖਾ ਕਰਨ ਜਾਂ ਦੁਨੀਆਂ ਦੇ ਹੋਰ ਵਿਹਾਰਾਂ ਕਰਮ ਕਾਂਡ, ਵਰਤ ਮੰਤ੍ਰਾਂ ਜੰਤ੍ਰਾ ਵਾਸਤੇ ਕਰਦਾ ਹੈ, ਇਨ੍ਹਾਂ ਨਾਲੋਂ ਵੀ ਕਈ ਗੁਣਾਂ ਵੱਧ ਚਤਰਾਈ ਹਰੀ ਸਿਮਰਨ ਲਈ ਹੋਣੀ ਚਾਹੀਦੀ ਹੈ। ਕਿਉਂਕਿ ਵਾਸ਼ਨਾਵਾਂ, ਕਾਮਾਦਿਕਾਂ, ਬੁਰੇ ਫੁਰਨਿਆਂ, ਆਲਸ ਆਦਿ ਤੋਂ ਬਚਣਾ ਹੁੰਦਾ ਹੈ। ਇਹ ਕੰਮ ਸੌਖਾ ਨਹੀ, ਸੂਲੀ ਤੇ ਖੇਡਣ ਵਾਂਗ ਹੈ। ਨਾਮ ਸਿਮਰਦਾ ਮਨੁੱਖ ਆਚਰਣ ਤੋਂ ਗਿਰ ਜਾਵੇ ਤਾਂ ਬਚ ਨਹੀ ਸਕਦਾ, ਆਤਮਕ ਮੌਤੇ ਮਰ ਜਾਂਦਾ ਹੈ। ਨਿੰਦਾ ਹੁੰਦੀ ਹੈ, ਕੋਈ ਆਸਰਾ ਨਹੀ ਮਿਲਦਾ।

ਕਬੀਰ ਸੁੋਈ ਮੁਖੁ ਧੰਨਿ ਹੈ, ਜਾ ਮੁਖਿ ਕਹੀਐ ਰਾਮੁ ॥ ਦੇਹੀ ਕਿਸ ਕੀ ਬਾਪੁਰੀ, ਪਵਿਤ੍ਰ ਹੋਇਗੋ ਗ੍ਰਾਮੁ ॥੧੧੦॥ ਹੇ ਕਬੀਰ! ਓਹੀ ਮੂੰਹ ਧੰਨਤਾ ਯੋਗ ਹੈ, ਜਿਸ ਮੂੰਹ ਨਾਲ ਹਰੀ ਦਾ ਨਾਮ ਕਹੀਦਾ (ਜਪੀਦਾ) ਹੈ। ਇਹ ਦੇਹ ਤਾਂ ਬਿਚਾਰੀ ਕੀ ਹੈ? (ਜੋ ਪਵਿਤ੍ਰ ਨਾ ਹੋਵੇ) ਉਹ ਸਾਰਾ ਪਿੰਡ ਹੀ ਪਵਿਤ੍ਰ ਹੋ ਜਾਂਦਾ ਹੈ (ਜਿਥੇ ਰਹਿ ਕੇ ਭਗਤ ਸਿਮਰਨ ਕਰਦਾ ਹੈ)।੧੧੦।

ਪਦਾਰਥ = ਸੁੋਈ–ਉਹ ਹੀ। ਧੰਨਿ–ਧੰਨਤਾ ਯੋਗ; ਭਾਗਾਂ ਵਾਲਾ। ਜਾ ਮੁਖਿ–ਜਿਸ ਮੂੰਹ ਨਾਲ। ਬਾਪੁਰੀ–ਵਿਚਾਰੀ। ਗ੍ਰਾਮੁ–ਪਿੰਡ।੧੧੦।

ਕਬੀਰ ਸੋਈ ਕੁਲ ਭਲੀ, ਜਾ ਕੁਲ ਹਰਿ ਕੋ ਦਾਸੁ ॥ ਜਿਹ ਕੁਲ ਦਾਸੁ ਨ ਊਪਜੈ, ਸੋ ਕੁਲ ਢਾਕੁ ਪਲਾਸੁ ॥੧੧੧। ਹੇ ਕਬੀਰ! ਉਹ ਹੀ ਖਾਨਦਾਨ ਹੀ ਚੰਗਾ ਹੈ, ਜਿਸ ਖਾਨਦਾਨ ਵਿਚ ਹਰੀ ਦਾ ਸੇਵਕ ਪੈਦਾ ਹੁੰਦਾ ਹੈ। ਜਿਸ ਕੁਲ ਵਿਚ ਕੋਈ ਹਰੀ ਸੇਵਕ ਪੈਦਾ ਨਹੀ ਹੁੰਦਾ ,ਉਹ ਕੁਲ ਢੱਕ ਪਲਾਸ ਦੇ ਦਰੱਖਤਾਂ ਵਾਂਗ ਫਲ ਹੀਣ ਹੋਣ ਕਰਕੇ ਵਿਅਰਥ ਹੈ।੧੧੧। ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ। ਬਿਧਵਾ ਕਸ ਨ ਭਈ ਮਹਤਾਰੀ। ਜਿਹ ਨਰ ਰਾਮ ਭਗਤਿ ਨਹਿ ਸਾਧੀ। ਜਨਮਤ ਕਸ ਨ ਮੁਓ ਅਪਰਾਧੀ। (੩੨੮)

ਪਦਾਰਥ = ਸੋਈ–ਉਹ ਹੀ। ਕੁਲ–ਖਾਨਦਾਨ। ਭਲੀ–ਚੰਗੀ। ਜਾ–ਜਿਸ। ਨ ਊਪਜੈ–ਪੈਦਾ ਨਹੀਂ ਹੁੰਦਾ। ਸੋ–ਉਹ। ਢਾਕੁ ਪਲਾਸੁ–ਛਿਛਰੇ ਦਾ ਬ੍ਰਿਛ (ਢਾਕ ਤੇ ਪਲਾਸ ਦਾ ਇਕੋ ਹੀ ਅਰਥ ਹੈ, ਢਕ ਦਾ ਪੱਤਾ ਜਾਂ ਨਰ ਮਦੀਨ ਢਕ)।੧੧੧।

ਕਬੀਰ ਹੈ ਗਇ ਬਾਹਨ ਸਘਨ ਘਨ, ਲਾਖ ਧਜਾ ਫਹਰਾਹਿ ॥ ਇਆ ਸੁਖ ਤੇ ਭਿਖ੍ਯਾ ਭਲੀ, ਜਉ ਹਰਿ ਸਿਮਰਤ ਦਿਨ ਜਾਹਿ ॥੧੧੨॥ ਕਬੀਰ ਜੀ ਕਹਿੰਦੇ ਹਨ ਕਿ ਘੋੜੇ ਹਾਥੀ ਅਤੇ ਸਵਾਰੀ ਕਰਨ ਲਈ ਬਹੁਤ ਜਿਆਦਾ ਵਾਹਨ ਹੋਣ, (ਇਤਨਾ ਵੱਡਾ ਰਾਜ ਹੋਵੇ ਕਿ) ਲੱਖਾਂ ਹੀ ਝੰਡੇ ਝੂਲਦੇ ਹੋਣ (ਅਜੇਹੇ ਸੁੱਖ ਵਿਚ ਜੇ ਨਾਮ ਹੀਣ ਹੈ)। ਉਸ (ਪਾਤਸ਼ਾਹੀ) ਸੁਖ ਨਾਲੋਂ ਭੀਖ ਮੰਗ ਕੇ ਖਾਣੀ ਚੰਗੀ ਹੈ, ਜੇ ਹਰੀ ਦਾ ਨਾਮ ਜਪਦਿਆਂ ਦਿਨ ਬਤੀਤ ਹੋਣ।੧੧੨॥

ਪਦਾਰਥ = ਹੈ–ਘੋੜੇ। ਗਇ–ਹਾਥੀ। ਬਾਹਨ–ਸਵਾਰੀ ਕਰਨ ਲਈ। ਸਘਨ ਘਨ–ਅਣ ਗਿਣਤ (ਸਘਨ–ਬਹੁਤ ਫੌਜਾਂ = ਸੰ. ਸ.)। ਲਾਖ ਧਜਾ–ਲੱਖਾਂ ਝੰਡੇ। ਫਹਰਾਹਿ–ਝੂਲਦੇ ਹੋਣ। ਭਿਖ੍ਯਾ–(ਭਿਖਿਆ ਬੋਲੋ) ਭੀਖ। ਜਉ–ਜੇ। ਦਿਨ ਜਾਹਿ–ਦਿਨ ਬਤੀਤ ਹੋਵੇ।੧੧੨।

ਵਿਆਖਿਆ = ਨਾਮ ਹੀਣ ਬਾਦਸ਼ਾਹ ਨਾਲੋਂ ਨਾਮ ਜਪਣ ਵਾਲਾ ਭਗਤ ਉਤਮ ਹੈ, ਚਾਹੇ ਉਸਦੇ ਕੋਲ ਭਿਖਿਆ ਦੇ ਟੁੱਕਰ ਤੋਂ ਵੱਧ ਹੋਰ ਕੁੱਛ ਨਹੀਂ।੧੧੨। ਪੰਡਿਤ ਸੂਰ ਛਤ੍ਰਪਤਿ ਰਾਜਾ, ਭਗਤ ਬਰਾਬਰਿ ਅਉਰੁ ਨ ਕੋਇ। (੮੫੮)

ਕਬੀਰ ਸਭੁ ਜਗੁ ਹਉ ਫਿਰਿਓ, ਮਾਂਦਲੁ ਕੰਧ ਚਢਾਇ ॥ ਕੋਈ ਕਾਹੂ ਕੋ ਨਹੀ, ਸਭ ਦੇਖੀ ਠੋਕਿ ਬਜਾਇ ॥੧੧੩॥ ਹੇ ਕਬੀਰ! ਮੈ ਢੋਲ ਮੋਢੇ ਤੇ ਚੜ੍ਹਾ ਕੇ (ਵਜਾਉਂਦਿਆਂ) ਸਾਰਾ ਜਹਾਂਨ ਫਿਰਿਆ ਹਾਂ (ਨਿਰਣੈ ਕਰ ਕੇ ਦੇਖ ਲਿਆ ਹੈ)। ਕੋਈ ਕਿਸੇ ਦਾ ਸਹਾਇਕ ਨਹੀਂ ਹੈ, ਸਾਰਾ ਜਗਤ ਠੋਕ ਬਜਾ (ਅਜਮਾਇਸ਼ ਕਰ) ਕੇ ਦੇਖ ਲਿਆ ਹੈ (ਜਿਵੇਂ ਘੜੇ ਨੂੰ ਠੋਲਾ ਮਾਰ ਕੇ ਪਰਖੀਦਾ ਹੈ ਅਤੇ ਢੋਲ ਨੂੰ ਬਜਾ ਕੇ ਦੇਖੀਦਾ ਹੈ ਕਿ ਫਟਿਆ ਤਾਂ ਨਹੀ ਹੋਇਆ, ਤਿਵੇਂ ਸਭ ਜਗ੍ਹਾ ਜਾ ਕੇ ਪਰਖ ਕੇ ਦੇਖਿਆ ਹੈ, ਕੋਈ ਕਿਸੇ ਦਾ ਨਹੀ)।੧੧੩।

ਪਦਾਰਥ = ਜਗੁ–ਜਗਤ। ਹਉ–ਮੈਂ। ਮਾਂਦਲੁ–ਢੋਲ। ਕੰਧ ਚਢਾਇ–ਮੋਢੇ ਤੇ ਚੜ੍ਹਾ (ਰੱਖ) ਕੇ। ਕਾਹੂ ਕੋ ਨਹੀ–ਕੋਈ ਕਿਸੇ ਦਾ (ਸਹਾਇਕ) ਨਹੀਂ। ਠੋਕਿ ਬਜਾਇ–ਪਰਖ ਕੇ।੧੧੩। ਸਾਰ = ਹਰੀ ਤੋਂ ਬਿਨਾ ਕੋਈ ਵੀ ਸਹਾਇਤਾ ਕਰਨ ਵਾਲਾ ਨਹੀ।੧੧੩।

ਮਾਰਗਿ ਮੋਤੀ ਬੀਥਰੇ, ਅੰਧਾ ਨਿਕਸਿਓ ਆਇ ॥ ਜੋਤਿ ਬਿਨਾ ਜਗਦੀਸ ਕੀ, ਜਗਤੁ ਉਲੰਘੇ ਜਾਇ ॥੧੧੪॥ ਸੰਸਾਰ ਮਾਰਗ ਵਿਚ ਸ਼ੁੱਭ ਗੁਣਾਂ ਰੂਪ ਮੋਤੀ ਖਿਲਰੇ ਹੋਏ ਹਨ, ਗਿਆਨ ਹੀਣ ਅੰਨ੍ਹਾ ਮਨੁੱਖ (ਸੰਸਾਰ ਰਸਤੇ ਤੇ) ਆ ਨਿਕਲਿਆ ਹੈ (ਗੁਣ ਰੂਪ ਮੋਤੀ ਚੁਗਣ ਤੋਂ ਬਿਨਾ ਹੀ ਅੱਖਾਂ ਮੀਟ ਕੇ ਲੰਘਦਾ ਜਾ ਰਿਹਾ ਹੈ। ਗੁਣ ਹਾਸਲ ਕਰਨ ਵੱਲ ਧਿਆਨ ਨਹੀਂ ਦੇ ਰਿਹਾ)। ਜਗਤ ਦੇ ਮਾਲਕ ਹਰੀ ਦੀ ਬਖਸ਼ੀ ਗਿਆਨ ਰੂਪ ਜੋਤ ਤੋਂ ਬਿਨਾ ਜਗਤ (ਮੋਤੀਆਂ ਉਤੋਂ) ਲੰਘ ਕੇ ਚਲਾ ਜਾ ਰਿਹਾ ਹੈ (ਸ਼ੁੱਭ ਗੁਣਾਂ ਨੂੰ ਧਾਰਨ ਕੀਤੇ ਬਗੈਰ ਜਗਤ ਵਿਚ ਜੀਵਨ ਗੁਜਾਰਦਾ ਹੈ)।੧੧੪।

ਪਦਾਰਥ = ਮਾਰਗਿ–ਰਸਤੇ ਵਿਚ। ਬੀਥਰੇ–ਖਿੰਡੇ ਹੋਏ। ਅੰਧਾ–ਅੰਨ੍ਹਾਂ (ਗਿਆਨ ਹੀਣ ਮਨੁੱਖ)। ਨਿਕਸਿਓ ਆਇ–ਆ ਨਿਕਲਿਆ ਹੈ। ਜੋਤਿ–ਗਿਆਨ ਦਾ ਪ੍ਰਕਾਸ਼। ਜਗਦੀਸ ਕੀ–ਜਗਤ ਦੇ ਮਾਲਕ ਦੀ। ਉਲੰਘੇ ਜਾਇ–ਲੰਘ ਜਾਂਦਾ ਹੈ।੧੧੪।

ਸਾਖੀ = ਇਕ ਗਰੀਬ ਲੱਕੜ ਹਾਰੇ ਤੇ ਤਰਸ ਕਰਕੇ ਕਿਸੇ ਧਨਾਢ ਨੇ ਲਕੜਹਾਰੇ ਦੇ ਰਸਤੇ ਤੇ ਮੋਤੀ ਖਿੰਡਾ ਦਿਤੇ, ਤਾਂ ਕਿ ਚੁਕ ਕੇ ਅਪਣੀ ਗਰੀਬੀ ਦੂਰ ਕਰ ਲਵੇ। ਪਰ ਬਿਨਾ ਕਰਮਾਂ ਦੇ ਕੋਈ ਚੰਗੀ ਵਸਤੂ ਨਹੀ ਮਿਲਦੀ। ਜਿਥੇ ਮੋਤੀ ਬਿਖਰੇ ਹੋਏ ਸਨ, ਉਥੇ ਆ ਕੇ ਲੱਕੜਹਾਰੇ ਦੇ ਮਨ ਵਿਚ ਖਿਆਲ ਆਇਆ ਕਿ ਦੇਖੀਏ, ਅੰਨ੍ਹੇ ਕਿਵੇਂ ਤੁਰਦੇ ਹਨ। ਜਦ ਮੋਤੀਆਂ ਉਪਰੋਂ ਤੁਰਦਾ ਹੈ ਤਾਂ ਕਹਿੰਦਾ ਹੈ, ਰਸਤੇ ਵਿਚ ਰੋੜ ਹੋਣ ਕਰਕੇ ਅੰਨ੍ਹੇ ਬੜੇ ਦੁਖੀ ਹੁੰਦੇ ਹੋਣਗੇ। ਇਹ ਲੱਕੜਹਾਰਾ ਅੱਖਾਂ ਮੀਟ ਕੇ ਅੰਨ੍ਹਾ ਬਣ ਕੇ ਮੋਤੀਆਂ ਨੂੰ ਲੰਘ ਗਿਆ। ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ। (ਅੰਗ ੨)

ਉਥਾਨਕਾ = ਇਕ ਵਾਰ ਕਬੀਰ ਜੀ ਦੇ ਪੁਤ੍ਰ ਕਮਾਲ ਨੇ ਬਾਹਰ ਜਾ ਕੇ ਕਥਾ ਕਰ ਕੇ ਬਹੁਤ ਸਾਰਾ ਧਨ ਲੈ ਆਂਦਾ। ਧਨ ਦੇਖ ਕੇ ਕਬੀਰ ਜੀ ਇਹ ਸਲੋਕ ਉਚਾਰਦੇ ਹਨ। ਬੂਡਾ ਬੰਸੁ ਕਬੀਰ ਕਾ, ਉਪਜਿਓ ਪੂਤ ਕਮਾਲੁ ॥ ਹਰਿ ਕਾ ਸਿਮਰਨੁ ਛਾਡਿ ਕੈ, ਘਰਿ ਲੇ ਆਯਾ ਮਾਲੁ ॥੧੧੫॥ (ਮੇਰੇ ਘਰ) ਕਮਾਲ ਪੁਤ੍ਰ ਪੈਦਾ ਹੋਯਾ ਹੈ, ਸਮਝੋ ਮੇਰਾ ਤਾਂ ਖਾਨਦਾਨ ਹੀ ਡੁਬ ਗਿਆ ਹੈ। (ਕਿਉਂਕਿ) ਹਰੀ ਦਾ ਸਿਮਰਨ ਛਡ ਕੇ ਅਪਣੇ ਘਰ ਵਿਚ ਮਾਲ ਧਨ ਲੈ ਆਇਆ ਹੈਂ (ਪੁਤ੍ਰ ਲੋਭੀ ਹੈ)। ਦੂਜਾ ਅਰਥ ਃ– ਕਬੀਰ (ਮਨੁੱਖ) ਦਾ ਸ਼ੁੱਭ ਗੁਣਾਂ ਰੂਪ ਬੰਸ ਡੁਬ ਗਿਆ ਹੈ, ਜੋ ਕਮਾਲ (ਮਨ) ਪੁਤ੍ਰ ਪੈਦਾ ਹੋਇਆ ਹੈ। ਇਹ ਮਨ ਰੂਪ ਪੁਤ੍ਰ ਹਰੀ ਸਿਮਰਨ ਛੱਡ ਕੇ ਰਿਦੇ ਵਿਚ ਮਾਲ ਧਨ ਲੈ ਆਇਆ ਹੈ (ਸੰਸਾਰ ਦੇ ਪਦਾਰਥਾਂ ਦੀ ਇੱਛਾ ਦਿਲ ਵਿਚ ਰੱਖ ਰਿਹਾ ਹੈ) ਫ. ਸ.। ਤੀਜਾ ਅਰਥ ਃ– ਕਬੀਰ ਜੀ ਆਖਦੇ ਹਨ, ਜਦ ਮੇਰੇ ਹਿਰਦੇ ਵਿਚ ਗਿਆਨ ਰੂਪ ਪੁਤ੍ਰ ਪੈਦਾ ਹੋਇਆ ਤਾਂ ਮੇਰਾ (ਆਸੁਰੀ ਸੰਪਦਾ) ਕੁਕਰਮਾਂ ਦਾ ਬੰਸ ਡੁਬ ਗਿਆ। ਮਾਲ ਧਨ ਛਡ ਕੇ ਹਰੀ ਦਾ

ਸਿਮਰਨ ਹਿਰਦੇ ਘਰ ਵਿਚ ਲੈ ਆਇਆ ਹੈ (ਸੰ. ਸ.)।੧੧੫।

ਪਦਾਰਥ = ਬੂਡਾ–ਡੁਬ ਗਿਆ।ਬੰਸ–ਖਾਨਦਾਨ।ਉਪਜਿਓ–ਪੈਦਾ ਹੋਇਆ ਹੈ।ਪੂਤ–ਪੁਤ੍ਰ।ਘਰਿ–ਘਰ ਵਿਚ।ਮਾਲੁ–ਧਨ ਪਦਾਰਥ।ਕਮਾਲੁ–ਕਬੀਰ ਜੀ ਦਾ ਪੁਤ੍ਰ (ਕਬੀਰ ਜੀ ਚਾਹੁੰਦੇ ਸਨ ਕਮਾਲ ਭਗਤੀ ਕਰੇ, ਇਕ ਸ਼ਾਹੂਕਾਰ ਦੇ ਬਿਮਾਰ ਪੁਤ੍ਰ ਨੂੰ ਰਾਮ ਰਾਮ ਕਹਿ ਕੇ ਰਾਜੀ ਕਰ ਦਿਤਾ।ਜਿਸ ਤੇ ਸੇਠ ਨੇ ਨਵੇਂ ਬਸਤ੍ਰ ਅਤੇ ਬਹੁਤ ਮਾਯਾ ਭੇਟ ਕੀਤੀ।ਦੇਖ ਕੇ ਕਬੀਰ ਜੀ ਕਹਿੰਦੇ ਹਨ ਕਿ ਮੇਰੇ ਘਰ ਲੋਭੀ ਪੁਤ੍ਰ ਜੰਮਣ ਕਰਕੇ ਬੰਸ ਡੁਬ ਗਿਆ।ਕਬੀਰ ਸਾਹਿਬ ਅਪਣੀ ਬਾਣੀ ਵਿਚ ਅਪਣੇ ਪ੍ਰਵਾਰ ਦਾ ਕਈ ਜਗ੍ਹਾ ਜਿਕਰ ਕਰਦੇ ਹਨ, ਜਿਵੇਂ = ਮੁਸਿ ਮੁਸਿ ਰੋਵੈ ਕਬੀਰ ਕੀ ਮਾਈ।(੫੨੪)।ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ।(੮੫੬)।ਇਸੇ ਤਰ੍ਹਾਂ ਇਸ ਸਲੋਕ ਵਿਚ ਵੀ ਕਬੀਰ ਜੀ ਅਪਣੇ ਪੁਤ੍ਰ ਦੇ ਲੋਭੀ ਹੋਣ ਦਾ ਜਿਕਰ ਕਰਦੇ ਹਨ)।੧੧੫।

ਕਬੀਰ ਸਾਧੂ ਕਉ ਮਿਲਨੇ ਜਾਈਐ, ਸਾਥਿ ਨ ਲੀਜੈ ਕੋਇ ॥ ਪਾਛੈ ਪਾਉ ਨ ਦੀਜੀਐ, ਆਗੈ ਹੋਇ ਸੁ ਹੋਇ ॥੧੧੬॥ ਹੇ ਕਬੀਰ! ਜਦ ਸਾਧੂ (ਗੁਰੂ) ਨੂੰ ਮਿਲਣ (ਦਰਸ਼ਨ ਕਰਨ) ਜਾਈਏ ਤਾਂ ਕਿਸੇ ਮਨਮੁਖ ਪੁਰਖ ਨੂੰ ਅਪਣੇ ਨਾਲ ਨਹੀ ਲੈ ਕੇ ਜਾਣਾ ਚਾਹੀਦਾ (ਕਿਉਂ ਕਿ ਉਹ ਪੁੱਠੇ ਰਸਤੇ ਜਾਣ ਦੀ ਸਲਾਹ ਦੇਵੇਗਾ) {ਜਿਨ ਕੇ ਚਿਤ ਕਠੋਰ ਹਹਿ, ਸੇ ਬਹਹਿ ਨ ਸਤਿਗੁਰ ਪਾਸਿ ੩੧੪}।(ਗੁਰੂ ਦੇ ਦਰਸ਼ਨ ਕਰਨ ਜਾਣ ਲੱਗਿਆਂ) ਪੈਰ ਪਿੱਛੇ ਨਹੀਂ ਦੇਣਾ (ਰੱਖਣਾ) ਚਾਹੀਦਾ, ਅੱਗੇ ਜੋ ਹੁੰਦਾ ਹੈ, ਹੋਈ ਜਾਵੇ (ਗੁਰੂ ਦੀ ਸੇਵਾ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ, ਚਾਹੇ ਘਰ ਦੇ ਨਰਾਜ ਹੋਣ, ਜਾਂ ਘਰ ਦੀ ਕੋਈ ਔਕੜ ਆਵੇ, ਜੋ ਹੁੰਦਾ ਹੈ, ਉਹ ਹੋਈ ਜਾਵੇ, ਉਸ ਦੇ ਭਾਣੇ ਵਿਚ ਹੀ ਹੁੰਦਾ ਹੈ, ਇਨ੍ਹਾਂ ਔਕੜਾਂ ਕਰਕੇ ਸਾਧ ਸੰਗ ਨਹੀ ਛਡਣਾ ਚਾਹੀਦਾ)।੧੧੬।

ਪਦਾਰਥ = ਸਾਧੂ ਕਉ–ਸਾਧੂ ਨੂੰ।ਸਾਥਿ–ਅਪਣੇ ਨਾਲ।ਪਾਛੈ–ਪਿੱਛੇ।ਪਾਉ–ਪੈਰ।ਹੋਇ ਸੁ ਹੋਇ–ਜੋ ਹੁੰਦਾ ਹੈ, ਉਹ ਹੋਈ ਜਾਵੇ।੧੧੬।

ਵਿਆਖਿਆ = ਕੋਈ ਅਸ਼ਰਧਕ ਬੰਦਾ ਹੋਵੇ ਜੋ ਸਾਧ ਸੰਗ ਤੋਂ ਰੋਕੇ, ਉਸਨੂੰ ਨਾਲ ਨਹੀ ਲਿਜਾਣਾ ਚਾਹੀਦਾ।ਘਰੇਲੂ ਕੰਮ ਜਾਂ ਘਰ ਦੀਆਂ ਔਕੜਾਂ ਜੋ ਸਾਧ ਸੰਗ ਦੇ ਰਾਹ ਵਿਚ ਰੁਕਾਵਟਾਂ ਨਾ ਬਣਨ, ਜੋ ਹੋਣਾ ਹੈ ਹੋਈ ਜਾਵੇ, ਪਿਛੇ ਪੈਰ ਨਹੀ ਰਖਣਾ ਚਾਹੀਦਾ।੧੧੬।

ਕਬੀਰ ਜਗੁ ਬਾਧਿਓ ਜਿਹ ਜੇਵਰੀ, ਤਿਹ ਮਤ ਬੰਧਹੁ ਕਬੀਰ ॥ ਜੈਹਹਿ ਆਟਾਲੋਨ ਜਿਉ, ਸੋਨ ਸਮਾਨਿ ਸਰੀਰੁ ॥੧੧੭॥ ਜਿਸ ਮੋਹ ਰੂਪ ਰੱਸੀ ਨਾਲ ਸਾਰਾ ਜਗਤ ਬੱਧਾ ਹੋਇਆ ਹੈ, ਹੇ ਕਬੀਰ! ਉਸ ਰੱਸੀ ਨਾਲ ਤੂੰ ਨਾ ਅਪਣੇ ਆਪ ਨੂੰ ਬੰਨ੍ਹ।ਜਿਵੇਂ ਆਟੇ ਵਿਚ ਲੂਣ ਮਿਲ ਜਾਂਦਾ ਹੈ, ਤਿਵੇਂ ਇਹ ਸੋਨੇ ਵਰਗਾ (ਅਮੋਲਕ) ਸਰੀਰ ਮਿੱਟੀ ਵਿਚ ਮਿਲ ਜਾਵੇਗਾ (ਵੱਖਰਾ ਮਾਲੂਮ ਨਹੀਂ ਦੇਵੇਗਾ); ਜਿਵੇਂ ਲੂਣ ਦਾ ਡਲਾ ਪਾਣੀ ਵਿਚ ਗਲ ਜਾਂਦਾ ਹੈ, ਤਿਵੇਂ ਦੇਹ ਜਾਣੋ; ਪੰਜਾਬੀ ਵਿਚ ਅਖਾਣ ਹੈ, ਆਟੇ ਲੂਣ ਦੇ ਭਾਅ ਸੋਨਾ ਵਿਕ ਰਿਹਾ ਹੈ ਭਾਵ ਸੋਨੇ ਦੇ ਸਮਾਨ ਜੋ ਅਮੋਲਕ ਸਰੀਰ ਹੈ, ਆਟੇ ਲੂਣ ਦੇ ਭਾਅ (ਬਹੁਤ ਸਸਤਾ) ਵਿਸ਼ਿਆਂ ਵਿਚ ਵਿਕ ਰਿਹਾ ਹੈ (ਇਹ ਤਿੰਨੇ ਅਰਥ ਸ੍ਰੀ ਗੁਰੂ ਗ੍ਰੰਥ ਕੋਸ਼ ਭਾ: ਵੀਰ ਸਿੰਘ ਵਿਚੋਂ ਹਨ) ਭਾਵ ਸਰੀਰ ਸੋਨੇ ਵਾਂਗ ਕੀਮਤੀ ਤੇ ਸੁੰਦਰ ਹੈ, ਇਸ ਦੇ ਨਸ਼ਟ ਹੁੰਦਿਆਂ ਦੇਰ ਨਹੀ ਲਗਦੀ ,ਜਿਵੇਂ ਲੂਣ ਦਾ ਡਲਾ ਪਾਣੀ ਵਿਚ ਗਲ ਜਾਂਦਾ ਹੈ (ਕਾਲ ਰੂਪ ਪਾਣੀ ਪੈਣ ਤੇ ਲੂਣ ਦੇ ਡਲੇ ਵਾਂਗ ਸਰੀਰ ਨਾਸ਼ ਹੋ ਜਾਂਦਾ ਹੈ)।੧੧੭।

ਪਦਾਰਥ = ਜਗੁ–ਜਗਤ।ਜਿਹ ਜੇਵਰੀ–ਜਿਸ (ਮਮਤਾ; ਹੰਗਤਾ; ਵਾਸ਼ਨਾ ਰੂਪ) ਰੱਸੀ ਨਾਲ।ਤਿਹ–ਉਸ (ਮੋਹ ਰੂਪ ਰੱਸੀ) ਨਾਲ। ਮਤ ਬੰਧਹੁ–ਨਾ ਬੰਨ੍ਹ।ਜੈ ਹਹਿ–ਚਲਾ (ਗਲ ਜਾਂ ਨਾਸ਼ ਹੋ) ਜਾਂਦਾ ਹੈ।ਆਟਾਲੋਨ–ਆਟੇ ਵਿਚ ਲੂਣ; ਲੂਣ ਦਾ ਡਲ੍ਹਾ; ਲੂਣ ਪੀਸਿਆ ਹੋਇਆ (ਸ਼ਬਦਾਰਥ)।ਸੋਨ–ਸੋਨਾ।ਸਮਾਨਿ–ਵਰਗਾ।੧੧੭।

ਕਬੀਰ ਹੰਸੁ ਉਡਿਓ ਤਨੁ ਗਾਡਿਓ, ਸੋਝਾਈ ਸੈਨਾਹ ॥ ਅਜਹੂ ਜੀਉ ਨ ਛੋਡਈ, ਰੰਕਾਈ ਨੈਨਾਹ ॥੧੧੮॥ ਹੇ ਕਬੀਰ! ਜੀਵਾਤਮਾ ਉਡਣ ਨੂੰ ਤਿਆਰ ਹੈ, ਤੇ ਸਰੀਰ ਨੂੰ ਗੱਡਣ ਦੀ ਤਿਆਰੀ ਹੋ ਰਹੀ ਹੈ (ਮੌਤ ਆਉਣ ਵਾਲੀ ਹੈ, ਐਸੀ ਹਾਲਤ ਵਿਚ ਵੀ ਸੰਭਾਲ ਕੇ ਰੱਖਿਆ ਹੋਇਆ ਧਨ ਮਨੁੱਖ ਅਪਣੇ ਪ੍ਰਵਾਰ ਨੂੰ) ਸੈਨਤਾਂ (ਇਸ਼ਾਰਿਆਂ) ਨਾਲ ਸਮਝਾਉਂਦਾ ਹੈ।ਭਾਵ ਇੰਦ੍ਰੇ ਕੰਮ ਨਹੀ ਕਰਦੇ, ਮੌਤ ਨੇੜੇ ਹੈ, ਧੀਆਂ ਪੁੱਤਾਂ ਨੂੰ ਸੈਨਤਾਂ ਨਾਲ ਧਨ ਦਾਨ ਕਰਨ ਨੂੰ ਕਹਿੰਦਾ ਹੈ (ਪਰ ਔਲਾਦ ਵੀ ਲਾਲਚ ਕਰਕੇ ਅਣਗੌਲਿਆ ਕਰਦੀ ਹੈ), ਐਸਾ ਮੋਹ ਦਾ ਜੰਜਾਲ ਪਿਆ ਹੈ।ਇਹ ਜੀਵ (ਮਨੁੱਖ) ਅਜੇ ਵੀ ਅੱਖਾਂ ਦਾ ਕੰਗਾਲ ਪੁਣਾ ਨਹੀ ਛਡਦਾ (ਮਰਨ ਸਮੇਂ ਵੀ ਧਨ ਤੇ ਪ੍ਰਵਾਰ ਨੂੰ ਦੇਖ ਦੇਖ ਰੋਂਦਾ ਹੈ)।੧੧੮।

ਪਦਾਰਥ = ਹੰਸ–ਜੀਵਾਤਮਾ।ਉਡਿਓ–ਉਡ ਜਾਣ ਵਾਲਾ ਹੈ।ਗਾਡਿਓ–(ਕਬਰ ਵਿਚ) ਦੱਬਣ ਨੂੰ ਤਿਆਰ।ਸੋਝਾਈ–ਸੂਝ; ਸਮਝਾਉਂਦਾ ਹੈ।ਸੈਨਾਹ–ਸੈਨਤਾਂ ਨਾਲ।ਅਜਹੂ–ਅਜੇ ਵੀ।ਜੀਉ–ਜੀਵ (ਮਨੁੱਖ)।ਰੰਕਾਈ–ਨੀਚਤਾ; ਕੰਗਾਲਤਾ।ਨੈਨਾਹ–ਅੱਖਾਂ ਦੀ।੧੧੮।

ਸਾਖੀ = ਇਕ ਬੰਦਾ ਮਰਨ ਵੇਲੇ ਅਪਣੇ ਪ੍ਰਵਾਰ ਨੂੰ ਸੈਨਤਾਂ ਨਾਲ ਕੰਧਾਂ ਵਿਚ ਰਖਿਆ ਧਨ ਦਸਦਾ ਹੈ, ਕਿਉਂਕਿ ਅਵਾਜ ਬੰਦ ਹੋ ਗਈ।ਗਵਾਂਢੀ ਪੁਛਦੇ ਹਨ ਕਿ ਇਹ ਕੀ ਦਸਦਾ ਹੈ? ਤਾਂ ਪ੍ਰਵਾਰ ਜਵਾਬ ਦੇਂਦਾ ਹੈ ਕਿ ਸਾਡਾ ਬਾਪੂ ਕਹਿੰਦਾ ਹੈ ਕਿ ਮੈਂ ਧਨ ਤਾਂ ਬਹੁਤ ਕਮਾਇਆ ਪਰ ਇਨ੍ਹਾਂ ਕੰਧਾਂ ਤੇ ਲਾ ਦਿਤਾ।ਫਿਰ ਉਹ ਕਚੀਚੀਆਂ ਵੱਟਦਾ ਹੈ ਕਿ ਮੇਰੀ ਗਲ ਸਮਝਦੇ ਕਿਉਂ ਨਹੀ? ਗਵਾਂਢੀ ਪੁੱਛਦੇ ਹੁਣ ਕੀ ਕਹਿੰਦਾ ਹੈ, ਤਾਂ ਪ੍ਰਵਾਰ ਕਹਿੰਦਾ ਹੁਣ ਪਛਤਾਉਂਦਾ ਹੈ ਕਿ ਮੈਨੂੰ ਤੁਸੀ ਖਰਚ ਕਰਦੇ ਨੂੰ ਰੋਕਿਆ ਕਿਉਂ ਨਹੀ? ਮੈਂ ਦਾਨ ਕਰ ਦੇਂਦਾ, ਇਤਨੇ ਨੂੰ ਪ੍ਰਾਣ ਨਿਕਲ ਗਏ।ਮਨੁੱਖ ਮਰਨ ਵੇਲੇ ਵੀ ਵਾਹਿਗੁਰੂ ਸਿਮਰਨ ਛਡ ਕੇ ਸੁਰਤੀ ਜੋੜੇ ਹੋਏ ਧਨ ਵਿਚ ਰਖਦਾ ਹੈ।

ਕਬੀਰ ਨੈਨ ਨਿਹਾਰਉ ਤੁਝ ਕਉ, ਸ੍ਰਵਨ ਸੁਨਉ ਤੁਅ ਨਾਉ ॥ ਬੈਨ ਉਚਰਉ ਤੁਅ ਨਾਮ ਜੀ, ਚਰਨ ਕਮਲ ਰਿਦ ਠਾਉ ॥੧੧੯॥
ਕਬੀਰ ਜੀ ਆਖਦੇ ਹਨ, ਹੇ ਵਾਹਿਗੁਰੂ ! (ਮੇਰੇ ਤੇ ਇਹ ਕ੍ਰਿਪਾ ਕਰ) ਮੈਂ ਅੱਖਾਂ ਨਾਲ ਤੈਨੂੰ ਦੇਖਦਾ ਰਹਾਂ, ਕੰਨਾਂ ਨਾਲ ਤੇਰਾ ਨਾਮ ਸੁਣਦਾ ਰਹਾਂ।(ਜੀਭ ਨਾਲ) ਤੇਰਾ ਨਾਮ ਤੇ ਬਾਣੀ ਉਚਾਰਦਾ ਰਹਾਂ (ਜਾਂ ਬਚਨਾਂ ਰਾਹੀਂ ਤੇਰਾ ਨਾਮ ਉਚਾਰਾਂ), ਹਿਰਦੇ ਵਿਚ ਤੇਰੇ ਚਰਨਾਂ ਕਮਲਾਂ ਨੂੰ ਥਾਂ ਦੇਈ ਰੱਖਾਂ; ਚਰਨ ਕਮਲ ਦਿਲ ਵਿਚ ਵਸਾ ਲਵਾਂ।੧੧੯।

ਪਦਾਰਥ = ਨੈਨ–ਅੱਖਾਂ ਨਾਲ।ਨਿਹਾਰਉ–ਮੈਂ ਵੇਖਾਂ।ਤੁਝ ਕਉ–ਤੈਨੂੰ।ਸ੍ਰਵਨ–ਕੰਨਾਂ ਨਾਲ।ਤੁਅ–ਤੇਰਾ।ਸੁਨਉ–ਮੈਂ ਸੁਣਾਂ।ਬੈਨ–ਬਾਣੀ ;ਬਚਨਾਂ ਦੁਆਰਾ।ਉਚਰਉ–ਮੈਂ ਉਚਾਰਾਂ।ਰਿਦ–ਹਿਰਦੇ ਵਿਚ।ਠਾਉ–ਥਾਂ।੧੧੯।

ਕਬੀਰ ਸੁਰਗ ਨਰਕ ਤੇ ਮੈ ਰਹਿਓ, ਸਤਿਗੁਰ ਕੇ ਪਰਸਾਦਿ ॥ ਚਰਨ ਕਮਲ ਕੀ ਮਉਜ ਮਹਿ, ਰਹਉ ਅੰਤਿ ਅਰੁ ਆਦਿ ॥੧੨੦॥
ਕਬੀਰ ਜੀ ਆਖਦੇ ਹਨ, ਹੇ ਭਾਈ! ਸਤਗੁਰੂ ਦੀ ਕ੍ਰਿਪਾ ਨਾਲ ਮੈਂ ਸੁਰਗ ਨਰਕ ਤੋਂ ਰਹਿਤ ਹੋ ਗਿਆ ਹਾਂ (ਸੁਰਗਾਂ ਦੀ ਇਛਾ ਰਖ ਕੇ ਮੈਂ ਕੋਈ ਕਰਮ ਨਹੀ ਕਰਦਾ, ਮੇਰੀ ਬ੍ਰਿਤੀ ਸੁਰਗਾਂ ਤੋਂ ਵੀ ਉਪਰ ਉਠ ਗਈ ਹੈ, ਬੁਰਾ ਕਰਮ ਵੀ ਮੈਂ ਕੋਈ ਨਹੀ ਕੀਤਾ, ਜਿਨ੍ਹਾਂ ਕਰਕੇ ਨਰਕਾਂ ਵਿਚ ਜਾਣਾ ਪਵੇ)।ਸੱਤਗੁਰੂ ਦੇ ਚਰਨਾਂ ਕਮਲਾਂ ਦੇ ਅਨੰਦ ਵਿਚ ਹੀ ਆਦਿ ਤੋਂ ਅੰਤ ਤਕ ਭਾਵ ਸਦਾ ਰਹਿੰਦਾ ਹਾਂ (ਚਰਨਾਂ ਕਮਲਾਂ ਨਾਲ ਪਹਿਲਾਂ ਵੀ ਜੁੜਿਆ ਸੀ, ਤੇ ਅੰਤ ਤਕ ਜੁੜਿਆ ਰਹਾਂਗਾ); ਜਨਮ ਤੋਂ ਮਰਨ ਤਕ ਭਾਵ ਸਦਾ ਰਹਾਂਗਾ।੧੨੦।

ਪਦਾਰਥ = ਤੇ–ਤੋਂ।ਰਹਿਓ–ਰਹਿ ਹੋ ਗਿਆ (ਇੱਛਾ ਨਹੀਂ ਰਹੀ)।ਪਰਸਾਦਿ–ਕਿਰਪਾ ਨਾਲ।ਮਉਜ ਮਹਿ–ਖੁਸ਼ੀ (ਅਨੰਦ) ਵਿਚ। ਰਹਉ–ਰਹਿੰਦਾ ਹਾਂ।ਅੰਤਿ ਅਰੁ ਆਦਿ–ਸ਼ੁਰੂ ਤੋਂ ਅੰਤ ਤਕ (ਸਦਾ)।੧੨੦।

ਵਿਆਖਿਆ = ਲੋਕਾਂ ਦਾ ਯਕੀਨ ਹੈ ਕਿ ਪੁੰਨ ਕਰਮ ਕਰਨ ਨਾਲ ਸੁਰਗ ਅਤੇ ਪਾਪ ਕਰਨ ਨਾਲ ਨਰਕ ਮਿਲਦਾ ਹੈ।ਕਬੀਰ ਜੀ ਪੂਰਣ ਅਵਸਥਾ ਦਾ ਵਰਨਣ ਕਰਦੇ ਹਨ, ਇਹ ਪੂਰਣ ਅਵਸਥਾ ਸੱਤਗੁਰੂ ਦੇ ਚਰਨਾਂ ਨਾਲ ਜੁੜਨ ਤੇ ਮਿਲੀ ਹੈ।ਹੁਣ ਮੈਨੂੰ ਸੁਰਗਾਂ ਦੀ ਇੱਛਾ ਨਹੀ ,ਨਾਹੀ ਨਰਕਾਂ ਵਿਚ ਪੈਣ ਦਾ ਡਰ ਹੈ।੧੨੦।

ਕਬੀਰ ਚਰਨ ਕਮਲ ਕੀ ਮਉਜ ਕੋ, ਕਹਿ ਕੈਸੇ ਉਨਮਾਨ ॥ ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪਰਵਾਨੁ ॥੧੨੧॥ (ਕਿਸੇ ਨੇ ਪੁਛਿਆ ਕਿ ਚਰਨ ਕਮਲ ਕਿਹੋ ਜਿਹੇ ਹਨ, ਤਾਂ) ਕਬੀਰ ਜੀ ਦਸਦੇ ਹਨ, ਹੇ ਭਾਈ! (ਸੱਤਗੁਰੂ ਦੇ) ਚਰਨਾਂ ਕਮਲਾਂ ਦੇ ਅਨੰਦ ਨੂੰ ਕਿਸੇ ਚੀਜ ਦੇ ਬਰਾਬਰ ਅਨੁਮਾਨ (ਅੰਦਾਜਾ) ਲਾ ਕੇ ਕਿਵੇਂ ਕੋਈ ਦਸ ਸਕਦਾ ਹੈ? (ਕਿ ਚਰਨ ਕਮਲ ਫਲਾਣੀ ਚੀਜ ਵਰਗੇ ਹਨ, ਉਸ ਵਰਗਾ ਕੋਈ ਹੈ ਹੀ ਨਹੀ।ਉਨ੍ਹਾਂ ਚਰਨਾਂ ਦੀ) ਸੋਭਾ ਦੇ ਬਰਾਬਰ ਕਹਿਣ ਨੂੰ ਕੋਈ ਦ੍ਰਿਸਟਾਂਤ ਨਹੀ, ਦੇਖਣਾ ਹੀ (ਸਭ ਤੋਂ ਵੱਡਾ) ਪ੍ਰਮਾਣ ਹੈ (ਦੇਖਿਆਂ ਹੀ ਪਤਾ ਲਗਦਾ ਹੈ ਕਿ ਚਰਨ ਕਿਹੋ ਜਿਹੇ ਹਨ) ਦੁਨੀਆਂ ਦੀ ਕਿਸੇ ਚੀਜ ਨਾਲ ਉਪਮਾ ਨਹੀ ਦਿਤੀ ਜਾ ਸਕਦੀ।੧੨੧।

ਪਦਾਰਥ = ਮਉਜ ਕੋ–ਅਨੰਦ ਨੂੰ।ਕਹਿ ਕੈਸੇ–ਕਿਵੇਂ ਦਸੇ।ਉਨਮਾਨ–ਅਨੁਮਾਨ; ਅਤਾ ਪਤਾ।ਕਹਿਬੇ ਕਉ–ਕਹਿਣ ਨੂੰ।ਪਰਵਾਨੁ– ਪ੍ਰਮਾਣ; ਮੰਨਣ ਯੋਗ; ਪ੍ਰਮਾਣ ਦੇ ਕੇ ਸਿਧ ਕਰਨਾ।੧੨੧।

ਕਬੀਰ ਦੇਖਿ ਕੈ ਕਿਹ ਕਹਉ, ਕਹੇ ਨ ਕੋ ਪਤੀਆਇ ॥ ਹਰਿ ਜੈਸਾ ਤੈਸਾ ਉਹੀ, ਰਹਉ ਹਰਖਿ ਗੁਨ ਗਾਇ ॥੧੨੨॥ (ਲੋਕ ਕਹਿੰਦੇ, ਜੀ ਕੁਛ ਤਾਂ ਦਸੋ, ਉਹ ਹਰੀ ਕੈਸਾ ਹੈ) ਕਬੀਰ ਜੀ ਆਖਦੇ ਹਨ, ਹਰੀ ਨੂੰ ਦੇਖ ਕੇ ਮੈਂ ਕਿਸ ਨੂੰ ਕਹਾਂ, ਕਿਉਂਕਿ ਕਹਿਣ ਤੇ ਕੋਈ ਭਰੋਸਾ ਨਹੀਂ ਕਰਦਾ ਭਾਵ ਕਿਸੇ ਨੂੰ ਤਸੱਲੀ ਨਹੀਂ ਹੁੰਦੀ (ਲੋਕ ਆਖਣਗੇ ਕਬੀਰ ਜੀ ਐਵੇਂ ਗੱਪਾਂ ਮਾਰਦੇ ਹਨ)।ਜਿਹੋ ਜਿਹਾ ਹਰੀ ਹੈ, ਉਹ ਜਿਹਾ ਉਹ (ਆਪ) ਹੀ ਹੈ (ਉਸ ਵਰਗਾ ਹੋਰ ਕੋਈ ਨਹੀ) {ਜੈਸਾ ਤੂ ਤੈਸਾ ਤੂਹੀ, ਕਿਆ ਉਪਮਾ ਦੀਜੈ ੮੫੮}, ਇਸ ਕਰਕੇ ਮੈਂ ਤਾਂ ਉਸ ਦੇ ਗੁਣ ਗਾ ਕੇ ਪ੍ਰਸੰਨ ਰਹਿੰਦਾ ਹਾਂ।੧੨੨।

ਪਦਾਰਥ = ਕਿਹ ਕਹਉ–ਕਿਸ ਨੂੰ ਕਹਾਂ?।ਕਹੇ–ਕਹਿਣ ਨਾਲ।ਕੋ–ਕੋਈ; ਕਿਸੇ ਨੂੰ।ਪਤੀਆਇ–ਤਸੱਲੀ; ਭਰੋਸਾ।ਹਰਖਿ–ਪ੍ਰਸੰਨ। ਰਹਉ–ਰਹਿੰਦਾ ਹਾਂ।(ਉਪਰਲੇ ਤਿੰਨਾਂ ਸਲੋਕਾਂ ਵਿਚ ਇਕੋ ਜਿਹਾ ਵਿਸ਼ਾ ਹੈ)।੧੨੨।

ਅੰਗ ੧੩੭੧ = **ਕਬੀਰ ਚੁਗੈ ਚਿਤਾਰੈ ਭੀ ਚੁਗੈ, ਚੁਗਿ ਚੁਗਿ ਚਿਤਾਰੇ ॥ ਜੈਸੇ ਬਚਰਹਿ ਕੂੰਜ ਮਨ, ਮਾਇਆ ਮਮਤਾ ਰੇ ॥੧੨੩॥**
ਕਬੀਰ ਜੀ ਕਹਿੰਦੇ ਹਨ ਕਿ ਕੂੰਜ ਚੋਗਾ ਚੁਗਦੀ ਹੈ, ਨਾਲ ਹੀ ਅਪਣੇ ਬਚਿਆਂ ਨੂੰ ਯਾਦ ਕਰਦੀ ਹੈ, ਫਿਰ ਚੋਗਾ ਚੁਗਦੀ ਹੈ ਅਤੇ ਚੁਗ ਚੁਗ ਕੇ (ਬਾਰ ਬਾਰ) ਅਪਣੇ ਬੱਚਿਆਂ ਨੂੰ ਯਾਦ ਕਰਦੀ ਹੈ।ਜਿਵੇਂ ਕੂੰਜ ਦਾ ਮਨ ਸਦਾ ਬੱਚਿਆਂ ਵਿਚ ਰਹਿੰਦਾ ਹੈ, ਤਿਵੇਂ ਹੇ ਭਾਈ! ਮਨੁੱਖ ਦਾ ਮਨ ਮਾਇਆ ਦੀ ਮਮਤਾ ਵਿਚ ਫਸਿਆ ਹੋਇਆ ਹੈ।੧੨੩।

ਪਦਾਰਥ = ਚੁਗੈ–ਚੁਗਦੀ ਹੈ।ਚਿਤਾਰੈ–ਯਾਦ ਕਰਦੀ ਹੈ (ਬੱਚਿਆਂ ਨੂੰ)।ਭੀ–ਫਿਰ; ਮੁੜ।ਚੁਗਿ ਚੁਗਿ–(ਚੋਗਾ) ਚੁਗ ਚੁਗ ਕੇ। ਬਚਰਹਿ –ਬੱਚਿਆਂ ਵਿਚ।ਰੇ–ਹੇ ਭਾਈ!।੧੨੩।

ਕਬੀਰ ਅੰਬਰ ਘਨਹਰੁ ਛਾਇਆ, ਬਰਖਿ ਭਰੇ ਸਰ ਤਾਲ ॥ ਚਾਤ੍ਰਿਕ ਜਿਉ ਤਰਸਤ ਰਹੈ, ਤਿਨ ਕੋ ਕਉਨੁ ਹਵਾਲੁ ॥੧੨੪॥ ਹੇ ਕਬੀਰ! ਅਕਾਸ਼ ਵਿਚ ਬੱਦਲ ਛਾਇਆ ਹੋਇਆ ਹੈ, (ਜਿਸ ਨੇ) ਵਰਸ ਕੇ ਸਰੋਵਰ ਅਤੇ ਤਲਾਬ ਭਰ ਦਿਤੇ ਹਨ।(ਵਰਖਾ ਹੋਣ ਤੇ ਵੀ, ਸ੍ਵਾਂਤੀ ਬੂੰਦ ਨਾ ਮਿਲਣ ਕਰਕੇ ਪਪੀਹੇ ਦਾ ਮਨ ਤੜਫਦਾ ਰਹਿੰਦਾ ਹੈ।ਜਿਹੜੇ ਮਨੁੱਖ) ਪਪੀਹੇ ਵਾਂਗ ਤਰਸਦੇ ਰਹਿੰਦੇ ਹਨ (ਨਾਮ ਸਿਮਰਨ

ਨਾਲ ਨਹੀਂ ਜੁੜਦੇ), ਉਨ੍ਹਾਂ ਦਾ ਕੀ ਹਾਲ ਹੁੰਦਾ ਹੋਵੇਗਾ?। ਭਾਵ ਅਰਥ ঃ- ਹਰੀ ਸਰੂਪ ਅਕਾਸ਼ ਵਿਚ ਗੁਰੂ ਰੂਪ ਬੱਦਲ ਛਾਇਆ ਹੈ, ਜਿਸ ਨੇ ਉਪਦੇਸ਼ ਰੂਪ ਬਰਖਾ ਕਰਕੇ ਮਨੱਖਾਂ ਦੇ ਛੋਟੇ ਵੱਡੇ ਹਿਰਦੇ ਭਰ ਦਿਤੇ ਹਨ। ਜੋ ਮਨੁੱਖ ਪਪੀਹੇ ਵਾਂਗ ਗੁਰ ਸ਼ਬਦ ਰੂਪ ਸ੍ਵਾਂਤੀ ਬੂੰਦ ਨੂੰ ਤੜਪਦੇ ਹਨ, ਉਨ੍ਹਾਂ ਦਾ ਕੀ ਹਾਲ ਹੋਊ (ਗੁਰ ਸ਼ਬਦ ਬਿਨਾ ਆਤਮਕ ਜੀਵਨ ਨਹੀ ਮਿਲਦਾ)।੧੨੪।

ਪਦਾਰਥ = ਅੰਬਰ-ਅਕਾਸ਼।ਘਨਹਰੁ-ਬੱਦਲ।ਛਾਇਆ-ਫੈਲਿਆ।ਬਰਖਿ-ਬਰਸਕੇ।ਭਰੇ-ਭਰ ਦਿਤੇ ਹਨ।ਸਰ-ਸਰੋਵਰ।ਤਾਲ-ਤਲਾਬ।ਚਾਤ੍ਰਿਕ ਜਿਉ-ਪਪੀਹੇ ਵਾਂਗ।ਤਰਸਤ ਰਹੈ-ਤਰਸਦਾ ਰਹਿੰਦਾ ਹੈ।ਤਿਨ ਕੋ-ਉਨ੍ਹਾਂ ਦਾ।ਹਵਾਲੁ-ਹਾਲ।੧੨੪।

ਵਿਆਖਿਆ = ਗੁਰੂ ਉਪਦੇਸ਼ ਨਾਲ ਆਮ ਸ੍ਰੋਤੇ ਅਨੰਦ ਲੈਂਦੇ ਹਨ, ਕਈ ਗੁਰੂ ਤੋਂ ਪਦਾਰਥ ਮੰਗਦੇ ਹਨ, ਉਨ੍ਹਾਂ ਨੂੰ ਗੁਰੂ ਪਦਾਰਥ ਦੇ ਕੇ ਨਿਹਾਲ ਕਰਦੇ ਹਨ। ਕਈ ਪਦਾਰਥ ਵੀ ਤੇ ਨਾਲ ਨਾਮ ਦੀ ਦਾਤ ਮੰਗਦੇ ਹਨ, ਕਈ ਭਾਣੇ ਵਿਚ ਰਹਿ ਕੇ, ਕਿ ਜੋ ਲਿਖਿਆ ਹੈ ਮਿਲ ਹੀ ਜਾਣਾ ਹੈ, ਕੇਵਲ ਨਾਮ ਰੂਪ ਸ੍ਵਾਂਤੀ ਬੂੰਦ ਮੰਗਦੇ ਹਨ। ਪਪੀਹਾ ਮੀਂਹ ਦੇ ਪਾਣੀ ਨਾਲ ਨਹੀ ਰੱਜਦਾ। ਤਿਵੇਂ ਗੁਰ ਸ਼ਬਦ ਦੇ ਪਿਆਸੇ ਕੇਵਲ ਸ਼ਬਦ ਨਾਲ ਹੀ ਰੱਜਦੇ ਹਨ।੧੨੪।

ਕਬੀਰ ਚਕਈ ਜਉ ਨਿਸਿ ਬੀਛੁਰੈ, ਆਇ ਮਿਲੈ ਪਰਭਾਤਿ ॥ ਜੋ ਨਰ ਬਿਛੁਰੇ ਰਾਮ ਸਿਉ, ਨਾ ਦਿਨ ਮਿਲੇ ਨ ਰਾਤਿ ॥੧੨੫॥ ਹੇ ਕਬੀਰ! ਜਦੋਂ ਚਕਵੀ ਰਾਤ ਸਮੇਂ ਚਕਵੇ ਤੋਂ ਵਿਛੜਦੀ ਹੈ, ਫਿਰ ਸਵੇਰ ਵੇਲੇ ਅਪਣੇ ਸੁਆਮੀ ਚਕਵੇ ਨਾਲ ਆ ਮਿਲਦੀ ਹੈ।(ਪਰ) ਜਿਹੜੇ ਬੰਦੇ ਹਰੀ ਨਾਲੋਂ ਬਿਛੜੇ ਹੋਏ ਹਨ, ਉਹ ਹਰੀ ਨੂੰ ਨਾ ਦਿਨੇ ਮਿਲਦਾ ਹੈ, ਨਾ ਰਾਤ ਨੂੰ (ਪੜ੍ਹ ਲਿਖ ਕੇ ਵੀ ਅਤੇ ਅਨਪੜ੍ਹ ਰਹਿ ਕੇ ਵੀ ਨਹੀ ਮਿਲਦੇ) ਮਨਮੁਖ ਹੋ ਕੇ ਸਦਾ ਹੀ ਹਰੀ ਤੋਂ ਬਿਛੜੇ ਰਹਿੰਦੇ ਹਨ।੧੨੫।

ਪਦਾਰਥ = ਚਕਈ-ਇਕ ਪੰਛੀ ਹੈ।ਜਉ-ਜਦੋਂ।ਨਿਸਿ-ਰਾਤ ਨੂੰ।ਬੀਛੁਰੈ-ਵਿਛੜਦੀ ਹੈ।ਪਰਭਾਤਿ-ਸਵੇਰ ਦੇ ਸਮੇਂ।ਨਰ-ਬੰਦੇ।ਰਾਮ ਸਿਉ੧੨੬॥-ਪ੍ਰਮਾਤਮਾ ਨਾਲੋਂ।੧੨੫।

ਕਬੀਰ ਰੈਨਾਇਰ ਬਿਛੋਰਿਆ, ਰਹੁ ਰੇ ਸੰਖ ਮਝੂਰਿ ॥ ਦੇਵਲ ਦੇਵਲ ਧਾਹੜੀ, ਦੇਸਹਿ ਉਗਵਤ ਸੂਰ ॥੧੨੬॥ ਕਬੀਰ ਜੀ ਆਖ ਰਹੇ ਹਨ, ਸਮੁੰਦਰ ਤੋਂ ਬਿਛੜੇ ਹੋਏ ਹੇ ਸੰਖ! ਤੂੰ ਸਮੁੰਦਰ ਦੇ ਵਿਚ ਹੀ ਟਿਕਿਆ ਰਹੁ।(ਨਹੀਂ ਤਾਂ) ਸੂਰਜ ਚੜ੍ਹਦਿਆਂ ਹੀ ਤੂੰ ਹਰੇਕ ਮੰਦਰ ਵਿਚ ਧਾਹਾਂ ਮਾਰਦਾ ਹੋਇਆ ਉਚੀ ਉਚੀ ਅਵਾਜਾਂ ਦੇਵੇਂਗਾ {ਸੰਖ ਸਮੁੰਦਹੁ ਸਖਣਾ, ਰੋਵੈ ਦੇ ਧਾਹਾ (ਭਾ: ਗੁ: ਵਾਰ ੩੪-੫)}। ਹੇ ਜੀਵ ਰੂਪ ਸੰਖ! ਤੂੰ ਅਪਣੇ ਆਪ ਨੂੰ ਹਰੀ ਸਮੁੰਦਰ ਤੋਂ ਵਿਛੋੜਿਆ ਹੋਇਆ ਹੈ, ਤੂੰ ਹਰੀ ਰੂਪ ਸਮੁੰਦਰ ਵਿਚ ਹੀ ਰਹੁ। ਨਹੀਂ ਤਾਂ ਕਾਲ ਰੂਪ ਸੂਰਜ ਦੇ ਚੜ੍ਹਨ ਤੇ ਜੂਨੀ ਰੂਪ ਹਰੇਕ ਮੰਦਰ ਵਿਚ ਭੁੱਬਾਂ ਮਾਰ ਕੇ ਰੋਵੇਂਗਾ।੧੨੬।

ਪਦਾਰਥ = ਰੈਨਾਇਰ-ਸਮੁੰਦਰ।ਰਹੁ-ਟਿਕਿਆ ਰਹੁ।ਰੇ ਸੰਖ-ਹੇ ਸੰਖ!।ਮਝੂਰਿ-ਵਿਚ (ਸਮੁੰਦਰ ਦੇ)।ਦੇਵਲ-ਮੰਦਰ (ਜੂਨਾਂ) ਵਿਚ। ਧਾਹੜੀ-ਧਾਹਾਂ ਮਾਰ ਕੇ ਰੋਣਾ।ਦੇਸਹਿ-ਦੇਵੇਂਗਾ।ਉਗਵਤ ਸੂਰ-ਸੂਰਜ ਚੜ੍ਹਦਿਆਂ।੧੨੬।

ਕਬੀਰ ਸੂਤਾ ਕਿਆ ਕਰਹਿ, ਜਾਗੁ ਰੋਇ ਭੈ ਦੁਖ ॥ ਜਾਕਾ ਬਾਸਾ ਗੋਰ ਮਹਿ, ਸੋ ਕਿਉ ਸੋਵੈ ਸੁਖ ॥੧੨੭॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਤੂੰ ਸੁੱਤਾ ਹੋਇਆ ਕੀ ਕਰਦਾ ਹੈਂ? (ਉਠ ਕੇ) ਜਾਗ ਅਤੇ ਭੈ ਦਾਇਕ ਦੁਖਾਂ ਨੂੰ ਯਾਦ ਕਰਕੇ ਰੋ; ਉਠ ਕੇ ਜਾਗ ਅਤੇ ਭੈ ਦਾਇਕ ਦੁੱਖਾਂ ਦੇ ਸੰਸਾਰ ਤੋਂ ਤਰਨ ਦਾ ਜਤਨ (ਜਾਂ ਭਜਨ) ਕਰ। ਜਿਸਦਾ ਵਾਸਾ ਕਬਰ ਵਿਚ ਹੋਣਾ ਹੋਵੇ, ਉਹ ਬੰਦੇ ਸੁਖ ਨਾਲ (ਬੇਫਿਕਰ ਹੋ ਕੇ) ਕਿਵੇਂ ਸੌਂ ਸਕਦਾ ਹੈ?।੧੨੭

ਪਦਾਰਥ = ਸੂਤਾ-ਸੁੱਤਾ ਹੋਇਆ।ਭੈ ਦੁਖ-ਮੌਤ ਦੇ ਭੈ ਦਾਇਕ ਦੁਖ।ਜਾ ਕਾ-ਜਿਸ ਦਾ।ਬਾਸਾ-ਨਿਵਾਸ (ਰਹਿਣ ਦੀ ਥਾਂ)।ਗੋਰ ਮਹਿ -ਕਬਰ ਵਿਚ।ਰੋਇ-ਰੋ ਕੇ ਹਰੀ ਅੱਗੇ ਅਰਦਾਸ ਕਰ (ਜਿਵੇਂ ਕਿਸੇ ਰੋਂਦੇ ਬੱਚੇ ਤੇ ਤਰਸ ਆ ਜਾਂਦਾ ਹੈ, ਇਵੇਂ ਤੈਨੂੰ ਰੋਂਦੇ ਨੂੰ ਦੇਖ ਕੇ ਹਰੀ ਤੇਰੇ ਤੇ ਮੇਹਰ ਕਰੇਗਾ, ਦੁੱਖ ਦੂਰ ਕਰ ਦੇਵੇਗਾ)।ਸੋ-ਉਹ (ਮਨੁੱਖ)।ਸੋਵੈ-ਸੌਂ ਸਕਦਾ ਹੈ।੧੨੭।

ਵਿਆਖਿਆ = ਹੇ ਮਨੁੱਖ ਤੂੰ ਮਾਇਆ ਦੇ ਮੋਹ ਦੀ ਨੀਂਦ ਵਿਚ ਕਿਉਂ ਸੁਤਾ ਪਿਆ ਹੈਂ, ਗਿਆਨ ਅਵਸਥਾ ਵਿਚ ਜਾਗ ਭਾਵ ਚੇਤੰਨ ਹੋ, ਮੌਤ ਦੇ ਦੁਖਾਂ ਨੂੰ ਯਾਦ ਕਰਕੇ ਹਰੀ ਦਾ ਭਜਨ ਕਰ। ਜਾਗ ਕੇ ਸੋਚ ਕਿ ਪਿਛੇ ਕਿੰਨੇ ਜਨਮਾਂ ਦੇ ਕਿੰਨੇ ਦੁੱਖ ਭੋਗੇ ਹੋਣਗੇ। ਇਨ੍ਹਾਂ ਦੁਖਾਂ ਨੂੰ ਮਿਟਾਉਣ ਲਈ ਭਜਨ ਕਰ,ਐਵੇਂ ਸੌਂ ਕੇ ਜਨਮ ਵਿਅਰਥ ਨਾ ਗੁਆ।੧੨੭।

ਕਬੀਰ ਸੂਤਾ ਕਿਆ ਕਰਹਿ, ਉਠਿ ਕਿ ਨ ਜਪਹਿ ਮੁਰਾਰਿ ॥ ਇਕ ਦਿਨ ਸੋਵਨੁ ਹੋਇਗੋ, ਲਾਂਬੇ ਗੋਡ ਪਸਾਰਿ ॥੧੨੮॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਸੁੱਤਾ ਹੋਇਆ ਕੀ ਕਰਦਾ ਹੈਂ? ਉਠ ਕੇ ਮੁਰਾਰੀ (ਵਾਹਿਗੁਰੂ) ਨੂੰ ਕਿਉਂ ਨਹੀਂ ਜਪਦਾ? ਇਕ ਦਿਨ ਲੰਬੇ ਗੋਡੇ ਪਸਾਰ (ਲੰਬੀਆਂ ਤਾਣ) ਕੇ ਤੇਰਾ ਐਸਾ ਸੌਣਾ ਹੋਇਗਾ (ਕਿ ਮੁੜ ਉਠ ਨਹੀਂ ਸਕੇਂਗਾ, ਸਦਾ ਲਈ ਸੌਂ ਜਾਵੇਂਗਾ)।੧੨੮॥

ਪਦਾਰਥ = ਉਠਿ-ਉਠ (ਜਾਗ) ਕੇ।ਕਿ-ਕਿਉਂ।ਮੁਰਾਰਿ-ਵਾਹਿਗੁਰੂ।ਸੋਵਨੁ-ਸੌਣਾ।ਹੋਇਗੋ-ਹੋਵੇਗਾ।ਲਾਂਬੇ ਗੋਡ-ਲੰਬੇ ਗੋਡੇ ਕਰਕੇ (ਨਿਸ ਚਿੰਤ ਹੋ ਕੇ)।ਪਸਾਰਿ-ਪਸਾਰ (ਫੈਲਾ) ਕੇ।੧੨੮।

ਕਬੀਰ ਸੂਤਾ ਕਿਆ ਕਰਹਿ, ਬੈਠਾ ਰਹੁ ਅਰੁ ਜਾਗੁ ॥ ਜਾ ਕੇ ਸੰਗ ਤੇ ਬੀਛੁਰਾ, ਤਾਹੀ ਕੇ ਸੰਗਿ ਲਾਗੁ ॥੧੨੯॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਸੁੱਤਾ ਹੋਇਆ ਕੀ ਕਰ ਰਿਹਾ ਹੈਂ? ਤੂੰ (ਹਰੀ ਦੀ ਯਾਦ ਵਿਚ) ਬੈਠਾ ਰਹਿ ਅਤੇ (ਮਾਯਾ ਦੇ ਮੋਹ ਦੀ ਨੀਂਦ ਵਿਚੋਂ)

ਜਾਗ ਭਾਵ ਸਾਵਧਾਨ ਹੋ ਜਾ। ਜਿਸ ਪ੍ਰਭੂ ਦੇ ਨਾਲੋਂ ਤੂੰ ਵਿਛੜਿਆ ਹੋਇਆ ਹੈਂ (ਮੁੜ) ਉਸੇ ਪ੍ਰਭੂ ਦੇ ਨਾਲ ਲਗ (ਜੁੜ) ਜਾ।੧੨੯।
ਪਦਾਰਥ = ਜਾ ਕੇ–ਜਿਸ ਦੇ। ਸੰਗ ਤੇ–ਨਾਲੋਂ। ਬੀਛੁਰਾ–ਵਿਛੜਿਆ ਹੈਂ। ਤਾ ਹੀ ਕੇ–ਉਸ ਦੇ। ਲਾਗੁ–ਜੁੜ ਜਾ।੧੨੯।
ਕਬੀਰ ਸੰਤ ਕੀ ਗੈਲ ਨ ਛੋਡੀਐ, ਮਾਰਗਿ ਲਾਗਾ ਜਾਉ ॥ ਪੇਖਤ ਹੀ ਪੁੰਨੀਤ ਹੋਇ, ਭੇਟਤ ਜਪੀਐ ਨਾਉ ॥੧੩੦॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਸੰਤਾਂ ਦਾ ਸਾਥ ਨਹੀ ਛਡਣਾ ਚਾਹੀਦਾ, (ਸੰਤਾਂ ਦੇ ਦੱਸੇ ਹੋਏ) ਰਸਤੇ ਤੇ ਲੱਗੇ (ਤੁਰੇ) ਜਾਓ। (ਕਿਉਂਕਿ ਸੰਤਾਂ ਦੇ) ਦਰਸ਼ਨ ਕਰਦਿਆਂ ਹੀ ਪਵਿਤ੍ਰ ਹੋ ਜਾਈਦਾ ਹੈ ਅਤੇ ਮਿਲਣ ਨਾਲ ਨਾਮ ਜਪੀਦਾ ਹੈ।੧੩੦।
ਪਦਾਰਥ = ਗੈਲ–ਸਾਥ; ਪਿੱਛਾ; ਰਸਤਾ (ਗੈਲਿ ੪੯੪ ਤੇ ੧੨੧੬ ਤੇ ਵੀ ਹੈ)। ਮਾਰਗਿ–ਰਸਤੇ ਤੇ। ਲਾਗਾ ਜਾਉ–ਲੱਗੇ ਜਾਉ। ਪੇਖਤ ਹੀ–ਦੇਖਦਿਆਂ ਹੀ। ਪੁੰਨੀਤ–ਪਵਿਤ੍ਰ। ਭੇਟਤ–ਮਿਲਣ ਨਾਲ (ਸੰਗਤ ਕੀਤਿਆਂ)।੧੩੦।
ਕਬੀਰ ਸਾਕਤ ਸੰਗੁ ਨ ਕੀਜੀਐ, ਦੂਰਹਿ ਜਾਈਐ ਭਾਗਿ ॥ ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ ॥੧੩੧॥ ਹੇ ਕਬੀਰ! ਸਾਕਤਾਂ ਦਾ ਸੰਗ ਕਦੇ ਨਹੀ ਕਰਨਾ ਚਾਹੀਦਾ, (ਤਿਨ੍ਹਾਂ ਤੋਂ) ਦੂਰੋਂ ਹੀ ਭੱਜ ਜਾਣਾ ਚਾਹੀਦਾ ਹੈ (ਦੂਰ ਰਹੋ)। (ਜਿਵੇਂ) ਕਾਲੇ ਬਰਤਨਾਂ ਨੂੰ ਛੋਹੀਏ (ਹੱਥ ਲਗਾਈਏ) ਤਾਂ ਜਰੂਰ ਕੁਛ ਕਾਲਾ ਦਾਗ ਲਗ ਜਾਂਦਾ ਹੈ (ਸਾਕਤਾਂ ਦੇ ਕੋਲ ਬੈਠਿਆਂ ਕਾਲਾ ਧੱਬਾ ਲਗ ਜਾਂਦਾ ਹੈ)।੧੩੧।
ਪਦਾਰਥ = ਸਾਕਤ–ਪਤਿਤ; ਧਰਮ ਤੋਂ ਡਿਗਿਆ ਮਨੁੱਖ। ਭਾਗਿ–ਭੱਜ ਜਾਈਏ। ਬਾਸਨ–ਬਰਤਨ। ਕਾਰੋ–ਕਾਲੇ (ਚੁਲ੍ਹੇ ਤੇ ਰੱਖਣ ਕਰਕੇ ਭਾਂਡਾ ਕਾਲਾ ਹੋ ਜਾਂਦਾ ਹੈ)। ਤਉ–ਤਾਂ। ਦਾਗੁ–ਧੱਬਾ; ਦੋਸ਼।੧੩੧। ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ, ਮਨ ਤਿਨ ਕੈ ਨਿਕਟਿ ਭਿਟੀਐ। (੧੭੦)। ਸਾਕਤ ਦੀ ਪ੍ਰੀਭਾਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧੨ ਅੰਗ ਤੇ ੨੧ ਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਪੜ੍ਹੋ।
ਕਬੀਰ ਰਾਮੁ ਨ ਚੇਤਿਓ, ਜਰਾ ਪਹੂੰਚਿਓ ਆਇ ॥ ਲਾਗੀ ਮੰਦਿਰ ਦੁਆਰ ਤੇ, ਅਬ ਕਾਢਿਆ ਜਾਇ ॥੧੩੨॥ ਹੇ ਕਬੀਰ! (ਜੁਆਨੀ ਵੇਲੇ) ਰਾਮ ਦੇ ਨਾਮ ਨੂੰ ਨਹੀ ਸਿਮਰਿਆ, ਹੁਣ ਬੁਢੇਪਾ ਆ ਪਹੁੰਚਿਆ ਹੈ। (ਅੱਗ ਲੱਗੀ ਹੋਈ) ਘਰ ਦੇ ਦਰਵਾਜੇ ਤੇ ਆ ਪਹੁੰਚੀ ਹੈ, (ਘਰ ਦੇ ਸਮਾਨ ਨੂੰ ਅੱਗ ਤੋਂ ਬਚਾਉਣ ਲਈ) ਹੁਣ ਕੀ ਕਢਿਆ ਜਾ ਸਕਦਾ ਹੈ? ਭਾਵ ਕੁਛ ਨਹੀ ਕਢਿਆ ਜਾ ਸਕਦਾ। ਇਸੇ ਤਰ੍ਹਾਂ ਸਰੀਰ ਮੰਦਰ ਦੇ ਬੂਹੇ ਤੇ ਕਾਲ ਰੂਪ ਅੱਗ ਆ ਪਹੁੰਚੀ ਹੈ, ਬੂਹਾ ਮੂੰਹ ਹੈ, ਦਾੜ੍ਹੇ ਦਾ ਚਿੱਟਾ ਹੋਣਾ, ਕਾਲ ਦੀ ਅੱਗ ਹੈ। ਇਸ ਵੇਲੇ ਭਜਨ ਰਾਹੀਂ ਤ੍ਰਿਸ਼ਨਾ, ਵਾਸ਼ਨਾਂ ਦੂਰ ਕਰਕੇ ਜੀਵਨ ਸੁਆਰਨਾ ਚਾਹੇ, ਤਾਂ ਅਤੀ ਕਠਨ ਹੈ। ਤਾਕਤ ਦਾ ਘਟ ਜਾਣਾ, ਸਾਰੇ ਇੰਦ੍ਰੇ ਕਮਜੋਰ, ਜਵਾਨੀ ਦੇ ਸੰਸਕਾਰ, ਇਨ੍ਹਾ ਹਾਲਾਤਾਂ ਵਿਚ ਕਿਵੇਂ ਭਜਨ ਕਰੇਗਾ?।੧੩੨। ਆਵੈ ਅੰਤੁ ਨ ਭਜਿਆ ਜਾਈ। (੧੧੫੯)
ਪਦਾਰਥ = ਨ ਚੇਤਿਓ–ਨਹੀ ਸਿਮਰਿਆ। ਜਰਾ–ਬੁਢੇਪਾ। ਮੰਦਿਰ ਦੁਆਰ ਤੇ–ਘਰ ਦੇ ਦਰਵਾਜੇ ਤੇ। ਅਬ–ਹੁਣ। ਲਾਗੀ–ਲਗੀ ਹੋਈ ਤੇ। ਮੰਦਰਿ–ਘਰ। –ਦਰਵਾਜਾ।੧੩੨।
ਕਬੀਰ ਕਾਰਨੁ ਸੋ ਭਇਓ, ਜੋ ਕੀਨੋ ਕਰਤਾਰਿ ॥ ਤਿਸ ਬਿਨੁ ਦੂਸਰੁ ਕੋ ਨਹੀ, ਏਕੈ ਸਿਰਜਨਹਾਰੁ ॥੧੩੩॥ ਹੇ ਕਬੀਰ! ਕਾਰਨ ਉਹ ਹੀ ਹੋਇਆ ਹੈ, ਜੋ ਕਰਤਾਰ ਨੇ ਕੀਤਾ ਹੈ। ਉਸ ਇਕ ਕਰਤਾਰ ਤੋਂ ਬਿਨਾ (ਸ੍ਰਿਸਟੀ ਦਾ) ਸਿਰਜਨਹਾਰ ਦੂਜਾ ਹੋਰ ਕੋਈ ਨਹੀਂ।੧੩੩।
ਪਦਾਰਥ = ਕਾਰਨੁ–ਵਸੀਲਾ ;ਸਬੱਬ। ਸੋ–ਉਹ। ਭਇਓ–ਹੋਇਆ। ਕੋ–ਕੋਈ। ਸਿਰਜਨਹਾਰੁ–ਜਗਤ ਨੂੰ ਪੈਦਾ ਕਰਨ ਵਾਲਾ।੧੩੩।
ਵਿਆਖਿਆ = ਹਰ ਕਾਰਜ ਦਾ ਕੋਈ ਕਾਰਣ ਹੁੰਦਾ ਹੈ। ਕਾਰਣ ਤੋਂ ਬਿਨਾ ਕੋਈ ਕੰਮ ਨਹੀਂ ਹੁੰਦਾ, ਇਕ ਕੰਮ ਦਾ ਇਕ ਕਾਰਣ ਜਾਂ ਇਕ ਤੋਂ ਜਿਆਦਾ ਕਾਰਣ ਵੀ ਹੋ ਸਕਦੇ ਹਨ। ਜੇ ਕਾਰਣਾਂ ਦੇ ਕਾਰਣ ਲਭੀਏ ਤਾਂ ਕਾਫੀ ਲੰਬੀ ਲੜੀ ਤੁਰ ਪੈਂਦੀ ਹੈ, ਲੱਭਦੇ ਹੋਏ ਅਖੀਰ ਤੇ ਜਾਕੇ ਬੁੱਧੀ ਅਟਕ ਜਾਂਦੀ ਹੈ, ਉਸ ਥਾਂ ਤੋਂ ਕਾਰਣ ਨਹੀਂ ਲਭਦਾ। ਰੱਬ ਤੋਂ ਮੁਨਕਰ ਲੋਕ ਆਖਦੇ ਹਨ, ਕਾਰਣ ਦਾ ਵੀ ਕਾਰਣ ਜਰੂਰ ਹੋਣਾ ਹੈ, ਜੋ ਅਜੇ ਮਨੁੱਖ ਨੂੰ ਪਤਾ ਨਹੀ ਲਗ ਸਕਿਆ, ਸਮਾਂ ਆਣ ਤੇ ਮਨੁੱਖ ਖੋਜ ਕਰ ਲਵੇਗਾ। ਕਈ ਮੰਨਦੇ ਹਨ ਇਹ ਸਿਲਸਲਾ ਅਪਣੇ ਆਪ ਤੁਰੀ ਜਾਂਦਾ ਹੈ, ਪਰ ਇਹ ਸਭ ਖਿਆਲੀ ਘੋੜੇ ਦੁੜਾਉਣ ਵਾਲੀ ਗੱਲ ਹੈ ਤੇ ਬੁਧੀ ਦੀ ਕਮਜੋਰੀ ਹੈ। ਕਈ ਲੋਕ ਕਾਰਜ ਦੇ ਕਾਰਣ ਦੀ ਸੰਗਲੀ ਵਿਚ ਫਸੇ ਰਹਿੰਦੇ ਹਨ, ਅਸਲੀ ਮਨੋਰਥ ਲਾਂਭੇ ਰਹਿ ਜਾਂਦਾ ਹੈ। ਕਈ ਲੋਕ ਕਾਰਣ ਦੇ ਪਿੱਛੇ ਕਿਸਮਤ ਨੂੰ ਮੰਨਦੇ ਹਨ (ਜਿਵੇਂ ਦੁੱਖ ਦਾ ਕਾਰਣ ਕਿਸਮਤ ਮੰਨ ਲਈਏ), ਕਈ ਪਿਛਲੇ ਜਨਮਾਂ ਤੇ ਸੁਟਦੇ ਹਨ, ਉਹ ਕਾਰਣ ਵੀ ਪਿਛਲੇ ਕਈ ਜਨਮਾਂ ਤੇ ਜਾ ਕੇ ਇਕ ਥਾਂ ਅਟਕ ਜਾਂਦਾ ਹੈ। ਇਹ ਸਾਰੇ ਸੰਸੇ ਦੂਰ ਕਰਨ ਲਈ ਕਬੀਰ ਸਾਹਿਬ ਦਸਦੇ ਹਨ, ਇਹ ਜੋ ਕਾਰਜ ਰੂਪ ਸੰਸਾਰ ਹੈ, ਇਸ ਦਾ ਕਾਰਣ ਜਰੂਰ ਹੈ, ਫੇਰ ਕਾਰਣ ਦਾ ਵੀ ਕਾਰਣ ਹੈ, ਪਰ ਧੁਰ ਅਖੀਰਲਾ ਕਾਰਣ, ਜਿਥੇ ਬੁੱਧੀ ਪੂਰੀ ਕੰਮ ਨਹੀ ਕਰਦੀ, ਉਸ ਦਾ ਕਾਰਣ ਕਰਤਾਰ ਹੈ, ਉਸ ਆਦਿ ਕਾਰਣ ਨੂੰ ਕਰਤਾਰ ਨੇ ਬਣਾਇਆ ਹੈ। ਉਸ ਤੋਂ ਬਿਨਾ ਕਾਰਣ ਨੂੰ ਪੈਦਾ ਕਰਨ ਦੀ ਕਿਸੇ ਵਿਚ ਸ਼ਕਤੀ ਨਹੀਂ। ਤਾਂ ਤੇ ਕਰਤਾਰ ਵਿਚ ਭਰੋਸਾ ਰੱਖੋ, ਜੋ ਸਭ ਦਾ ਕਾਰਣ ਹੈ। ਦੁਖਾਂ ਸੁੱਖਾਂ ਦੇ ਕਾਰਣ ਦਾ ਕਾਰਣ ਵੀ ਕਰਤਾਰ ਹੀ ਹੈ। (ਭਾ: ਵੀਰ ਸਿੰਘ)।੧੩੩।
ਕਬੀਰ ਫਲ ਲਾਗੇ ਫਲਨਿ, ਪਾਕਨਿ ਲਾਗੇ ਆਂਬ ॥ ਜਾਇ ਪਹੂਚਹਿ ਖਸਮ ਕਉ, ਜਉ ਬੀਚਿ ਨ ਖਾਹੀ ਕਾਂਬ ॥੧੩੪॥ ਕਬੀਰ ਜੀ ਆਖਦੇ ਹਨ, ਦੇਖੋ ਭਾਈ ਰੁੱਖਾਂ ਨੂੰ ਫਲ ਫਲਣ ਲੱਗੇ ਹਨ ਤੇ ਅੰਬ ਵੀ ਪੱਕਣ ਲੱਗੇ ਹਨ। (ਬਾਗ ਦੇ) ਮਾਲਕ ਨੂੰ ਉਹ ਫਲ ਜਾ ਪਹੁੰਚਦੇ ਹਨ, ਜੇ ਵਿਚੋਂ ਕਾਂਵਾਂ ਨੇ ਨਾ ਖਾਧੇ ਹੋਣ; ਦਾਗੀ ਨਾ ਹੋਏ ਹੋਣ। ਸੰਸਾਰ ਮੰਨ ਲਓ ਇਕ ਅੰਬਾਂ ਦਾ ਬਾਗ ਹੈ। ਬਾਗ ਨੂੰ ਜੀਵ ਰੂਪ ਅੰਬ

ਲੱਗੇ ਹੋਏ ਹਨ, ਬਾਗ ਦੇ ਮਾਲਕ ਹਰੀ ਕੋਲ ਓਹੀ ਜੀਵ ਰੂਪ ਅੰਬ ਪਹੁੰਚਣਗੇ, ਜੇ ਵਿਚੋਂ ਕਾਮਾਦਿਕ ਕਾਵਾਂ ਨੇ ਨਾ ਖਾਧਾ (ਵਿਗਾੜਿਆ) ਹੋਵੇ; ਪਾਪਾਂ ਦੀ ਉੱਲੀ ਨਾ ਲੱਗੀ ਹੋਵੇ; ਵਿਸ਼ੇ ਵਿਕਾਰਾਂ ਨਾਲ ਦਾਗੀ ਨਾ ਹੋਏ ਹੋਣ।੧੩੪।

ਪਦਾਰਥ = ਬੀਚਿ–ਵਿਚਕਾਰੇ ਹੀ; ਪੱਕਣ ਤੋਂ ਪਹਿਲਾਂ।ਖਸਮ ਕਉ–ਮਾਲਕ ਨੂੰ।ਜਉ–ਜੇ।ਕਾਂਬ–(ਕਾਮਾਦਿਕ) ਕਾਂ; ਦਾਗੀ; ਅੰਬਾਂ ਦਾ ਰੋਗ ਜਿਸ ਨਾਲ ਅੰਬ ਦੇ ਫਲ ਤੇ ਕਾਲਾ ਜਿਹਾ ਦਾਗ ਪੈ ਜਾਂਦਾ ਹੈ।੧੩੪।

ਵਿਆਖਿਆ = ਪਹਿਲਾਂ ਅੰਬਾਂ ਦੇ ਰੁੱਖਾਂ ਨੂੰ ਬੂਰ ਆਉਂਦਾ ਹੈ।ਸਾਡੇ ਦੇਸ਼ ਵਿਚ ਅੰਬਾਂ ਦੇ ਮੌਸਮ ਵਿਚ ਹਨ੍ਹੇਰੀਆਂ ਵੀ ਬਹੁਤ ਆਉਂਦੀਆਂ ਹਨ।ਕੁਛ ਬੂਰ ਹਨ੍ਹੇਰੀ ਨਾਲ ਝੜ ਜਾਂਦਾ ਹੈ।ਫਿਰ ਨਿੱਕੀਆਂ ੨ ਅੰਬੀਆਂ ਲਗਦੀਆਂ ਹਨ, ਕੁਛ ਅੰਬੀਆਂ ਵੀ ਹਨ੍ਹੇਰੀ ਨਾਲ ਗਿਰ ਜਾਂਦੀਆਂ ਹਨ।ਕੁਛ ਕੱਚੇ ਅੰਬਾਂ ਨੂੰ ਕੋਇਲਾਂ ਤੋਤੇ ਆਦਿ ਪੰਛੀ ਟੁੱਕ ਕੇ ਖਰਾਬ ਕਰ ਦੇਂਦੇ ਹਨ।ਕੁਛ ਫਲ ਟਾਹਣੀ ਨਾਲ ਲੱਗੇ ਹੀ ਸੁੱਕ ਜਾਂਦੇ ਹਨ।ਇਨ੍ਹਾਂ ਹੱਲਿਆਂ ਤੋਂ ਲੰਘ ਕੇ ਜੋ ਪੱਕਦੇ ਹਨ, ਉਹ ਮਾਲਕ ਨੂੰ ਪੁਜਦੇ ਹਨ।ਇਹੀ ਹਾਲ ਮਨੁੱਖੀ ਜੀਵਨ ਦਾ ਹੈ।ਕਈ ਪੈਦਾ ਹੋਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ, ਕੋਈ ਬਚਪਨ ਵਿਚ, ਜਵਾਨੀ ਵਿਚ ਮਰ ਜਾਂਦੇ ਹਨ।ਜੋ ਬਚਦੇ ਹਨ, ਜੇ ਉਹ ਵਿਸ਼ਿਆਂ ਦੇ ਝੱਖੜ ਤੋਂ ਬਚੇ ਰਹਿਣ, ਹੰਕਾਰ ਦਾ ਰੋਗ ਨਾ ਲੱਗੇ, ਦਾਗੀ ਨਾ ਹੋਣ ਅਤੇ ਸੱਤਸੰਗ ਰਾਹੀ ਹਰੀ ਦਾ ਜਸ ਕਰਨ ਤਾਂ ਉਹ ਜੀਵ ਪੂਰੇ ਉਤਰਦੇ ਅਤੇ ਮਾਲਕ ਦੀ ਹਜੂਰੀ ਵਿਚ ਪੁਜਦੇ ਹਨ; ਜਿੰਨਾ ਬੂਰ ਲਗਦਾ ਹੈ, ਉਨਾ ਫਲ ਨਹੀ ਲਗਦਾ, ਜਿੰਨਾ ਫਲ ਲਗਦਾ ਹੈ, ਉਨੇ ਪਕਦੇ ਨਹੀ (ਉਨ੍ਹਾਂ ਵਿਚੋਂ ਵੀ ਕਈ ਖੱਟੇ ਰਹਿ ਜਾਂਦੇ ਹਨ) ਜਿਤਨੇ ਪਕਦੇ ਹਨ, ਉਨ੍ਹਾਂ ਵਿਚੋਂ ਵੀ ਚੋਣਵੇਂ ਮਾਲਕ ਕੋਲ ਪਹੁੰਚਦੇ ਹਨ; ਸੰਗਤ ਵਿਚ ਬਹੁਤ ਲੋਕ ਆਉਂਦੇ ਹਨ, ਕਈ ਤਾਂ ਮੇਲਾ ਦੇਖਣ ਵਾਂਗ ਆਉਂਦੇ ਹਨ।ਕਥਾ ਕੀਰਤਨ ਮਨ ਕਰਕੇ ਸੁਣਦੇ ਨਹੀ।ਜਿੰਨੇ ਕੁ ਸੁਣਦੇ ਹਨ, ਉਹ ਵੀ ਸਾਰੇ ਮੰਨਣ ਨਹੀ ਕਰਦੇ, ਫਿਰ ਅਮਲ ਨਹੀ ਕਰਦੇ।ਅਖੀਰ ਤੇ ਜਾਕੇ ਕਈਆਂ ਨੂੰ ਸੂਖਮ ਮਾਣ ਦੀ ਕਾਂਬ ਰਹਿ ਜਾਂਦੀ ਹੈ, ਥੋੜੇ ਮਨੁੱਖ ਹੁੰਦੇ ਹਨ ਜੋ ਮਾਲਕ ਦੀ ਭੇਟ ਚੜ੍ਹਦੇ ਹਨ।੧੩੪।

ਕਬੀਰ ਠਾਕੁਰੁ ਪੂਜਹਿ ਮੋਲਿ ਲੇ, ਮਨਹਠਿ ਤੀਰਥ ਜਾਹਿ ॥ ਦੇਖਾ ਦੇਖੀ ਸ੍ਵਾਂਗੁ ਧਰਿ, ਭੂਲੇ ਭਟਕਾ ਖਾਹਿ ॥੧੩੫॥ ਹੇ ਕਬੀਰ! (ਤੁੱਛ ਬੁੱਧੀ ਵਾਲੇ ਮਨੁੱਖ) ਠਾਕਰ (ਪੱਥਰ ਦੀ ਮੂਰਤੀ) ਮੁੱਲ ਲੈ ਕੇ ਪੂਜਦੇ ਹਨ, ਮਨ ਦੀ ਜਿੱਦ ਕਰ ਕੇ ਤੀਰਥਾਂ ਤੇ (ਸ਼ਨਾਨ ਕਰਨ) ਜਾਂਦੇ ਹਨ।(ਪਰ ਅਫਸੋਸ ਹੈ ਕਿ) ਦੇਖਾ ਦੇਖੀ (ਇਕ ਦੂਜੇ ਨੂੰ ਦੇਖ ਕੇ) ਭੇਖ ਧਾਰ ਕੇ ਭੁੱਲੇ ਭਟਕੇ (ਮਨੁੱਖ ਠੋਕਰਾਂ) ਖਾਂਦੇ ਹਨ।੧੩੫।

ਪਦਾਰਥ = ਠਾਕੁਰੁ–ਪੱਥਰ ਦੀ ਮੂਰਤੀ।ਮੋਲਿ ਲੇ–ਮੁੱਲ ਲੈ ਕੇ।ਮਨਹਠ–ਮਨ ਦੇ ਹਠ ਕਰਕੇ (ਸ਼ਰਧਾ ਨਾਲ ਨਹੀ ਜਾਂਦੇ)।ਦੇਖਾ ਦੇਖੀ –ਇਕ ਨੂੰ ਦੇਖ ਕੇ ਦੂਜਾ, ਦੂਜੇ ਨੂੰ ਦੇਖ ਕੇ ਤੀਜਾ; ਰੀਸ ਕਰਕੇ।ਸ੍ਵਾਂਗ–ਨਕਲੀ ਭੇਖ (ਇਕ ਦੂਜੇ ਨੂੰ ਦੇਖ ਕੇ ਧਰਮ ਦਾ ਭੇਖ ਧਾਰ ਲੈਂਦੇ ਹਨ, ਪਰ ਧਰਮ ਨੂੰ ਵਿਚਾਰਦੇ ਨਹੀਂ)।ਭਟਕਾ ਖਾਹਿ–ਭਟਕ ਕੇ ਧੱਕੇ ਖਾਂਦੇ ਹਨ।੧੩੫।

ਕਬੀਰ ਪਾਹਨ ਪਰਮੇਸੁਰੁ ਕੀਆ, ਪੂਜੈ ਸਭੁ ਸੰਸਾਰੁ ॥ ਇਸ ਭਰਵਾਸੇ ਜੋ ਰਹੇ, ਬੂਡੇ ਕਾਲੀ ਧਾਰ ॥੧੩੬॥ ਕਬੀਰ ਜੀ ਆਖਦੇ ਹਨ (ਬੜੇ ਅਫਸੋਸ ਦੀ ਬਾਤ ਹੈ, ਕਿ) ਲੋਕਾਂ ਨੇ ਪੱਥਰ ਨੂੰ ਹੀ ਪ੍ਰਮੇਸਰ ਮੰਨਣ ਕਰ ਲਿਆ ਹੈ, ਸਾਰਾ ਸੰਸਾਰ (ਉਸ ਪੱਥਰ ਨੂੰ) ਪੂਜਦਾ ਹੈ। ਜੋ (ਮਨੁੱਖ) ਇਸ ਪੱਥਰ ਦੇ ਭਰੋਸੇ ਵਿਚ ਰਹਿੰਦੇ ਹਨ, ਉਹ ਕਾਲੇ ਪਾਣੀ ਦੀ ਧਾਰ (ਡੂੰਘੇ ਸਮੁੰਦਰ ਦੀ ਲਹਿਰ) ਵਿਚ ਡੁਬਦੇ ਹਨ।੧੩੬।

ਪਦਾਰਥ = ਪਾਹਨ–ਪੱਥਰ।ਭਰਵਾਸੇ–ਭਰੋਸੇ ਵਿਚ।ਬੂਡੇ–ਡੁਬਦੇ ਹਨ।ਕਾਲੀ ਧਾਰ–ਕਾਲ ਰੂਪ ਨਦੀ ਦੀ ਮੌਤ ਰੂਪ ਧਾਰ; ਜਨਮ ਮਰਨ ਦੀ ਧਾਰ; ਕਾਲੇ ਪਾਣੀ ਦੀ ਛੱਲ (ਡੂੰਘੇ ਸਮੁੰਦਰ ਦਾ ਪਾਣੀ ਕਾਲਾ ਦਿਖਦਾ ਹੈ)।੧੩੬।

ਕਬੀਰ ਕਾਗਦ ਕੀ ਓਬਰੀ, ਮਸੁ ਕੇ ਕਰਮ ਕਪਾਟ ॥ ਪਾਹਨ ਬੋਰੀ ਪਿਰਥਮੀ, ਪੰਡਿਤ ਪਾੜੀ ਬਾਟ ॥੧੩੭॥ ਕਬੀਰ ਜੀ ਕਹਿੰਦੇ ਹਨ ਕਿ ਵੇਦ ਸ਼ਾਸਤ੍ਰ ਕਾਗਜ਼ਾਂ ਦੀ ਬਣੀ ਹੋਈ ਕੋਠੀ ਵਾਂਗ ਹਨ, ਉਨ੍ਹਾਂ ਕਾਗਜ਼ਾਂ ਤੇ ਸਿਆਹੀ ਨਾਲ ਜੋ ਕਰਮ ਕਰਨੇ ਲਿਖੇ ਹੋਏ ਹਨ, ਉਹ (ਕੋਠੀ ਨੂੰ ਜੜੇ) ਤਖਤੇ ਹਨ (ਇਸ ਕੋਠੀ ਵਿਚ ਮਨੁੱਖ ਕੈਦ ਹੈ)।ਪੰਡਤ ਡਾਕੂ ਬਣੇ ਹੋਏ ਹਨ (ਜੋਰ ਨਾਲ ਦਾਨ ਲੈਂਦੇ ਹਨ, ਭਗਤੀ ਤੋਂ ਹਟਾ ਕੇ ਕਰਮ ਕਾਂਡ ਵਿਚ ਲਾਉਂਦੇ ਹਨ, ਪੰਡਤਾਂ ਨੇ) ਧਰਤੀ ਦੇ ਲੋਕਾਂ ਨੂੰ ਪੱਥਰ ਪੂਜਾ ਵਿਚ ਲਗਾ ਕੇ ਡੋਬ ਦਿਤਾ ਹੈ; ਪੱਥਰ ਪੂਜਾ ਜਗਤ ਦੀ ਬੇੜੀ ਡੋਬਣ ਵਾਲੀ ਸ਼ੈ ਹੈ, ਡੁਬਦਿਆਂ ਨੂੰ ਲੁੱਟਣ ਵਾਲੇ ਪੰਡਤ ਧਾੜਵੀ ਹਨ (ਭਾ: ਵੀਰ ਸਿੰਘ)।੧੩੭।

ਪਦਾਰਥ = ਕਾਗਦ ਕੀ–ਕਾਗਜਾਂ (ਬੇਦ ਸ਼ਾਸਤ੍ਰਾਂ) ਦੀ।ਓਬਰੀ–ਕੈਦ ਖਾਨੇ ਦੀ ਕੋਠੜੀ।ਮਸੁ–ਸਿਆਹੀ।ਕਰਮ ਕਪਾਟ–ਕਰਮ ਕਾਂਡ ਦੀ ਮਰਿਆਦਾ ਦੇ ਤਖਤੇ।ਪਾਹਨ–ਪੱਥਰ ਪੂਜਾ।ਬੋਰੀ–ਡੋਬੀ ਹੈ।ਪਿਰਥਮੀ–ਪ੍ਰਿਥਵੀ ਤੇ ਵਸਣ ਵਾਲੇ ਲੋਕਾਂ ਨੂੰ।ਪਾੜੀ ਬਾਟ–ਹਰੀ ਦੇ ਨਾਮ ਦਾ ਰਸਤਾ ਪਾੜ (ਬੇ ਮੁਖ ਕਰ) ਦਿਤਾ; ਰਸਤਾ ਲੁਟ ਲੈਣ ਵਾਲੇ (ਡਾਕੂ)।੧੩੭।

ਵਿਆਖਿਆ = ਜਿਵੇਂ ਪੱਥਰ ਦੇ ਭਾਰ ਕਰਕੇ ਚੀਜ ਡੁੱਬ ਜਾਂਦੀ ਹੈ, ਤਿਵੇਂ ਪੱਥਰਾਂ ਦੀ ਪੂਜਾ ਕਰਨ ਤੇ ਬੁੱਧੀ ਨੂੰ ਜੜ੍ਹਤਾ ਰੂਪ ਭਾਰ ਬੱਝਦਾ ਹੈ, ਉਸ ਨੂੰ ਅਗਿਆਨ ਵਿਚ ਡੋਬਦਾ ਹੈ।ਅਗਿਆਨਤਾ ਵਿਚੋਂ ਨਿਕਲ ਕੇ ਗਿਆਨ ਵਿਚ ਨਹੀਂ ਆਉਣ ਦੇਂਦਾ।ਪੰਡਤ, ਲੋਕਾਂ ਨੂੰ ਬੇਦ ਸ਼ਾਸਤ੍ਰਾਂ ਦੇ ਪ੍ਰਮਾਣ ਦੇ ਕੇ ਹਰੀ ਤੋਂ ਹਟਾ ਕੇ ਕਰਮ ਕਾਂਡ ਅਤੇ ਪੱਥਰ ਪੂਜਾ ਵਿਚ ਲਾ ਦੇਂਦੇ ਹਨ।ਹਰੀ ਦਾ ਮਾਰਗ ਇਨ੍ਹਾਂ ਪਾੜ ਸੁੱਟਿਆ ਹੈ ਭਾਵ ਬੇ ਮੁਖ ਕਰ ਦਿਤਾ ਹੈ।ਗੁਰ ਮੱਤ ਪੰਡਤਾਂ ਦੇ ਕਰਮ ਜਾਲ ਵਿਚੋਂ ਕੱਢ ਕੇ ਸਾਨੂੰ ਇਕ ਵਾਹਿਗੁਰੂ ਨਾਲ ਜੋੜਦੀ ਹੈ।੧੩੭।

ਕਬੀਰ ਕਾਲਿ ਕਰੰਤਾ ਅਬਹਿ ਕਰੁ, ਅਬ ਕਰਤਾ ਸੁ ਇਤਾਲ ॥ ਪਾਛੈ ਕਛੂ ਨ ਹੋਇਗਾ, ਜਉ ਸਿਰ ਪਰਿ ਆਵੈ ਕਾਲੁ ॥੧੩੮॥ ਕਬੀਰ

ਜੀ ਕਹਿੰਦੇ ਹਨ ਕਿ ਹੇ ਭਾਈ! ਜਿਹੜਾ ਸ਼ੁੱਭ ਕਰਮ (ਜਾਂ ਨਾਮ ਸਿਮਰਨ ਆਉਣ ਵਾਲੇ) ਕਲ੍ਹ ਨੂੰ ਕਰਨਾ ਹੈ, ਉਹ ਹੁਣੇ ਹੀ ਕਰ ਲੈ, ਜਿਹੜਾ ਹੁਣੇ ਕਰਨਾ ਹੈ, ਉਹ ਤਤਕਾਲ (ਬਹੁਤ ਛੇਤੀ) ਕਰ ਲੈ (ਦੇਰ ਨਾ ਕਰ)। ਜਦ ਸਿਰ ਤੇ ਕਾਲ ਆਉਂਦਾ ਹੈ (ਮੌਤ ਗ੍ਰਸ ਲਏਗੀ ਤਾਂ ਸਮਾਂ ਬੀਤ ਜਾਣ) ਪਿਛੋਂ ਕੁਛ ਨਹੀ ਹੋ ਸਕੇਗਾ।੧੩੮।

ਪਦਾਰਥ = ਕਾਲਿ-(ਆਉਣ ਵਾਲਾ) ਕਲ੍ਹ। ਕਰੰਤਾ-ਕਰਨਾ ਹੈ। ਅਬਹਿ-ਹੁਣੇ ਹੀ। ਅਬ-ਹੁਣ। ਸੁ ਇਤਾਲ-ਇਸੇ ਪਲ; ਛੇਤੀ। ਜਉ-ਜਦੋਂ। ਸਿਰ ਪਰਿ-ਸਿਰ ਉਪਰ। ਕਾਲੁ-ਮੌਤ।੧੩੮। ਅਜੁ ਕਲਿ ਕਰਦਿਆ ਕਾਲੁ ਬਿਆਪੈ, ਦੂਜੈ ਭਾਇ ਵਿਕਾਰੋ। (੫੮੧)

ਕਬੀਰ ਐਸਾ ਜੰਤੁ ਇਕੁ ਦੇਖਿਆ, ਜੈਸੀ ਧੋਈ ਲਾਖੁ ॥ ਦੀਸੈ ਚੰਚਲ ਬਹੁ ਗੁਨਾ, ਮਤਿ ਹੀਨਾ ਨਾਪਾਕ ॥੧੩੯॥ (ਇਕ ਪਖੰਡੀ ਨੂੰ ਦੇਖ ਕੇ) ਕਬੀਰ ਜੀ ਆਖਦੇ ਹਨ, ਮੈਂ ਇਕ ਐਸਾ ਦੰਭੀ ਮਨੁੱਖ ਦੇਖਿਆ, ਜਿਸ ਤਰ੍ਹਾਂ ਧੋਤੀ ਹੋਈ ਲਾਖ ਹੁੰਦੀ ਹੈ (ਜੋ ਬਾਹਰੋਂ ਚਮਕੀਲੀ ਪਰ ਵਿਚੋਂ ਕੱਚੀ ਤੇ ਛੇਤੀ ਟੁੱਟਣਹਾਰ)। ਉਹ ਚੰਚਲ ਤੇ ਬਾਹਰੋਂ ਬਹੁਤ ਗੁਣਵਾਨ ਦਿਖਾਈ ਦਿੰਦਾ ਸੀ, (ਪਰ ਪਰਖਣ ਤੇ) ਅੰਦਰੋਂ ਅਕਲ ਦਾ ਹੀਣਾ ਤੇ ਅਪਵਿਤ੍ਰ (ਦੁਸ਼ਟ) ਹੈ।੧੩੯।

ਪਦਾਰਥ = ਜੰਤੁ-ਮਨੁੱਖ। ਧੋਈ ਲਾਖੁ-ਧੋਤੀ ਲਾਖ (ਜੋ ਬਹੁਤ ਚਮਕਦੀ ਹੈ)। ਬਹੁ ਗੁਨਾ-ਬਹੁਤ ਗੁਣਵਾਨ। ਮਤਿ ਹੀਨਾ-ਮੂਰਖ; ਅਕਲ ਤੋਂ ਹੀਣ। ਨਾ ਪਾਕ-ਪਲੀਤ; ਅਪਵਿਤ੍ਰ।੧੩੯।

ਵਿਆਖਿਆ = ਇਕ ਪਖੰਡੀ ਬਾਹਰੋਂ ਨਹਾ ਧੋ ਕੇ ਬਣ ਠਣ ਕੇ ਰਿਹਾ ਕਰੇ। ਗਲ ਬਾਤ ਕਰਨ ਨੂੰ ਵੀ ਬੜਾ ਚਲਾਕ, ਦਿਖਾਵੇ ਮਾਤ੍ਰ ਪੂਜਾ ਪਾਠ ਵੀ ਕਰਦਾ, ਪਰ ਮਨ ਦਾ ਕਪਟੀ, ਵਿਸ਼ਈ ਸੀ ਉਸ ਬਾਰੇ ਭਗਤ ਜੀ ਨੇ ਸਲੋਕ ਉਚਾਰਿਆ ਹੈ।੧੩੯।

ਕਬੀਰ ਮੇਰੀ ਬੁਧਿ ਕਉ, ਜਮੁ ਨ ਕਰੈ ਤਿਸਕਾਰ ॥ ਜਿਨਿ ਇਹੁ ਜਮੂਆ ਸਿਰਜਿਆ, ਸੁ ਜਪਿਆ ਪਰਵਿਦਗਾਰ ॥੧੪੦॥ ਹੇ ਕਬੀਰ! ਮੇਰੀ ਬੁਧੀ ਨੂੰ ਜਮ ਨਿਰਾਦਰ ਨਹੀ ਕਰੇਗਾ (ਕਿ ਅਕਲ ਕਿਥੇ ਗਈ ਸੀ, ਭਜਨ ਨਹੀ ਕੀਤਾ)। ਜਿਸ ਨਿਰੰਕਾਰ ਨੇ ਇਸ ਜਮ ਨੂੰ ਪੈਦਾ ਕੀਤਾ ਹੈ, ਉਸ ਪਾਲਣ ਵਾਲੇ (ਪ੍ਰਭੂ) ਨੂੰ ਮੈਂ ਜਪਿਆ ਹੈ।੧੪੦।

ਪਦਾਰਥ = ਕਉ-ਨੂੰ। ਤਿਸਕਾਰ-ਨਿਰਾਦਰੀ। ਜਮੂਆ-ਜਮ। ਸਿਰਜਿਆ-ਪੈਦਾ ਕੀਤਾ ਹੈ। ਪਰਵਿਦਗਾਰ-ਪਾਲਣ ਵਾਲਾ ਪ੍ਰਭੂ।੧੪੦।

ਕਬੀਰ ਕਸਤੂਰੀ ਭਇਆ, ਭਵਰ ਭਏ ਸਭ ਦਾਸ ॥ ਹੇ ਕਬੀਰ! (ਵੱਡਾ ਪ੍ਰਭੂ) ਕਸਤੂਰੀ ਰੂਪ ਹੋਇਆ ਹੈ (ਭੌਰੇ ਸੁਗੰਧੀ ਦੇ ਪ੍ਰੇਮੀ ਹੁੰਦੇ ਹਨ, ਕਸਤੂਰੀ ਦੀ ਸੁਗੰਧੀ ਲੈਣ ਲਈ) ਸਾਰੇ ਸੇਵਕ ਭੌਰੇ ਬਣੇ ਹੋਏ ਹਨ।

ਅੰਗ ੧੩੭੨ = ਜਿਉ ਜਿਉ ਭਗਤਿ ਕਬੀਰ ਕੀ, ਤਿਉ ਤਿਉ ਰਾਮ ਨਿਵਾਸ ॥੧੪੧॥ ਜਿਵੇਂ ਜਿਵੇਂ ਉਹ ਦਾਸ ਮਹਾਨ ਕਬੀਰ (ਪ੍ਰਭੂ) ਦੀ ਭਗਤੀ ਕਰਦੇ ਹਨ ਤਿਵੇਂ ਤਿਵੇਂ (ਉਨ੍ਹਾਂ ਸੇਵਕਾਂ ਦੇ ਮਨਾਂ ਵਿਚ) ਪ੍ਰਭੂ ਦਾ ਵਾਸਾ ਹੁੰਦਾ ਜਾਂਦਾ ਹੈ (ਕਸਤੂਰੀ ਦੇ ਜਿਤਨੇ ਨੇੜੇ ਹੋਵੋ, ਉਤਨੀ ਹੀ ਉਸਦੀ ਮਹਿਕ ਤੁਹਾਡੇ ਅੰਦਰ ਵਸਦੀ ਜਾਂਦੀ ਹੈ); ਤਿਉਂ ਤਿਉਂ ਸੇਵਕ ਸਰਬ ਵਿਆਪੀ ਰਾਮ ਵਿਚ ਨਿਵਾਸ ਕਰਦੇ ਹਨ (ਸੰ. ਸ.; ਫ. ਸ.)।੧੪੧।

ਪਦਾਰਥ = ਕਸਤੂਰੀ-ਮ੍ਰਿਗ ਦੀ ਧੁੰਨੀ ਵਿਚੋਂ ਨਿਕਲੀ ਸੁਗੰਧੀ। ਭਇਆ-ਹੋਇਆ ਹੈ। ਭਏ-ਹੋਏ ਹਨ। ਭਵਰ-ਭੌਰੇ। ਦਾਸ-ਸੇਵਕ (ਸੰਤ ਜੋ ਦਾਸਾ ਭਾਵ ਰਖਦੇ ਹਨ)।੧੪੧।

ਵਿਆਖਿਆ = ਜਿਵੇਂ ਭੌਰਾ ਮਹਿਕ ਦਾ ਪ੍ਰੇਮੀ ਹੈ, ਤਿਵੇਂ ਸੇਵਕ ਹਰੀ ਦੇ ਪ੍ਰੇਮੀ ਹਨ। ਸਿਮਰਨ ਕਰਕੇ ਹਰੀ ਨਾਲ ਅਭੇਦ ਹੋ ਜਾਂਦੇ ਹਨ। ਸੇਵਕਾਂ ਨੂੰ ਹਰੀ ਤੋਂ ਕਸਤੂਰੀ ਵਾਂਗ ਮਹਿਕ ਆਉਂਦੀ ਹੈ।੧੪੧।

ਕਬੀਰ ਗਹਗਚਿ ਪਰਿਓ ਕੁਟੰਬ ਕੈ, ਕਾਂਠੈ ਰਹਿ ਗਇਓ ਰਾਮੁ ॥ ਆਇ ਪਰੇ ਧਰਮ ਰਾਇ ਕੇ, ਬੀਚਹਿ ਧੂਮਾ ਧਾਮ ॥੧੪੨॥ ਕਬੀਰ ਜੀ ਕਹਿੰਦੇ ਹਨ ਕਿ ਮਨੁੱਖ ਦਾ ਮਨ ਅਪਣੇ ਪ੍ਰਵਾਰ ਦੀ ਪਕੜ ਵਿਚ (ਬੁਰੀ ਤਰ੍ਹਾਂ) ਫਸਿਆ ਪਿਆ ਹੈ (ਚੂਨੇ ਦੀ ਪੱਕੀ ਪਕੜ ਵਾਂਗ), ਪਰ ਰਾਮ ਦਾ ਨਾਮ (ਕਿਨਾਰੇ) ਪਾਸੇ ਰਹਿ ਗਿਆ ਹੈ (ਸਿਮਰਨ ਵੱਲ ਧਿਆਨ ਨਹੀ। ਪ੍ਰਵਾਰ ਦੇ ਇਸ) ਰੌਣਕ ਮੇਲੇ (ਧੀਆਂ ਪੁਤ੍ਰਾਂ ਜਾਂ ਵਿਆਹ ਆਦਿਕ ਦੀਆਂ ਖੁਸੀਆਂ) ਵਿਚ ਹੀ ਧਰਮਰਾਜ ਦੇ ਭੇਜੇ ਦੂਤ ਆ ਪਏ (ਸਭ ਰੌਣਕਾਂ ਵਿਚੇ ਹੀ ਰਹਿ ਗਈਆਂ, ਕਿਸੇ ਨੂੰ ਪਤਾ ਹੀ ਨਾ ਲਗਣ ਦਿਤਾ)।੧੪੨।

ਪਦਾਰਥ = ਗਹਗਚਿ-ਗਹ+ਗਚਿ-ਚੂਨੇ ਵਰਗੀ ਪਕੜ; ਬਹੁਤ ਖਚਿਤ ਦਸ਼ਾ; ਘਮਸਾਨ। ਪਰਿਓ-ਪਿਆ ਹੋਇਆ ਹੈ। ਕੁਟੰਬ ਕੈ-ਪ੍ਰਵਾਰ ਦੇ। ਕਾਂਠੈ-ਕਿਨਾਰੇ; ਪਾਸੇ; ਲਾਂਭੇ। ਆਇ ਪਰੇ-ਆ ਪਏ। ਬੀਚਹਿ-ਵਿਚੇ ਹੀ; ਵਿਚਕਾਰ ਹੀ। ਬੀਚਹਿ-ਵਿਚ ਵਿਚਾਲੇ। ਧੂਮਾ ਧਾਮ-ਰੌਣਕ ਮੇਲਾ; ਵਿਆਹ ਆਦਿ ਦੀਆਂ ਖੁਸ਼ੀਆਂ ਮਨਾਉਂਦਿਆਂ ਹੋਇਆਂ; ਸ਼ੋਰ ਸ਼ਰਾਬਾ। ਡੰਡਰੌਲੀ।੧੪੨।

ਕਬੀਰ ਸਾਕਤ ਤੇ ਸੂਕਰ ਭਲਾ, ਰਾਖੈ ਆਛਾ ਗਾਉ ॥ ਉਹੁ ਸਾਕਤੁ ਬਪੁਰਾ ਮਰਿ ਗਇਆ, ਕੋਇ ਨ ਲੈ ਹੈ ਨਾਉ ॥੧੪੩॥ ਕਬੀਰ ਜੀ ਕਹਿੰਦੇ ਹਨ ਕਿ ਧਰਮ ਹੀਣ ਬੰਦੇ ਨਾਲੋਂ ਸੂਰ ਚੰਗਾ ਹੈ, ਜੋ (ਗੰਦ ਖਾ ਕੇ) ਸਾਰੇ ਪਿੰਡ ਨੂੰ ਸਾਫ ਰਖਦਾ ਹੈ। (ਸਾਕਤ ਗੰਦ ਫੈਲਾਉਂਦਾ ਹੈ) ਉਹ ਸਾਕਤ ਬਿਚਾਰਾ ਜਦ ਮਰ ਗਿਆ (ਲੋਕ ਕਹਿੰਦੇ ਹਨ, ਚੰਗਾ ਹੋਇਆ ਭੜੂਆ ਮਰ ਗਿਆ) ਮਗਰੋਂ ਕੋਈ ਨਾਂ ਹੀ ਨਹੀ ਲੈਂਦਾ (ਸਾਕਤ ਦਾ)।੧੪੪।

ਪਦਾਰਥ = ਸਾਕਤ ਤੇ-ਰੱਬ ਤੋਂ ਬੇਮੁਖ ਬੰਦੇ ਤੋਂ। ਸੂਕਰ-ਸੂਰ। ਭਲਾ-ਚੰਗਾ ਹੈ। ਆਛਾ-ਸਾਫ ਸੁਥਰਾ। ਗਾਉ-ਪਿੰਡ। ਬਪੁਰਾ-ਬਿਚਾਰਾ। ਕੋ-ਕੋਈ। ਨ ਲੈ ਹੈ-ਨਹੀਂ ਲੈਂਦਾ ਹੈ।੧੪੩।

ਕਬੀਰ ਕਉਡੀ ਕਉਡੀ ਜੋਰਿ ਕੈ, ਜੋਰੇ ਲਾਖ ਕਰੋਰਿ ॥ ਚਲਤੀ ਬਾਰ ਨ ਕਛੁ ਮਿਲਿਓ, ਲਈ ਲੰਗੋਟੀ ਤੋਰਿ ॥੧੪੪॥ ਕਬੀਰ ਜੀ ਕਹਿੰਦੇ ਹਨ ਕਿ (ਇਸ ਸੂਮ ਮਨੁੱਖ ਨੇ) ਕੌਡੀ ਕੌਡੀ ਜੋੜ ਕੇ ਲੱਖਾਂ ਕਰੋੜਾਂ (ਰੁਪਏ) ਜਮ੍ਹਾਂ ਕਰ ਲਏ ਹਨ। (ਪਰ ਅਫਸੋਸ, ਸੰਸਾਰ ਤੋਂ) ਚਲਣ ਵੇਲੇ (ਇਸ ਸੂਮ ਮਨੁੱਖ ਨੂੰ) ਕੁੱਛ ਵੀ ਨਹੀ ਮਿਲਿਆ, (ਸੱਗੋਂ ਅੰਤ ਵੇਲੇ ਘਰਦਿਆਂ ਨੇ) ਲੱਕ ਨਾਲੋਂ ਤੜਾਗੀ ਵੀ ਤੋੜ ਲਈ (ਪੁਰਾਣੇ ਬਜੁਰਗ ਅਪਣੇ ਰੁਪਏ ਲੰਗੋਟੀ ਵਿਚ ਛੁਪਾ ਕੇ ਰਖਦੇ ਸਨ, ਮਰਨ ਤੋਂ ਬਾਦ ਘਰ ਦੇ ਲੰਗੋਟੀ ਵੀ ਖੋਲ੍ਹ ਲੈਂਦੇ ਸਨ ਕਿ ਕਿਤੇ ਇਸ ਵਿਚ ਕਿਤੇ ਪੈਸੇ ਨਾ ਹੋਣ)।੧੪੪।

ਪਦਾਰਥ = ਕਉਡੀ-ਪਿਛਲੇ ਜਮਾਨੇ ਵਿਚ ਕੌਡੀਆਂ ਵੀ ਚਲਦੀਆਂ ਸਨ, ਇਕ ਪੈਸੇ ਵਿਚ ਕਈ ਕੌਡੀਆਂ ਹੁੰਦੀਆਂ ਸਨ। ਜੋਰਿ ਕੈ-ਜੋੜ (ਇਕੱਠੀ ਕਰ) ਕੇ। ਕਰੋਰਿ-ਕ੍ਰੋੜਾਂ ਹੀ। ਚਲਤੀ ਬਾਰ-ਅੰਤ ਚਲਣ ਵੇਲੇ। ਲੰਗੋਟੀ-ਤੜਾਗੀ; ਨੰਗ ਢਕਣ ਵਾਲਾ ਕਪੜਾ। ਤੋਰਿ-ਤੋੜ ਲਈ।੧੪੪।

ਕਬੀਰ ਬੈਸਨੋ ਹੂਆ ਤ ਕਿਆ ਭਇਆ, ਮਾਲਾ ਮੇਲੀਂ ਚਾਰਿ ॥ ਬਾਹਰਿ ਕੰਚਨੁ ਬਾਰਹਾ, ਭੀਤਰਿ ਭਰੀ ਭੰਗਾਰ ॥੧੪੫॥ ਕਬੀਰ ਜੀ ਇਕ ਪਖੰਡੀ ਵੈਸ਼ਨਵ ਨੂੰ ਆਖ ਰਹੇ ਹਨ, ਹੇ ਭਾਈ! ਜੇ ਤੂੰ ਵੈਸ਼ਨਵ ਬਣ ਗਿਆ ਹੈਂ ਤਾਂ ਕੀ ਹੋਇਆ ਤੇ ਚਾਰ ਤਰ੍ਹਾਂ ਦੀਆਂ ਮਾਲਾਂ (ਸੁੰਦਰ ਮਾਲਾ) ਪਾ ਲਈਆਂ ਹਨ। ਬਾਹਰੋਂ ਤਾਂ ਬਾਰਾਂ ਵੰਨੀ ਦੇ ਸੋਨੇ ਵਾਂਗ ਸੁੰਦਰ ਦਿਖਾਈ ਦੇਂਦਾ ਹੈਂ, ਪਰ ਅੰਦਰੋਂ (ਇਉਂ ਹੈਂ, ਜਿਵੇਂ) ਲਾਖ ਭਰੀ ਹੁੰਦੀ ਹੈ (ਬਾਹਰੋਂ ਦੇਖਣ ਨੂੰ ਬੜਾ ਭਗਤ ਦਿਖਦਾ ਹੈ, ਪਰ ਵਿਚੋਂ ਕਪਟੀ ਹੈ) ਕਈ ਗਹਿਣਿਆਂ ਵਿਚ ਲਾਖ ਭਰੀ ਹੁੰਦੀ ਹੈ, ਉਨ੍ਹਾਂ ਵਲ ਇਸ਼ਾਰਾ ਹੈ ਕਿ ਜਿਵੇਂ ਗਹਿਣਾ ਬਾਹਰੋਂ ਦੇਖਣ ਨੂੰ ਸੋਹਣਾ ਲੱਗੇ ਪਰ ਵਿਚ ਲਾਖ ਭਰੀ ਹੋਈ ਹੋਵੇ।੧੪੫।

ਪਦਾਰਥ = ਬੈਸਨੋ-ਵੈਸ਼ਨਵ ਸਾਧੂ। ਤ-ਤਾਂ। ਕਿਆ ਭਇਆ-ਕੀ ਹੋਇਆ। ਮਾਲਾ ਮੇਲੀਂ ਚਾਰਿ-ਚਾਰ ਕਿਸਮਾਂ ਦੀਆਂ ਮਾਲਾਂ ਪਹਿਨ ਲਈਆਂ (ਤੁਲਸੀ, ਚੰਦਨ, ਕਾਲੇ ਫਲ ਦੀ ਤੇ ਕਾਲੀ ਉਨ ਦੀ; ਗਲ ਵਿਚ ਸੁੰਦਰ ਮਾਲਾਂ ਪਾ ਲਈਆਂ)। ਕੰਚਨੁ-ਸੋਨਾ। ਬਾਰਹਾ-ਬਾਰਾਂ ਵੰਨੀ ਦਾ (ਸ਼ੁੱਧ)। ਭੀਤਰਿ-ਦਿਲ ਦੇ ਅੰਦਰ। ਭੰਗਾਰ-ਲਾਖ; ਰਾਲ (ਵਾਸ਼ਨਾ ਦੀ ਮੈਲ)।੧੪੫।

ਕਬੀਰ ਰੋੜਾ ਹੋਇ ਰਹੁ ਬਾਟ ਕਾ, ਤਜਿ ਮਨ ਕਾ ਅਭਿਮਾਨੁ ॥ ਐਸਾ ਕੋਈ ਦਾਸੁ ਹੋਇ, ਤਾਹਿ ਮਿਲੈ ਭਗਵਾਨੁ ॥੧੪੬॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਮਨ ਦੇ ਅਭਿਮਾਨ ਨੂੰ ਛਡ ਕੇ ਰਸਤੇ ਦਾ ਰੋੜਾ ਬਣ ਕੇ ਰਹਿ (ਨਿਮ੍ਰਤਾ ਧਾਰ ਲੈ)। ਜੇ ਕੋਈ ਇਸ ਤਰ੍ਹਾਂ ਦਾ ਸੇਵਕ ਬਣ ਜਾਵੇ, ਉਸ ਨੂੰ ਭਗਵਾਨ ਮਿਲ ਜਾਂਦਾ ਹੈ।੧੪੬।

ਪਦਾਰਥ = ਹੋਇ ਰਹੁ-ਬਣ ਕੇ ਰਹੁ। ਬਾਟ ਕਾ-ਰਸਤੇ ਦਾ। ਤਜਿ-ਛਡ ਕੇ। ਤਾਹਿ-ਉਸ ਨੂੰ।੧੪੬।

ਕਬੀਰ ਰੋੜਾ ਹੂਆ ਤ ਕਿਆ ਭਇਆ, ਪੰਥੀ ਕਉ ਦੁਖੁ ਦੇਇ ॥ ਐਸਾ ਤੇਰਾ ਦਾਸੁ ਹੈ, ਜਿਉ ਧਰਨੀ ਮਹਿ ਖੇਹ ॥੧੪੭॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! (ਜੇ ਤੂੰ ਰਸਤੇ ਦਾ) ਰੋੜਾ ਹੋ ਗਿਆ ਤਾਂ ਕੀ ਹੋਇਆ (ਕਿਉਂਕਿ ਰੋੜਾ ਬਣ ਕੇ ਰਸਤੇ ਤੇ ਚਲਣ ਵਾਲੇ) ਰਾਹੀਆਂ ਨੂੰ ਦੁਖ ਦੇਣ ਲਗ ਪਿਆ ਹੈਂ। (ਹੇ ਪ੍ਰਭੂ!) ਤੇਰਾ ਸੇਵਕ ਅਜੇਹਾ ਹੋਣਾ ਚਾਹੀਦਾ ਹੈ, ਜਿਵੇਂ ਧਰਤੀ ਵਿਚ ਧੂੜ ਹੁੰਦੀ ਹੈ (ਰੋੜਾ ਪੈਰਾਂ ਵਿਚ ਚੁਭਦਾ ਹੈ, ਚੱਲਣ ਵੇਲੇ ਠੋਕਰ ਵਜਣ ਨਾਲ ਪੈਰ ਵਿਚ ਸੱਟ ਵਜਦੀ ਹੈ। ਖੇਹ ਬਰੀਕ ਅਤੇ ਨਰਮ ਹੁੰਦੀ ਹੈ, ਚੱਲਣ ਵੇਲੇ ਪੈਰਾਂ ਨੂੰ ਤਕਲੀਫ ਨਹੀ ਹੁੰਦੀ)।੧੪੭।

ਪਦਾਰਥ = ਤ-ਤਾਂ। ਕਿਆ ਭਇਆ-ਕੀ ਹੋਇਆ। ਪੰਥੀ ਕਉ-ਰਾਹੀਆਂ ਨੂੰ। ਧਰਨੀ-ਧਰਤੀ। ਖੇਹ-ਮਿੱਟੀ-ਧੂੜ।੧੪੭।

ਕਬੀਰ ਖੇਹ ਹੂਈ ਤਉ ਕਿਆ ਭਇਆ, ਜਉ ਉਡਿ ਲਾਗੈ ਅੰਗ ॥ ਹਰਿ ਜਨੁ ਐਸਾ ਚਾਹੀਐ, ਜਿਉ ਪਾਨੀ ਸਰਬੰਗ ॥੧੪੮॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਤੂੰ ਜੇ ਖੇਹ ਹੋ ਗਿਆ ਹੈਂ, ਤਾਂ ਕੀ ਹੋਇਆ, ਜੋ ਉਡ ਕੇ (ਕਿਸੇ ਦੇ) ਅੰਗਾਂ ਨੂੰ ਲਗਦੀ ਹੈ। ਹਰੀ ਦਾ ਸੇਵਕ ਅਜੇਹਾ ਚਾਹੀਦਾ ਹੈ, ਜਿਵੇਂ ਪਾਣੀ ਸਰਬ ਰੂਪ ਹੋ ਜਾਂਦਾ ਹੈ।੧੪੮।

ਪਦਾਰਥ = ਖੇਹ-ਮਿੱਟੀ; ਧੂੜ। ਜਉ-ਜੋ। ਅੰਗ-(ਸਰੀਰ ਦੇ) ਅੰਗਾਂ ਨੂੰ। ਸਰਬੰਗ-ਸਭ ਵਿਚ ਮਿਲ ਜਾਂਦਾ ਹੈ।੧੪੮।

ਕਬੀਰ ਪਾਨੀ ਹੂਆ ਤ ਕਿਆ ਭਇਆ, ਸੀਰਾ ਤਾਤਾ ਹੋਇ ॥ ਹਰਿ ਜਨੁ ਐਸਾ ਚਾਹੀਐ, ਜੈਸਾ ਹਰਿ ਹੀ ਹੋਇ ॥੧੪੯॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਜੇ ਪਾਣੀ ਹੋ ਗਿਆ ਤਾਂ ਕੀ ਹੋਇਆ (ਕਿਉਂਕਿ ਪਾਣੀ ਕਦੇ) ਠੰਢਾ ਤੇ (ਕਦੇ) ਗਰਮ ਹੋ ਜਾਂਦਾ ਹੈ। ਹਰੀ ਦਾ ਸੇਵਕ ਅਜੇਹਾ ਹੋਣਾ ਚਾਹੀਦਾ ਹੈ, ਜਿਸ ਤਰ੍ਹਾਂ ਦਾ ਹਰੀ ਆਪ ਹੈ (ਸੇਵਕ ਵਿਚ ਹਰੀ ਵਰਗੇ ਗੁਣ ਹੋਣ)।੧੪੯।

ਪਦਾਰਥ = ਤ-ਤਾਂ। ਕਿਆ ਭਇਆ-ਕੀ ਹੋਇਆ। ਸੀਰਾ-ਸੀਤਲ। ਤਾਤਾ-ਤੱਤਾ। ਹਰਿ ਜਨੁ-ਹਰੀ ਦਾ ਸੇਵਕ।੧੪੯।

ਭਾਵ ਅਰਥਃ- (੧) ਹੇ ਭਾਈ! ਮਨ ਦੇ ਹੰਕਾਰ ਨੂੰ ਛਡ ਕੇ ਪ੍ਰਮਾਰਥ ਦੇ ਰਸਤੇ ਦਾ ਰੋੜਾ ਬਣ ਜਾ। ਜਿਵੇਂ ਰੋੜਾ ਹਰੇਕ ਦੇ ਠੁੱਡਿਆਂ ਨੂੰ ਸਹਿੰਦਾ ਹੈ, ਤਿਵੇਂ ਤੂੰ ਵੀ ਲੋਕਾਂ ਦੇ ਬੋਲ ਕੁਬੋਲ ਸਹਾਰ। ਜੇ ਕਠੋਰ ਬਚਨ ਕੋਈ ਬੋਲੇ ਤਾਂ ਸ਼ਾਂਤ ਰਹੁ। ਅਜੇਹਾ ਕੋਈ ਦਾਸ ਹੋਵੇ ਤਾਂ ਉਸਨੂੰ ਭਗਵਾਨ ਮਿਲਦਾ ਹੈ। (੨) ਜੇ ਬੋਲ ਕੁਬੋਲ ਰੂਪ ਠੋਕਰਾਂ ਖਾਣ ਵਾਲਾ ਵੀ ਹੋ ਗਿਆ, ਤਾ ਕੀ ਹੋਇਆ। ਸੰਤਾਂ ਦੇ ਮੱਤ ਨੂੰ ਤਰਕ ਕਰੀ

ਜਾਂਦਾ ਹੈ, ਹੋਰਨਾਂ ਦੇ ਭੇਖ ਦਾ ਬਿਨਾ ਵਜ੍ਹਾ ਖੰਡਨ ਕਰਦਾ ਹੈ, ਧਾਰਮਿਕ ਬਹਿਸਾਂ ਕਰ ਕੇ ਧਰਮ ਦੇ ਰਸਤੇ ਚਲਣ ਵਾਲਿਆਂ ਨੂੰ ਦੁਖ ਦੇਂਦਾ ਹੈ। ਰੋੜੇ ਵਾਂਗ ਮਨ ਦਾ ਕਠੋਰ ਰਿਹਾ। ਸੇਵਕ ਨੂੰ ਸਭ ਦੀ ਧੂੜ ਹੋ ਜਾਣਾ ਚਾਹੀਦਾ ਹੈ, ਧੂੜ ਵਾਂਗ ਨਰਮ ਹੋ ਜਾ। (੩) ਪਰ ਧੂੜ ਦੇ ਨਿੱਕੇ ਕਿਣਕਿਆਂ ਵਾਂਗ ਅਜੇ ਵੀ ਮਨ ਵਿਚ ਸੂਖਮ ਹੰਕਾਰ ਹੈ, ਜੋ ਉਡ ਕੇ ਕਿਸੇ ਦੇ ਅੰਗਾਂ ਨੂੰ ਲਗਦੀ ਹੈ ਭਾਵ ਹੰਕਾਰ ਵਿਚ ਵੱਡਾ ਹੋ ਕੇ ਗਰੀਬਾਂ ਨੂੰ ਦੁੱਖ ਦੇਂਦਾ ਹੈ, (ਹੋਰ ਨੀਵਾਂ ਹੋ ਜਾ)। ਸੇਵਕ ਤਾਂ ਪਾਣੀ ਵਾਂਗ ਸਭ ਨਾਲ ਮਿਲ ਜਾਣ ਜਾਂ ਇਕੋ ਜਿਹੋ ਵਰਤਾਓ ਕਰਨ ਵਾਲੇ ਸੁਭਾਵ ਦਾ ਹੋਣਾ ਚਾਹੀਦਾ ਹੈ। ਜੈਸਾ ਕੋਈ ਮਿਲੇ, ਉਸ ਵਰਗਾ ਹੀ ਹੋ ਕੇ ਸਮਾਂ ਕੱਟ ਲਵੇ। ਸਭ ਨਾਲ ਮੇਲ ਜੋਲ ਰੱਖੇ। (੪) ਜੇ ਪਾਣੀ ਵਰਗਾ ਵੀ ਹੋ ਗਿਆ, ਇਹ ਵੀ ਠੀਕ ਨਹੀ, ਕਿਉਂਕਿ ਬੁਰੇ ਨਾਲ ਬੁਰਾ, ਚੰਗੇ ਨਾਲ ਚੰਗਾ (ਤਮੋ ਬ੍ਰਿਤੀ ਵਾਲੇ ਨਾਲ ਮਿਲ ਕੇ ਤੱਤਾ ਤੇ ਸਤੋ ਬ੍ਰਿਤੀ ਵਾਲੇ ਨਾਲ ਮਿਲਕੇ ਠੰਢਾ ਹੋ ਜਾਂਦਾ ਹੈ)। ਇਸ ਕਰਕੇ ਹਰੀ ਦਾ ਸੇਵਕ ਹਰੀ ਵਰਗਾ ਹੀ ਹੋਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਜਪੁ ਜੀ ਦੇ ਪੰਜ ਖੰਡਾਂ ਵਾਂਗ ਕਬੀਰ ਜੀ ਦੇ ਇਹ ਚਾਰ ਸਲੋਕ ਪਰਮਪਦ ਤੇ ਪਹੁੰਚਣ ਦੇ ਚਾਰ ਪੜਾ ਹਨ, ਇਨ੍ਹਾਂ ਪੜਾਵਾਂ ਤੇ ਚਲ ਕੇ ਮਨੁੱਖ ਹਰੀ ਨਾਲ ਅਭੇਦ ਹੋ ਜਾਂਦਾ ਹੈ। ੧੪੯।

ਊਚ ਭਵਨ ਕਨ ਕਾਮਨੀ, ਸਿਖਰਿ ਧਜਾ ਫਹਰਾਇ ॥ ਤਾ ਤੇ ਭਲੀ ਮਧੂਕਰੀ, ਸੰਤ ਸੰਗ ਗੁਨ ਗਾਇ ॥੧੫੦॥ ਹੇ ਭਾਈ! (ਮਨੁੱਖ ਕੋਲ) ਉਚੇ ਘਰ ਹੋਣ, ਸੋਨਾ (ਸੋਨੇ ਦੇ ਗਹਿਣਿਆਂ ਨਾਲ ਸਜੀਆਂ) ਸੁੰਦਰ ਇਸਤ੍ਰੀਆਂ ਹੋਣ, ਘਰਾਂ ਦੇ ਸਿਖਰ ਤੇ ਝੰਡੇ ਵੀ ਝੂਲਦੇ ਹੋਣ। ਉਸ (ਐਸ਼੍ਵਰਜ ਤੇ ਨਾਮ ਹੀਣ ਜੀਵਨ) ਨਾਲੋਂ ਤਾਂ ਭੀਖ ਦੀ ਮੰਗੀ ਰੋਟੀ ਚੰਗੀ ਹੈ, ਜੇ ਸੰਤਾਂ ਨਾਲ ਮਿਲ ਕੇ ਹਰੀ ਦੇ ਗੁਣ ਗਾਏ ਜਾਣ (ਨਾਮ ਸਿਮਰਨ ਬਿਨਾ ਐਸ਼ ਦਾ ਜੀਵਨ ਨਿਕੰਮਾ ਹੈ)। ੧੫੦।

ਪਦਾਰਥ = ਊਚ-ਉਚੇ। ਭਵਨ-ਘਰ; ਮਹਿਲ। ਕਨ-ਸੋਨਾ; ਅਨਾਜ; ਧਨ। ਕਾਮਨੀ-ਇਸਤ੍ਰੀ। ਸਿਖਰਿ-ਚੋਟੀ ਉਤੇ। ਧਜਾ-ਝੰਡਾ। ਫਹਰਾਇ-ਝੂਲਦਾ ਹੋਵੇ। ਤਾ ਤੇ-ਉਸ ਨਾਲੋਂ। ਭਲੀ-ਚੰਗੀ। ਮਧੂਕਰੀ-ਭੀਖ ਦੀ ਮੰਗੀ ਰੋਟੀ। ਸੰਤ ਸੰਗ-ਸੰਤਾਂ ਨਾਲ ਮਿਲ ਕੇ। ੧੫੦।

ਕਬੀਰ ਪਾਟਨ ਤੇ ਊਜਰੁ ਭਲਾ, ਰਾਮ ਭਗਤ ਜਿਹ ਠਾਇ ॥ ਰਾਮ ਸਨੇਹੀ ਬਾਹਰਾ, ਜਮ ਪੁਰੁ ਮੇਰੇ ਭਾਂਇ ॥੧੫੧॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਉਸ ਸ਼ਹਿਰ (ਵਿਚ ਰਹਿਣ) ਨਾਲੋਂ ਉਜਾੜ ਚੰਗਾ ਹੈ, ਜਿਸ ਥਾਂ ਤੇ ਰਾਮ (ਵਾਹਿਗੁਰੂ) ਦੇ ਭਗਤ (ਵਸਦੇ ਹੋਣ)। ਰਾਮ ਦੇ ਪ੍ਰੇਮੀ (ਭਗਤਾਂ) ਤੋਂ ਬਿਨਾ (ਜੋ ਸ਼ਹਿਰ ਹੈ) ਉਹ ਮੇਰੇ ਭਾਣੇ ਜਮ ਪੁਰੀ (ਨਰਕ ਵਰਗਾ) ਹੈ। ੧੫੧।

ਪਦਾਰਥ = ਪਾਟਨ-ਸ਼ਹਿਰ। ਊਜਰੁ-ਉਜਾੜ। ਭਲਾ-ਚੰਗਾ। ਜਿਹ ਠਾਇ-ਜਿਸ ਥਾਂ। ਸਨੇਹੀ-ਪ੍ਰੇਮੀ। ਬਾਹਰਾ-ਬਿਨਾ; ਖਾਲੀ। ਜਮ ਪੁਰ-ਨਰਕ। ਮੇਰੇ ਭਾਂਇ-ਮੇਰੇ ਭਾਣੇ; ਮੇਰੇ ਖਿਆਲ ਵਿਚ ਜਾਂ ਮੇਰੇ ਵਿਚਾਰ ਅਨੁਸਾਰ। ੧੫੧।

ਵਿਆਖਿਆ = ਜਿਸ ਸ਼ਹਿਰ ਵਿਚ ਕੋਈ ਗੁਰਮੁਖ ਨਾ ਰਹਿੰਦਾ ਹੋਵੇ ਅਤੇ ਕੁਕਰਮ ਹੁੰਦੇ ਹੋਣ, ਉਸ ਸ਼ਹਿਰ ਨਾਲੋਂ ਉਜਾੜ ਚੰਗੀ ਹੈ ਜਿਥੇ ਪ੍ਰਭੂ ਦੇ ਪਿਆਰੇ ਬੈਠ ਕੇ ਹਰੀ ਗੁਣ ਗਾਉਂਦੇ ਹਨ {ਜਿਥੈ ਬੈਸਨਿ ਸਾਧ ਜਨ, ਸੋ ਥਾਨੁ ਸੋਹੰਦਾ ੩੧੯}। ੧੫੧।

ਕਬੀਰ ਗੰਗ ਜਮੁਨ ਕੇ ਅੰਤਰੇ, ਸਹਜ ਸੁੰਨ ਕੇ ਘਾਟ ॥ ਤਹਾ ਕਬੀਰੈ ਮਟੁ ਕੀਆ, ਖੋਜਤ ਮੁਨਿ ਜਨ ਬਾਟ ॥੧੫੨॥ ਹੇ ਕਬੀਰ! ਗੰਗਾ ਜਮਨਾ (ਤੇ ਸਰਸੁਤੀ) ਦੇ ਮੇਲ ਵਿਚ (ਤ੍ਰਿਬੇਣੀ ਵਿਚ) ਇਕ ਅਫੁਰ ਤੇ ਸਹਜ ਅਵਸਥਾ ਵਾਲਾ ਸਥਾਨ ਹੈ। ਉਸ ਜਗ੍ਹਾ ਤੇ ਕਬੀਰ (ਜੀ) ਨੇ ਨਿਵਾਸ ਸਥਾਨ ਬਣਾਇਆ ਹੈ, (ਜਿਸ ਸਥਾਨ ਨੂੰ ਪਾਉਣ ਦਾ) ਰਿਸ਼ੀ ਮੁਨੀ ਜਨ ਰਸਤਾ ਲੱਭਦੇ ਹਨ। ੧੫੨।

ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ। (੧੧੦੯)। ਨਾਨਕ ਧੂੜਿ ਪੁਨੀਤ ਸਾਧ, ਲਖ ਕੋਟਿ ਪਿਰਾਗੇ। (੩੨੨)। ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ। (੯੮੬)। ਪ੍ਰਾਗ ਇਸਨਾਨੇ। ਤਉ ਨ ਪੁਜਹਿ ਹਰਿ ਕੀਰਤਿ ਨਾਮਾ। (੮੭੩) ਗੰਗਾ ਜਮੁਨਾ ਸਰਸੁਤੀ ਦਾ ਸੰਗਮ ਮਨੁੱਖ ਦੇ ਅੰਦਰ ਹੈ, ਜੋ ਕਿ ਮਾਯਾ ਦੇ ਬੰਧਨਾਂ ਤੋਂ ਮੁਕਤ ਹੋ ਕੇ ਹਰੀ ਜਪ ਕੇ ਪ੍ਰਗਟ ਹੁੰਦਾ ਹੈ। ਗੁਰਮੱਤ ਅਨੁਸਾਰ ਹਰੇਕ ਸੁਆਸ ਨਾਲ ਹਰੀ ਨੂੰ ਜਪਣਾ ਹੀ ਸੁਖਮਨਾ ਨਾੜੀ ਦਾ ਅਭਿਆਸ ਹੈ {ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ। ...ਉਲਟੀ ਗੰਗਾ ਜਮੁਨ ਮਿਲਾਵਉ। ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ। (੩੨੭)। ਸੰਸਾਰ ਵੱਲੋਂ ਮਨ ਦੀ ਬਿਰਤੀ ਉਲਟਾ ਦੇਣਾ, ਨਾਮ ਜਪਣਾ, ਬ੍ਰਹਮ ਗਿਆਨ ਦੀ ਪ੍ਰਾਪਤੀ, ਏਹੀ ਗੰਗਾ ਜਮੁਨਾ ਸਰਸੁਤੀ ਦਾ ਮੇਲ ਹੈ (ਅੰਦਰਲੀ ਤ੍ਰਿਬੇਣੀ ਵਿਚ ਇਸ਼ਨਾਨ ਹੈ) ਜੋਗੀਆਂ ਦੀ ਇੜਾ ਪਿੰਗਲਾ ਤੇ ਸੁਖਮਨਾ ਵਾਲੀ ਤ੍ਰਿਬੇਣੀ ਵਿਚ ਨਹੀ। ਸੋ ਕਬੀਰ ਜੀ ਆਖਦੇ ਹਨ, ਇਸ ਤਰ੍ਹਾਂ ਹਰੀ ਜਪ ਕੇ ਮਨ ਦੇ ਉਸ ਅਡੋਲ ਅਤੇ ਅਫੁਰ ਟਿਕਾਣੇ ਤੇ ਪੁਜ ਗਿਆ ਹਾਂ, ਜਿਥੇ ਮਾਇਕ ਪਦਾਰਥਾਂ ਦੇ ਫੁਰਨੇ ਨਹੀ (ਮੇਰੇ ਲਈ ਸਮਝ ਲਵੋ) ਇਹ ਸਥਾਨ ਹੀ ਤ੍ਰਿਬੈਣੀ ਦਾ ਸੰਗਮ ਹੈ (ਹਰੀ ਜਾਪ ਨਾਲ ਤ੍ਰਿਬੇਣੀ, ਸਹਜ, ਸੁੰਨ ਸਭ ਅੰਤਰ ਆਤਮੇ ਸਥਾਨ ਤੇ ਹੀ ਪ੍ਰਗਟ ਹੋ ਗਏ ਹਨ)।

ਪਦਾਰਥ = ਗੰਗ-ਇੜਾ। ਜਮੁਨ-ਪਿੰਗਲਾ (ਅੰਤਹ ਕਰਣ ਵਿਖੇ ਤ੍ਰਿਬੇਣੀ ਰੂਪ ਤੀਰਥ)। ਅੰਤਰੇ-ਵਿਚ। ਸਹਜ ਸੁੰਨ-ਮਨ ਦੀ ਟਿਕਾਉ ਤੇ ਫੁਰਨਿਆਂ ਤੋਂ ਰਹਿਤ ਅਵਸਥਾ। ਘਾਟ-ਸਥਾਨ। ਤਹਾ-ਉਥੇ। ਮਟੁ-ਜੋਗੀਆਂ ਦਾ ਮਠ (ਜਿਥੇ ਬੈਠ ਕੇ ਅਭਿਆਸ ਕਰਦੇ ਹਨ); ਨਿਵਾਸ ਸਥਾਨ। ਕੀਆ-ਬਣਾਇਆ ਹੈ। ਮੁਨਿ ਜਨ-ਰਿਸ਼ੀ ਮੁਨੀ। ਬਾਟ-ਰਸਤਾ। ੧੫੨।

ਵਿਆਖਿਆ = ਜੋਗੀਆਂ ਦੀ ਬੋਲੀ ਵਿਚ ਕਬੀਰ ਜੀ ਨੇ ਅੰਤਰ ਆਤਮਾ ਦੇ ਉਸ ਅਸਥਾਨ ਦਾ ਵਰਨਣ ਕੀਤਾ ਹੈ, ਜਿਥੇ ਪੁਜ ਕੇ ਭਗਤ ਜਨ ਹਰੀ ਮਿਲਾਪ ਦਾ ਅਨੰਦ ਮਾਣਦੇ ਹਨ। ਜੋਗੀਆਂ ਦੀ ਬੋਲੀ ਵਿਚ ਇਹ ਜਗਾ ਦਸਮ ਦੁਆਰ ਹੈ। ੧੫੨।

ਕਬੀਰ ਜੈਸੀ ਉਪਜੀ ਪੇਡ ਤੇ, ਜਉ ਤੈਸੀ ਨਿਬਹੈ ਓੜਿ ॥ ਹੀਰਾ ਕਿਸ ਕਾ ਬਾਪੁਰਾ, ਪੁਜਹਿ ਨ ਰਤਨ ਕਰੋੜਿ ॥੧੫੩॥ ਕਬੀਰ ਜੀ ਆਖਦੇ ਹਨ ਕਿ ਜਿਸ ਤਰ੍ਹਾਂ ਬੂਟੇ ਦੀ ਲਗਰ (ਟਾਹਣੀ) ਮੁੱਢ ਤੋਂ ਪੈਦਾ ਹੋਈ ਹੈ, ਜੇ ਓੜਕ (ਅੰਤ) ਤਕ ਉਸੇ ਤਰ੍ਹਾਂ (ਸਾਫ ਤੇ ਸਿਧੀ) ਨਿਭ ਜਾਵੇ (ਬਣੀ ਰਹੇ) ਭਾਵ ਹਨ੍ਹੇਰੀਆਂ ਵਿਚ ਟੁੱਟਣ ਤੋਂ ਬਚਿਆ ਰਹੇ, ਅੰਤ ਤਕ ਉਹੋ ਜਿਹਾ ਹੀ ਰਹੇ, ਜਿਹੋ ਜਿਹਾ ਉਗਿਆ ਸੀ। ਕਿਸੇ ਦਾ ਹੀਰਾ ਵਿਚਾਰਾ (ਕਿਸ ਗਿਣਤੀ ਵਿਚ ਹੈ?) ਉਸਦੇ ਬਰਾਬਰ ਤਾਂ ਕ੍ਰੋੜਾਂ ਰਤਨ ਵੀ ਨਹੀ ਪੁਜ ਸਕਦੇ।

ਦੂਜਾ ਅਰਥ = (ਪ੍ਰੀਤ ਦਾ ਵੀ ਕੀਤਾ ਜਾਂਦਾ ਹੈ)। ਵੈਰਾਗਵਾਨ ਨੂੰ ਜੈਸੀ ਹਰੀ ਦੀ ਪ੍ਰੀਤ ਮੁੱਢ (ਸ਼ੁਰੂ) ਤੋਂ ਉਪਜੀ ਹੈ, ਜੇ ਉਹ ਪ੍ਰੀਤ ਅੰਤ ਤਕ ਉਸੇ ਤਰ੍ਹਾਂ ਨਿਭ ਜਾਵੇ (ਜਾਂ ਜਿਸ ਤਰ੍ਹਾਂ ਨਾਮ ਸਿਮਰਨ ਦੀ ਲਗਨ ਮੁਢ ਤੋਂ ਉਪਜੀ ਸੀ, ਜੇ ਅੰਤ ਤਕ ਉਹੋ ਜਿਹੀ ਹੀ ਨਿਭ ਜਾਵੇ ਭਾਵ ਬਣੀ ਰਹੇ)। ਤਾਂ ਹੀਰਾ ਵਿਚਾਰਾ ਕਿਸ ਦਾ (ਕੀ ਚੀਜ) ਹੈ? ਕ੍ਰੋੜਾਂ ਰਤਨ ਉਸ ਦੇ ਤੁਲ ਨਹੀਂ ਪੁਜ ਸਕਦੇ। (ਮਾਤਾ ਦੇ ਉਦਰ ਰੂਪ ਪੇਡ (ਰੁੱਖ) ਤੋਂ ਜਿਸ ਤਰ੍ਹਾਂ ਦੇਹ ਰੂਪ ਲਗਰ ਪੈਦਾ ਹੋਈ ਸੀ, ਜੇ ਉਸੇ ਤਰ੍ਹਾਂ ਕੋਮਲਤਾ, ਨਿਰਛੱਲਤਾ (ਜਿਵੇਂ ਬੱਚੇ ਦਾ ਸੁਭਾਵ ਹੁੰਦਾ ਹੈ) ਕਪਟ ਤੇ, ਵਿਸ਼ਿਆਂ ਤੋਂ ਰਹਿਤ ਸਲਾਮਤ ਗੁਣਾਂ ਸੰਯੁਕਤ ਅਖੀਰ ਤਕ ਨਿਭ ਜਾਵੇ (ਅੰਤ ਤਕ ਉਸੇ ਤਰ੍ਹਾਂ ਰਹੇ, ਜਿਸ ਤਰ੍ਹਾਂ ਦਾ ਪੈਦਾ ਹੋਇਆ ਸੀ), ਤਾਂ ਹੀਰਾ ਵਿਚਾਰਾ ਕਿਸ ਕੀਮਤ ਦਾ ਹੈ? ਕ੍ਰੋੜਾਂ ਰਤਨ ਵੀ ਉਸਦੇ ਤੁੱਲ ਨਹੀ ਪੁਜਦੇ)।੧੫੩।

ਪਦਾਰਥ = ਉਪਜੀ–ਪੈਦਾ ਹੋਈ। ਪੇਡੁ ਤੇ–ਮੁੱਢ (ਸ਼ੁਰੂ) ਤੋਂ। ਜਉ–ਜੇ। ਨਿਬਹੈ–ਨਿਭ ਜਾਵੇ; ਜਿਹੋ ਜਿਹੀ ਪੈਦਾ ਹੋਈ ਸੀ, ਉਹੋ ਜਿਹੀ ਹੀ ਬਣੀ ਰਹੇ। ਓੜਿ–ਅੰਤ ਤਕ। ਬਾਪੁਰਾ–ਬਿਚਾਰਾ। ਪੁਜਹਿ–ਨਹੀਂ ਪੁਜ ਸਕਦੀ।੧੫੩।

ਵਿਆਖਿਆ = ਆਮ ਤੌਰ ਤੇ ਕੋਈ ਵੀ ਚੀਜ ਜੈਸੀ ਪੈਦਾ ਹੁੰਦੀ ਹੈ, ਉਹੋ ਜਿਹੀ ਪੁਰਾਣੀ ਹੋ ਕੇ ਨਹੀ ਰਹਿੰਦੀ, ਫਰਕ ਪੈ ਜਾਂਦਾ ਹੈ। ਕਿਉਂਕਿ ਪੈਦਾ ਹੋਣ ਤੋਂ ਬਾਦ ਕਈ ਮੁਸ਼ਕਲਾਂ ਆ ਜਾਂਦੀਆਂ ਹਨ। ਬੱਚਾ ਬਚਪਨ ਵਿਚ ਨਿਸ਼ਕਪਟ, ਵੈਰ ਭਾਵ ਤੋਂ ਰਹਿਤ ਸਭ ਨਾਲ ਪਿਆਰ ਕਰਦਾ ਹੈ, ਕੋਮਲ ਤੇ ਮਮਤਾ ਦੀ ਮੂਰਤ ਹੁੰਦਾ ਹੈ। ਅੰਤ ਤਕ ਇਸੇ ਤਰ੍ਹਾਂ ਦਾ ਰਹੇ ਤਾਂ ਉਹ ਅਮੋਲਕ ਹੈ।੧੫੩।

ਕਬੀਰਾ ਏਕੁ ਅਚੰਭਉ ਦੇਖਿਓ, ਹੀਰਾ ਹਾਟ ਬਿਕਾਇ ॥ ਬਨਜਨਹਾਰੇ ਬਾਹਰਾ, ਕਉਡੀ ਬਦਲੈ ਜਾਇ ॥੧੫੪॥ ਕਬੀਰ ਜੀ ਆਖਦੇ ਹਨ, ਕਿ ਅਸੀਂ ਇਕ ਅਜੀਬ ਕੌਤਕ ਦੇਖਿਆ, (ਹਰੀ ਦਾ ਗਿਆਨ ਰੂਪ) ਹੀਰਾ ਦੁਕਾਨਾਂ ਤੇ ਵਿਕਦਾ ਸੀ (ਲਾਲਚੀ ਤੇ ਅਨ ਅਧਿਕਾਰੀ ਪੰਡਤ ਗਿਆਨ ਦਾ ਉਪਦੇਸ਼ ਦੇ ਰਹੇ ਹਨ)। ਖ੍ਰੀਦਣ (ਕਦਰ ਕਰਨ) ਵਾਲੇ ਸ਼ਰਧਾਲੂ ਤੋਂ ਬਿਨਾ (ਉਹ ਗਿਆਨ ਰੂਪ) ਹੀਰਾ ਕੌਡੀ ਬਦਲੇ ਜਾਂਦਾ ਹੈ (ਪੰਡਤ ਤੁੱਛ ਜਿਹੀ ਮਾਇਆ ਬਦਲੇ ਧਰਮ ਗ੍ਰੰਥਾਂ ਦੀ ਕਥਾ ਸੁਣਾਉਂਦੇ ਹਨ, ਜਿਸ ਕਰਕੇ ਸ੍ਰੋਤਿਆਂ ਉਤੇ ਕੋਈ ਅਸਰ ਨਹੀ ਹੁੰਦਾ)। ਭਾਵ ਅਰਥ = ਕਬੀਰ ਜੀ ਆਖਦੇ ਹਨ ਕਿ ਇਕ ਐਸਾ ਅਜੀਬ ਕੌਤਕ ਦੇਖਿਆ, ਮਨੁਖਾ ਜਨਮ ਹੀਰੇ ਵਾਂਗ ਅਮੋਲਕ ਹੈ, ਪਰ ਇਹ ਨਿਗੁਣੀ ਜਿਹੀ ਮਾਯਾ ਦੇ ਬਦਲੇ ਵਿਅਰਥ ਜਾ ਰਿਹਾ ਹੈ। ਕਿਉਂਕਿ ਮਨੁੱਖ ਨੂੰ ਇਸ ਜੀਵਨ ਦੀ ਕਦਰ ਨਹੀ, ਇਹ ਮਾਯਾ ਨੂੰ ਜੀਵਨ ਨਾਲੋਂ ਕੀਮਤੀ ਸਮਝਦਾ ਹੈ। (ਕਈ ਪੈਸੇ ਲੈ ਕੇ ਲੋਕਾਂ ਦੇ ਨਾਵਾਂ ਤੇ ਭਜਨ ਪਾਠ ਕਰਦੇ ਹਨ, ਕੀਮਤੀ ਗਿਆਨ ਸਾਧਾਂ ਦੇ ਡੇਰਿਆਂ ਦੀਆਂ ਹੱਟਾਂ ਤੇ ਬਿਕਦਾ ਹੈ। ਤਨ ਮਨ ਦੇ ਕੇ ਖ੍ਰੀਦਣ ਵਾਲਿਆਂ ਤੋਂ ਬਿਨਾ ਇਹ ਤੁੱਛ ਮਾਯਾ ਦੇ ਭਾ ਜਾ ਰਿਹਾ ਹੈ।੧੫੪।

ਪਦਾਰਥ = ਅਚੰਭਉ–ਅਜੀਬ। ਹਾਟ–ਦੁਕਾਨ। ਬਿਕਾਇ–ਵਿਕਦਾ ਹੈ। ਬਨਜਨਹਾਰੇ ਬਾਹਰਾ–ਖ੍ਰੀਦਣ ਵਾਲੇ ਤੋਂ ਬਿਨਾ।੧੫੪।

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ ॥ ਜਹਾ ਲੋਭੁ ਤਹ ਕਾਲੁ ਹੈ, ਜਹਾ ਖਿਮਾ ਤਹ ਆਪਿ ॥੧੫੫॥ ਕਬੀਰ ਜੀ ਆਖਦੇ ਹਨ ਕਿ ਹੇ ਭਾਈ! ਜਿਥੇ (ਆਤਮ) ਗਿਆਨ ਹੈ, ਉਥੇ ਧਰਮ ਹੈ, ਜਿਥੇ ਝੂਠ (ਪ੍ਰਧਾਨ) ਹੈ, ਉਥੇ ਪਾਪ (ਕੱਠੇ ਹੋ ਜਾਂਦੇ) ਹਨ। ਜਿਥੇ ਮਾਇਆ ਦਾ ਲੋਭ ਹੈ, ਉਥੇ ਕਾਲ ਹੈ (ਲੋਭੀ ਨੂੰ ਆਤਮਕ ਮੌਤ ਮਾਰਦੀ ਹੈ), ਜਿਥੇ ਖਿਮਾ ਦਾ ਗੁਣ ਹੈ ਉਥੇ ਹਰੀ ਆਪ (ਹਾਜਰ) ਹੈ। (ਜਿਥੇ ਖਿਮਾ ਹੈ, ਉਥੇ ਧਰਮ ਹੈ। ਜਿਥੇ ਧਰਮ ਹੈ ਉਥੇ ਗਿਆਨ ਹੈ। ਜਿਥੇ ਗਿਆਨ ਹੈ ਉਥੇ ਹਰੀ ਆਪ ਹੈ। ਜਿਥੇ ਲੋਭ ਹੈ ਉਥੇ ਝੂਠ ਹੈ। ਜਿਥੇ ਝੂਠ ਹੈ ਉਥੇ ਪਾਪ ਹੈ। ਜਿਥੇ ਪਾਪ ਹੈ ਉਥੇ ਮੌਤ ਹੈ)।੧੫੫।

ਪਦਾਰਥ = ਜਹਾ–ਜਿਥੇ। ਤਹ–ਉਥੇ। ਕਾਲੁ–ਮੌਤ। ਕਾਲੁ–ਮੌਤ। ਆਪਿ–ਵਾਹਿਗੁਰੂ ਆਪ।੧੫੫।

ਵਿਆਖਿਆ = ਧਰਮ ਵਾਲਾ ਉਹ ਹੈ ਜਿਸ ਨੂੰ ਹਰੀ ਦੇ ਗਿਆਨ ਦਾ ਪ੍ਰਕਾਸ਼ ਹੈ, ਉਸਨੂੰ ਭਲੇ ਬੁਰੇ ਦਾ ਪਤਾ ਹੈ। ਝੂਠ ਦਾ ਸਬੰਧ ਪਾਪ ਨਾਲ ਹੈ। ਲੋਭ ਕਰਕੇ ਪੰਛੀ ਚੋਗੇ ਦੇ ਜਾਲ ਵਿਚ ਅਤੇ ਮੱਛੀ ਕੁੰਡੀ ਵਿਚ ਜਾ ਫਸਦੀ ਹੈ। ਖਿਮਾ ਕਰਨ ਨਾਲ ਹਰੀ ਖੁਸ਼ ਹੁੰਦਾ ਹੈ।੧੫੫।

ਕਬੀਰ ਮਾਇਆ ਤਜੀ ਤ ਕਿਆ ਭਇਆ, ਜਉ ਮਾਨੁ ਤਜਿਆ ਨਹੀ ਜਾਇ ॥ ਮਾਨ ਮੁਨੀ ਮੁਨਿਵਰ ਗਲੇ, ਮਾਨੁ ਸਭੈ ਕਉ ਖਾਇ ॥੧੫੬॥ ਕਬੀਰ ਜੀ ਆਖਦੇ ਹਨ, ਹੇ ਭਾਈ! ਜੇ ਤੈਂ ਮਾਇਆ ਛਡ ਦਿਤੀ ਤਾਂ ਕੀ ਹੋਇਆ, ਪਰ ਜੇ (ਮਨ ਦਾ) ਹੰਕਾਰ ਨਹੀ ਛੱਡਿਆ ਜਾਂਦਾ। ਮੁਨੀ ਤੇ ਵੱਡੇ ਮਹਾਂ ਪੁਰਖ ਹੰਕਾਰ ਵਿਚ ਬਰਬਾਦ ਹੋ ਗਏ ਹਨ, (ਇਹ) ਹੰਕਾਰ ਸਭ ਨੂੰ ਖਾ ਜਾਂਦਾ ਹੈ; ਸ਼ੁੱਭ ਗੁਣ ਨਾਸ਼ ਕਰ ਦੇਂਦਾ ਹੈ।੧੫੬।

ਪਦਾਰਥ = ਤਜੀ–ਛਡ ਦਿਤੀ। ਤ ਕਿਆ ਭਇਆ–ਤਾਂ ਕੀ ਹੋਇਆ। ਜਉ–ਜੇ। ਮਾਨੁ–ਹੰਕਾਰ। ਮੁਨਿਵਰ–ਵੱਡੇ ਮੁਨੀ; ਮਹਾਂ ਪੁਰਖ। ਗਲੇ–ਗਲ (ਬਰਬਾਦ ਹੋ) ਗਏ। ਸਭੈ ਕਉ–ਸਾਰਿਆਂ ਨੂੰ। ਖਾਇ–ਖਾ ਜਾਂਦਾ ਹੈ।੧੫੬।

ਵਿਆਖਿਆ = ਲੋਕਾਂ ਨੂੰ ਠੱਗਣ ਲਈ ਦਿਖਾਵੇ ਦਾ ਤਿਆਗੀ ਬਣ ਜਾਂਦਾ ਹੈ, ਪਰ ਮਨ ਵਿਚੋਂ ਮਾਯਾ ਦੀ ਪਕੜ ਨਹੀ ਜਾਂਦੀ। ਕਈ

ਮਾਯਾ ਨੂੰ ਛੱਡ ਕੇ ਫਿਰ ਮਾਯਾ ਦੇ ਛਡਣ ਦਾ ਹੰਕਾਰ ਕਰ ਲੈਂਦੇ ਹਨ। ਹੰਕਾਰ ਮਾਯਾ ਦੇ ਤਿਆਗ ਨਾਲੋਂ ਵੀ ਭੈੜਾ ਹੈ ਜੋ ਆਤਮਕ ਜੀਵਨ ਬਰਬਾਦ ਕਰ ਦੇਂਦਾ ਹੈ।੧੫੬।

ਸਾਖੀ = ਇਕ ਰਾਜੇ ਕੋਲ ਇਕ ਮਾਨੀ ਸੰਤ ਰਹਿੰਦਾ ਸੀ, ਉਸਦੇ ਅੰਨ ਨਾ ਛਕਣ ਕਰਕੇ ਲੋਕ ਉਸਦੇ ਬੜੇ ਸ਼ਰਧਾਲੂ ਹੋ ਗਏ। ਛੇ ਮਹੀਨੇ ਭੋਰੇ ਵਿਚ ਹੀ ਰਹਿੰਦਾ। ਜਿਸ ਦਿਨ ਭੋਰੇ ਵਿਚੋਂ ਨਿਕਲਨਾ ਹੁੰਦਾ, ਬਹੁਤ ਲੋਕ, ਰਾਜਾ, ਫੌਜਾਂ ਸਣੇ ਦਰਸ਼ਨਾਂ ਲਈ ਕੱਠੇ ਹੁੰਦੇ,ਬੈਂਡ ਬਾਜੇ ਬਜਦੇ। ਸੰਤ ਫੁੱਲੇ ਨਾ ਸਮਾਉਂਦੇ। ਰਾਜੇ ਕੋਲ ਇਕ ਹੋਰ ਚੰਗੇ ਭਜਨੀਕ ਸੰਤ ਆ ਗਏ। ਰਾਜੇ ਨੇ ਬਜੀਰਾਂ ਸਮੇਤ ਪਹਿਲੇ ਸੰਤ ਦੀ ਬੜੀ ਤਾਰੀਫ ਕੀਤੀ ਅਤੇ ਕਿਹਾ ਉਹ ਤਾਂ ਕੁਛ ਖਾਂਦੇ ਵੀ ਨਹੀ। ਮਹਾਤਮਾ ਆਖਣ ਲਗੇ ਕੁਛ ਤਾਂ ਖਾਂਦੇ ਹੋਣਗੇ। ਰਾਜਾ ਆਖੇ ਜੀ ਕੁਛ ਨਹੀ ਖਾਂਦੇ। ਮਹਾਤਮਾ ਨੇ ਪਰਖਣ ਲਈ ਰਾਜੇ ਨੂੰ ਜੁਗਤੀ ਦੱਸੀ ਕਿ ਐਤਕੀਂ ਸੰਤ ਦੇ ਭੋਰੇ ਵਿਚੋਂ ਨਿਕਲਣ ਸਮੇਂ ਕੋਈ ਨਾ ਆਵੇ। ਲੋਕਾਂ ਨੂੰ ਦਸ ਦਿਓ ਕਿ ਸੰਤ ਨੇ ਐਤਕੀਂ ਲੇਟ ਨਿਕਲਨਾ ਹੈ। ਜਦ ਸੰਤ ਭੋਰੇ ਵਿਚੋਂ ਬਾਹਰ ਆਇਆ ਤਾਂ ਵੇਖਿਆ ਕਿ ਕੋਈ ਨਹੀਂ ਸੁਆਗਤ ਲਈ ਆਇਆ ਤਾਂ ਸੰਤ ਮਰ ਗਿਆ। ਇਕ ਤਾਂ ਭੁੱਖਾ ਸੀ, ਦੂਜੇ ਮਾਣ ਨਾ ਮਿਲਿਆ। ਮਹਾਤਮਾ ਨੇ ਰਾਜੇ ਨੂੰ ਦਸਿਆ ਕਿ ਉਹ ਮਾਣ ਦਾ ਭੋਜਨ ਖਾਂਦਾ ਸੀ।

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ, ਸਬਦੁ ਜੁ ਬਾਹਿਆ ਏਕੁ ॥ ਲਾਗਤ ਹੀ ਭੁਇ ਮਿਲਿ ਗਇਆ, ਪਰਿਆ ਕਲੇਜੇ ਛੇਕੁ ॥੧੫੭॥ ਕਬੀਰ ਜੀ ਕਹਿੰਦੇ ਹਨ ਕਿ ਮੈਨੂੰ ਸੱਚਾ ਸੱਤਗੁਰੂ ਮਿਲਿਆ ਹੈ, ਉਨ੍ਹਾਂ ਨੇ ਜੋ ਸ਼ਬਦ ਰੂਪ ਇਕ ਤੀਰ (ਮੇਰੇ ਤੇ) ਚਲਾਇਆ।(ਤੀਰ ਲਗਦਿਆਂ ਹੀ) ਮੈ ਧਰਤੀ ਤੇ ਡਿਗ ਪਿਆ ਤੇ ਦਿਲ ਵਿਚ ਛੇਕ ਪੈ ਗਿਆ। ਭਾਵ ਅਰਥ ঃ- ਸੱਚਾ ਸਤਗੁਰੂ ਮੈਨੂੰ ਮਿਲਿਆ, ਜਿਸ ਨੇ ਸ਼ਬਦ ਰੂਪ ਤੀਰ ਮੇਰੇ ਮਾਰਿਆ (ਮੈਨੂੰ ਨਾਮ ਮੰਤ੍ਰ ਦਿਤਾ)। ਤੀਰ ਲਗਦਿਆਂ ਹੀ ਮੇਰਾ ਮਨ ਨਿਮ੍ਰਤਾ ਦੀ ਧਰਤੀ ਤੇ ਡਿਗ ਪਿਆ, ਕਲੇਜੇ ਵਿਚ ਵੈਰਾਗ ਦਾ ਛੇਕ ਪੈ ਗਿਆ (ਹੰਕਾਰ ਦੂਰ ਹੋ ਗਿਆ ਅਤੇ ਹਰੀ ਵਿਚ ਜਾ ਮਿਲਿਆ)।੧੫੭।

ਪਦਾਰਥ = ਸਾਚਾ ਸਤਿਗੁਰੁ-ਰਾਮਾ ਨੰਦ ਜੀ; ਗੁਰੂ ਨਾਨਕ ਦੇਵ ਜੀ (ਸੰ. ਸ.; ਟਕਸਾਲ)। ਮੈ-ਮੈਨੂੰ। ਸਬਦੁ-ਉਪਦੇਸ਼ ਦਾ ਤੀਰ। ਜੁ-ਜੋ। ਬਾਹਿਆ-ਮਾਰਿਆ; ਚਲਾਇਆ; (ਉਪਦੇਸ਼)ਦਿਤਾ। ਲਾਗਤ ਹੀ-ਲਗਦਿਆਂ ਹੀ। ਭੁਇ ਮਿਲਿ ਗਇਆ-ਧਰਤੀ ਰੂਪ ਨਿਮ੍ਰਤਾ ਵਿਚ ਮਿਲ ਗਿਆ; ਹੰਕਾਰ ਮਿੱਟੀ ਵਿਚ ਮਿਲ ਗਿਆ (ਦੂਰ ਹੋ ਗਿਆ)। ਪਰਿਆ-ਪੈ ਗਿਆ। ਕਲੇਜੇ-ਦਿਲ ਵਿਚ। ਛੇਕੁ-ਹਿਰਦਾ ਪ੍ਰੋਇਆ ਗਿਆ; ਵੈਰਾਗ ਰੂਪ ਛੇਕ ਪੈ ਗਿਆ; ਜੀਵਤ ਭਾਵ ਤੋਂ ਮਰ ਗਿਆ।੧੫੭।

ਵਿਆਖਿਆ = ਸੱਤਗੁਰੂ ਨੇ ਜੋ ਉਪਦੇਸ਼ ਰੂਪ ਤੀਰ ਮੇਰੇ ਮਾਰਿਆ, ਮੇਰਾ ਹਿਰਦਾ ਬਿਨ੍ਹਿਆ ਗਿਆ, ਜਿਵੇਂ ਤੀਰ ਕਲੇਜੇ ਵਿਚ ਲੱਗੇ, ਬੰਦਾ ਮਰ ਕੇ ਜਮੀਨ ਤੇ ਡਿਗ ਪੈਂਦਾ ਹੈ ਭਾਵ ਜੀਵਤ ਭਾਵ ਤੋਂ ਮਰ ਗਿਆ। ਜੋ ਮਨ ਹੰਕਾਰ ਕਰਕੇ ਬੜਾ ਉਚਾ ਹੋਇਆ ਫਿਰਦਾ ਸੀ, ਹੁਣ ਧਰਤੀ ਵਿਚ ਮਿਲ ਗਿਆ (ਬਹੁਤ ਨੀਵਾਂ ਹੋ ਗਿਆ)।੧੫੭।

ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ ॥ ਅੰਧੇ ਏਕ ਲਾਗਈ, ਜਿਉ ਬਾਂਸੁ ਬਜਾਈਐ ਫੂਕ ॥੧੫੮॥ ਕਬੀਰ ਜੀ ਕਹਿੰਦੇ ਹਨ ਕਿ ਜੇਕਰ ਸਿਖਾਂ ਵਿਚ ਹੀ ਉਕਾਈ ਹੋਵੇ ਤਾਂ ਸੱਚਾ ਸੱਤਗੁਰੂ ਕੀ ਕਰ ਸਕਦਾ ਹੈ? ਅੰਨ੍ਹੇ ਅਗਿਆਨੀ ਮਨੁੱਖ ਨੂੰ ਸੱਚੇ ਗੁਰੂ ਦੀ ਇਕ ਸਿਖਿਆ ਵੀ ਨਹੀ ਲਗਦੀ (ਸਿੱਖ ਉਤੇ ਗੁਰੂ ਦੀ ਬਾਣੀ ਦਾ ਅਸਰ ਨਹੀ ਹੁੰਦਾ), ਜਿਵੇਂ ਬਾਂਸ (ਦੀ ਪੋਰੀ) ਵਿਚ ਫੂਕ ਮਾਰੀ ਹੋਈ ਦੂਜੇ ਪਾਸੇ ਨਿਕਲ ਜਾਂਦੀ ਹੈ, ਇਕ ਕੰਨ ਤੋਂ ਸੁਣ ਕੇ ਦੂਜੇ ਕੰਨ ਥਾਂਈਂ ਕੱਢ ਦੇਂਦੇ ਹਨ (ਹਿਰਦੇ ਵਿਚ ਨਹੀ ਵਸਾਉਂਦੇ)।੧੫੮।

ਪਦਾਰਥ = ਜਉ-ਜੇਕਰ। ਸਿਖਾ ਮਹਿ-ਸਿੱਖਾਂ ਵਿਚ। ਚੂਕ-ਭੁੱਲ; ਘਾਟਾ। ਅੰਧੇ-ਅੰਨ੍ਹੇ (ਅਗਿਆਨੀ) ਮਨੁੱਖ ਨੂੰ।੧੫੮।

ਵਿਆਖਿਆ = ਮਨਮੁਖਾਂ ਦੇ ਦਿਲ ਕਠੋਰ ਹੁੰਦੇ ਹਨ, ਗੁਰੂ ਉਪਦੇਸ਼ ਦਾ ਅਸਰ ਉਨ੍ਹਾਂ ਤੇ ਨਹੀਂ ਹੁੰਦਾ। ਕਿਉਂਕਿ ਗੁਰੂ ਦੀ ਸਿਖਿਆ ਨੂੰ ਦਿਲ ਵਿਚ ਵਸਾਉਂਦੇ ਨਹੀਂ,ਨਾ ਵਿਚਾਰਦੇ ਅਤੇ ਨਾ ਹੀ ਅਮਲ ਕਰਦੇ ਹਨ।੧੫੮।

ਕਬੀਰ ਹੈ ਗੈ ਬਾਹਨ ਸਘਨ ਘਨ, ਛਤ੍ਰਪਤੀ ਕੀ ਨਾਰਿ ॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਘੋੜੇ, ਹਾਥੀ ਆਦਿ ਬਹੁਤ ਜਿਆਦਾ ਸਵਾਰੀਆਂ ਵਾਲੇ ਵੱਡੇ ਰਾਜੇ ਦੀ ਜੋ ਰਾਣੀ ਹੈ।(ਘੋੜਿਆਂ ਹਾਥੀਆਂ ਦੀ ਬਹੁਤ ਫੌਜ ਅਤੇ ਸਵਾਰੀ ਕਰਨ ਲਈ ਬਹੁਤ ਵਾਹਨ ਰਥ ਆਦਿ ਦੇ ਮਾਲਕ ਚਕ੍ਰਵਰਤੀ ਰਾਜੇ ਦੀ ਪਟਰਾਣੀ ਹੋਵੇ)।

ਅੰਗ ੧੩੭੩ = ਤਾਸੁ ਪਟੰਤਰ ਨਾ ਪੁਜੈ, ਹਰਿ ਜਨ ਕੀ ਪਨਿਹਾਰਿ ॥੧੫੯॥ (ਪਰ ਉਹ ਰਾਣੀ) ਹਰੀ ਦੇ ਸੰਤਾਂ ਦਾ ਪਾਣੀ ਭਰਨ ਵਾਲੀ ਦਾਸੀ ਦੇ ਬਰਾਬਰ ਨਹੀਂ ਪੁਜ ਸਕਦੀ।੧੫੯।

ਪਦਾਰਥ = ਹੈ-ਘੋੜੇ। ਗੈ-ਹਾਥੀ। ਬਾਹਨ-ਸਵਾਰੀ ਕਰਨ ਵਾਸਤੇ (ਰਥ ਆਦਿ, ਜਿਵੇਂ ਅੱਜ ਕਲ੍ਹ ਕਾਰਾਂ ਹਨ)। ਸਘਨ ਘਨ-ਬਹੁਤ ਜਿਆਦਾ। ਛਤ੍ਰਪਤੀ-ਛਤਰ ਦਾ ਮਾਲਕ (ਚਕ੍ਰਵਰਤੀ) ਰਾਜਾ। ਤਾਸੁ-ਤਿਸ ਦੇ। ਹਰਿ ਜਨ ਕੀ-ਹਰੀ ਦੇ ਸੇਵਕ ਦੀ। ਪਨਿਹਾਰਿ-ਪਾਣੀ ਭਰਨ ਵਾਲੀ ਦਾਸੀ। ਪਟੰਤਰ-ਬਰਾਬਰ।੧੫੯।(ਰਾਜੇ ਕੋਲ ਇਤਨੀ ਸੰਪਦਾ ਹੋਣ ਤੇ ਵੀ, ਪਟਰਾਣੀ ਨਾਲੋਂ ਇਕ ਪਾਣੀ ਢੋਣ ਵਾਲੀ ਦਾਸੀ ਨੂੰ ਕਿਉਂ ਸਨਮਾਨਿਆ ਹੈ? ਅਗਲੇ ਸਲੋਕ ਵਿਚ ਸ਼ੰਕਾ ਦਾ ਜਵਾਬ ਦੇਂਦੇ ਹਨ)।

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ, ਕਿਉ ਹਰਿ ਚੇਰੀ ਕਉ ਮਾਨੁ ॥ ਓਹ ਮਾਂਗ ਸਵਾਰੈ ਬਿਖੈ ਕਉ, ਓਹ ਸਿਮਰੈ ਹਰਿ ਨਾਮੁ ॥੧੬੦॥

ਕਬੀਰ ਜੀ ਕਹਿੰਦੇ ਹਨ ਕਿ ਰਾਜੇ ਦੀ ਔਰਤ (ਰਾਣੀ) ਕਿਉਂ ਨਿੰਦੀ ਜਾਂਦੀ ਹੈ ਅਤੇ ਕਿਉਂ ਹਰੀ ਦੀ ਦਾਸੀ ਨੂੰ ਆਦਰ ਦਿਤਾ ਜਾਂਦਾ ਹੈ? (ਕਿਉਂਕਿ ਰਾਜੇ ਦੀ) ਉਹ ਰਾਣੀ ਵਿਸ਼ੇ ਭੋਗਣ ਲਈ (ਅਪਣੇ ਸਿਰ ਦੇ) ਚੀਰ ਨੂੰ ਸਵਾਰਦੀ ਹੈ (ਸ਼ਿੰਗਾਰ ਕਰਦੀ ਹੈ, ਇਸ ਲਈ ਨਿੰਦਣ ਯੋਗ ਹੈ), ਪਰ ਉਹ ਦਾਸੀ ਹਰੀ ਦਾ ਨਾਮ ਸਿਮਰਦੀ ਹੈ (ਇਸ ਲਈ ਉਸਨੂੰ ਸਨਮਾਨ ਮਿਲਦਾ ਹੈ)।੧੬੦।

ਪਦਾਰਥ = ਨ੍ਰਿਪ ਨਾਰੀ–ਰਾਜੇ ਦੀ ਰਾਣੀ।ਹਰਿ ਚੇਰੀ–ਹਰੀ ਦੀ ਦਾਸੀ।ਕਉ–ਨੂੰ।ਮਾਨੁ–ਸਨਮਾਨ।ਮਾਂਗ–ਸਿਰ ਦੀਆਂ ਪੱਟੀਆਂ ਦੇ ਵਿਚਲਾ ਸੰਧੂਰ ਭਰਿਆ ਚੀਰ।ਬਿਖੈ ਕਉ–ਵਿਸ਼ੇ ਭੋਗਣ ਲਈ।੧੬੦।

ਵਿਆਖਿਆ = ਜਿਸ ਕਰਤਾਰ ਨੇ ਰਾਜੇ ਨੂੰ ਸਾਰੇ ਸੁੱਖ ਦੇ ਸਾਧਨ ਦਿੱਤੇ, ਦਾਤਾਂ ਦੇਣ ਵਾਲੇ ਉਸ ਹਰੀ ਨੂੰ ਰਾਣੀ ਭੁੱਲ ਕੇ ਕੇਵਲ ਰਾਜੇ ਨੂੰ ਖੁਸ਼ ਕਰਨ ਲਈ ਸ਼ਿੰਗਾਰ ਕਰਦੀ ਹੈ।ਹਰੀ ਦੀ ਦਾਸੀ ਨਿਮਾਣੀ ਹੋ ਕੇ ਹਰੀ ਦੀ ਖੁਸ਼ੀ ਲੈਣ ਦੇ ਆਹਰ ਵਿਚ ਲੱਗੀ ਰਹਿੰਦੀ ਹੈ।ਰਾਣੀ ਵਿਸ਼ੇ ਭੋਗਾਂ ਵਿਚ ਪੈ ਕੇ ਹਰੀ ਤੋਂ ਦੂਰ ਹੋ ਜਾਂਦੀ ਹੈ ਅਤੇ ਦਾਸੀ ਸਾਧ ਸੰਗਤ ਵਿਚ ਮਿਲ ਕੇ ਵਾਹਿਗੁਰੂ ਦਾ ਨਾਮ ਸਿਮਰਦੀ ਹੈ।

ਕਬੀਰ ਥੂਨੀ ਪਾਈ ਥਿਤਿ ਭਈ, ਸਤਿਗੁਰ ਬੰਧੀ ਧੀਰ ॥ ਕਬੀਰ ਹੀਰਾ ਬਨਜਿਆ, ਮਾਨ ਸਰੋਵਰ ਤੀਰ ॥੧੬੧। ਕਬੀਰ ਜੀ ਆਖਦੇ ਹਨ ਕਿ (ਵਿਕਾਰਾਂ ਵਿਚ ਡਿਗਦੇ ਹੋਏ ਮਨੁੱਖ ਨੂੰ) ਜਦ ਨਾਮ ਰੂਪ ਥੰਮੀ ਪ੍ਰਾਪਤ ਹੋਈ ਅਤੇ ਸੱਤਗੁਰੂ ਨੇ ਧੀਰਜ ਬਨ੍ਹਾ ਦਿਤਾ (ਅਡੋਲਤਾ ਬਖਸ਼ੀ) ਤਾਂ ਮਨ (ਹਰੀ ਦੇ ਚਰਨਾਂ ਵਿਚ) ਟਿਕ ਗਿਆ; ਨਾਮ ਰੂਪ ਥੰਮੀ ਨਾਲ ਦੇਹ ਨਰਕਾਂ ਵਿਚ ਡਿਗਣ ਤੋਂ ਬਚ ਗਈ (ਭਾ: ਵੀਰ ਸਿੰਘ)।ਕਬੀਰ ਜੀ ਕਹਿੰਦੇ ਹਨ ਕਿ ਮੈਂ ਸੱਤਸੰਗ ਰੂਪ ਮਾਨ ਸਰੋਵਰ ਦੇ ਕਿਨਾਰੇ ਤੋਂ (ਕੋਲੋਂ) ਨਾਮ ਰੂਪ ਹੀਰਾ ਖ੍ਰੀਦਿਆ ਹੈ।੧੬੧।

ਪਦਾਰਥ = ਥੂਨੀ–ਥੰਮੀ (ਨਾਮ; ਭਗਤੀ ਰੂਪ); ਆਸਰਾ।ਥਿਤਿ–ਸ਼ਾਂਤੀ; ਟਿਕਾਓ।ਬੰਧੀ ਧੀਰ–ਧੀਰਜ ਬਨ੍ਹਾ ਦਿਤਾ (ਅਡੋਲਤਾ ਬਖਸ਼ੀ; ਆਸਰਾ ਦਿਤਾ)।ਹੀਰਾ–(ਨਾਮ ਰੂਪ) ਹੀਰਾ।ਬਨਜਿਆ–ਖ੍ਰੀਦਿਆ।ਮਾਨ ਸਰੋਵਰ–ਸਤ ਸੰਗਤ।ਤੀਰ–ਕਿਨਾਰੇ ਤੋਂ; ਪਾਸੋਂ।੧੬੧।

ਵਿਆਖਿਆ = ਜਿਵੇਂ ਕੋਠਾ ਡਿਗਦਾ ਹੋਵੇ ਤਾਂ ਬਚਾਉਣ ਲਈ ਉਸਦੇ ਥੱਲੇ ਥੰਮੀ ਦੇ ਦਿਤੀ ਜਾਂਦੀ ਹੈ।ਇਸੇ ਤਰ੍ਹਾਂ ਡਿਗਦੇ ਡੋਲਦੇ ਸਰੀਰ ਨੂੰ ਗੁਰੂ ਨਾਮ ਦੀ ਥੰਮੀ ਬਖਸ਼ ਕੇ ਬਚਾ ਲੈਂਦਾ ਹੈ।ਹੀਰੇ ਮਾਨ ਸਰੋਵਰ ਵਿਚ ਹੁੰਦੇ ਹਨ।ਗੁਰੂ ਦੀ ਸੰਗਤ ਰੂਪ ਮਾਨ ਸਰੋਵਰ ਵਿਚੋਂ ਵਾਹਿਗੁਰੂ ਦਾ ਨਾਮ ਰੂਪ ਹੀਰਾ ਮਿਲਦਾ ਹੈ।੧੬੧।

ਕਬੀਰ ਹਰਿ ਹੀਰਾ ਜਨ ਜਉਹਰੀ, ਲੇ ਕੈ ਮਾਂਡੈ ਹਾਟ ॥ ਜਬ ਹੀ ਪਾਈਐ ਪਾਰਖੂ, ਤਬ ਹੀਰਨ ਕੀ ਸਾਟ ॥੧੬੨॥ ਕਬੀਰ ਜੀ ਆਖਦੇ ਹਨ ਕਿ ਹਰੀ (ਦਾ ਨਾਮ) ਹੀਰਾ ਹੈ, ਗੁਰਮੁਖ ਜਨ ਜੌਹਰੀ ਨਾਮ ਹੀਰਾ (ਸਤਿਗੁਰੂ ਤੋਂ) ਲੈ ਕੇ ਅਪਣੇ ਹਿਰਦੇ ਰੂਪ ਹੱਟੀ ਵਿਚ ਸਜਾ (ਸਾਂਭ) ਕੇ ਰਖਦੇ ਹਨ।ਜਦ ਹੀ ਪਾਰਖੂ ਮਿਲਦਾ ਹੈ ਤਾਂ ਹੀਰਿਆਂ ਦੀ ਕੀਮਤ (ਕਦਰ) ਪੈਂਦੀ ਹੈ (ਤਨ ਮਨ ਅਰਪਣ ਵਾਲੇ ਗੁਰਮੁਖ ਪਾਰਖੂ ਨਾਮ ਦੀ ਕਦਰ ਪਾਉਂਦੇ ਹਨ)।੧੬੨।

ਪਦਾਰਥ = ਹੀਰਾ–ਨਾਮ ਰੂਪ ਹੀਰਾ।ਜਨ–ਗੁਰਮੁਖ ਜਨ।ਜਉਹਰੀ–ਹੀਰਿਆਂ ਦਾ ਵਾਪਾਰੀ; ਸਰਾਫ (ਗੁਰਮੁਖ ਜਨ)।ਮਾਂਡੈ ਹਾਟ–ਹੱਟੀ ਵਿਚ ਸਜਾਉਂਦਾ (ਰੱਖਦਾ) ਹੈ।ਜਬ ਹੀ–ਜਦੋਂ ਹੀ।ਪਾਰਖੂ–ਪਰਖਣ ਵਾਲਾ ਭਾਵ ਕਦਰਦਾਨ।ਤਬ–ਤਦ।ਹੀਰਨ ਕੀ ਸਾਟ–ਹੀਰਿਆਂ ਦੀ ਕੀਮਤ (ਕਦਰ); ਵੱਟਾ ਸੱਟਾ (ਮਨ ਬਦਲੇ ਹੀਰੇ ਖ੍ਰੀਦਦੇ ਹਨ)।੧੬੨।

ਕਬੀਰ ਕਾਮ ਪਰੇ ਹਰਿ ਸਿਮਰੀਐ, ਐਸਾ ਸਿਮਰਹੁ ਨਿਤ ॥ ਅਮਰਾ ਪੁਰ ਬਾਸਾ ਕਰਹੁ, ਹਰਿ ਗਇਆ ਬਹੋਰੈ ਬਿਤ ॥੧੬੩॥ ਕਬੀਰ ਜੀ ਕਹਿੰਦੇ ਹਨ ਕਿ (ਜਿਵੇਂ) ਕੰਮ ਪੈਣ ਤੇ (ਲੋੜ ਵੇਲੇ) ਹਰੀ ਦਾ ਸਿਮਰਨ ਕਰੀਦਾ ਹੈ, ਇਸ ਤਰ੍ਹਾਂ ਦਾ ਸਿਮਰਨ ਤੁਸੀਂ ਨਿਤ ਕਰੋ।(ਜਿਸ ਸਿਮਰਨ ਕਰਕੇ) ਸੱਚ ਖੰਡ ਨਿਵਾਸ ਕਰ ਲਵੋਗੇ ਅਤੇ ਹਰੀ ਗੁਆਚਾ ਹੋਇਆ (ਆਤਮ ਲਾਭ ਰੂਪ) ਧਨ ਮੋੜ ਦੇਵੇਗਾ; ਨਿਸਫਲ ਗਿਆ ਹੋਇਆ ਸੁਆਸਾਂ ਰੂਪ ਧਨ ਹਰੀ ਮੋੜ ਦੇਵੇਗਾ ਭਾਵ ਸਫਲ ਕਰ ਦੇਵੇਗਾ।੧੬੩।

ਪਦਾਰਥ = ਕਾਮ ਪਰੇ–ਕੋਈ ਕੰਮ ਪੈਣ ਤੇ; ਲੋੜ ਸਮੇਂ।ਨਿਤ–ਹਰ ਰੋਜ।ਅਮਰਾ ਪੁਰ–ਹਰੀ ਦਾ ਦੇਸ਼ (ਜਿਥੇ ਜਨਮ ਮਰਨ ਨਹੀ ਹੁੰਦਾ)।ਬਾਸਾ–ਨਿਵਾਸ; ਟਿਕਾਣਾ।ਗਇਆ ਬਹੋਰੈ–(ਨਿਸਫਲ) ਗਿਆ ਹੋਇਆ ਮੋੜ ਦੇਵੇਗਾ।ਬਿਤ–ਧਨ (ਸ਼ੁੱਭ ਗੁਣ; ਆਤਮ ਲਾਭ; ਸੁਆਸਾਂ ਰੂਪ) ਭਾਵ ਵਿਸ਼ਿਆਂ ਵਿਚ ਪੈ ਕੇ ਨਾਸ਼ ਹੋਏ ਸ਼ੁੱਭ ਗੁਣ ਹਰੀ ਫਿਰ ਮੋੜ ਦੇਵੇਗਾ।੧੬੩।

ਵਿਆਖਿਆ = ਕਈ ਲੋਕ ਔਖੇ ਵੇਲੇ ਜਾਂ ਲੋੜ ਪੈਣ ਤੇ ਹੀ ਹਰੀ ਨੂੰ ਯਾਦ ਕਰਦੇ ਹਨ,ਪਰ ਜਦ ਕੰਮ ਪੂਰਾ ਹੋ ਜਾਵੇ ਤਾਂ ਫਿਰ ਭੁੱਲ ਜਾਂਦੇ ਹਨ।ਇਸ ਪ੍ਰਕਾਰ ਜੇ ਸਦਾ ਸਿਮਰਿਆ ਜਾਵੇ ਤਾਂ ਸੱਚਖੰਡ ਵਿਚ ਵਾਸਾ ਹੋ ਜਾਂਦਾ ਹੈ।ਜਿਹੜੇ ਸਾਹ ਨਿਸਫਲ ਗਏ ਹਨ ਜਾਂ ਆਤਮ ਲਾਭ ਦਾ ਘਾਟਾ ਪਿਆ ਹੈ ਜਾਂ ਸ਼ੁੱਭ ਗੁਣ ਜੋ ਨਾਸ ਹੋਏ ਸਨ,ਹਰੀ ਉਹ ਸਭ ਮੋੜ (ਸਫਲ ਕਰ) ਦਿੰਦਾ ਹੈ।੧੬੩।

ਕਬੀਰ ਸੇਵਾ ਕਉ ਦੁਇ ਭਲੇ, ਏਕੁ ਸੰਤੁ ਇਕੁ ਰਾਮੁ ॥ ਰਾਮੁ ਜੁ ਦਾਤਾ ਮੁਕਤਿ ਕੋ, ਸੰਤੁ ਜਪਾਵੈ ਨਾਮੁ ॥੧੬੪॥ ਕਬੀਰ ਜੀ ਆਖਦੇ ਹਨ ਕਿ ਸੇਵਾ ਕਰਨ ਲਈ (ਜੇ ਕਿਸੇ ਦੀ ਸੇਵਾ ਕਰਨੀ ਹੋਵੇ) ਦੋਵੇਂ ਉਤਮ ਹਨ, ਇਕ ਸੰਤ (ਸੱਤਗੁਰੂ) ਅਤੇ ਇਕ ਰਾਮ (ਅਕਾਲ ਪੁਰਖ।ਇਨ੍ਹਾਂ ਦੋਹਾਂ ਤੋਂ ਬਿਨਾ ਹੋਰ ਕਿਸੇ ਦੀ ਸੇਵਾ ਨਿਸਫਲ ਹੈ।ਇਨਾਂ ਦੋਹਾਂ ਦੀ ਸੇਵਾ ਕੀ ਫਲ ਦੇਂਦੀ ਹੈ)।ਰਾਮ ਜੋ ਹੈ, ਉਹ ਮੁਕਤੀ ਦਾ ਦਾਤਾ ਹੈ, ਤੇ ਸੰਤ (ਮਨੁੱਖਾਂ ਤੋਂ) ਨਾਮ ਜਪਾਉਂਦਾ ਹੈ (ਦੋਵੇਂ ਸੰਤ ਤੇ ਰਾਮ ਸੰਸਾਰ ਦੀ ਸੇਵਾ ਵਿਚ ਹਨ)।੧੬੪।

ਪਦਾਰਥ = ਸੇਵਾ ਕਉ–ਸੇਵਾ ਕਰਨ ਲਈ।ਦੁਇ ਭਲੇ–ਦੋਵੇਂ ਉਤਮ ਹਨ।ਜੁ–ਜੋ।੧੬੪।

ਵਿਆਖਿਆ = ਪਖੰਡੀ ਗੁਰੂਆਂ ਦੀ ਸੇਵਾ, ਦੇਵੀ ਦੇਵਤਿਆਂ, ਮੂਰਤੀ, ਬੁੱਤ ਪੂਜਾ ਅਤੇ ਕਰਮ ਕਾਂਡ ਕਰਨ ਨਾਲ ਜੀਵਨ ਸਫਲ ਨਹੀ ਹੁੰਦਾ। ਗੁਰੂ ਤੋਂ ਨਾਮ ਲੈ ਕੇ ਜਪਣ ਨਾਲ ਹਰੀ ਮੁਕਤੀ ਦੇਂਦਾ ਹੈ।੧੬੪।

ਕਬੀਰ ਜਿਹ ਮਾਰਗਿ ਪੰਡਿਤ ਗਏ, ਪਾਛੈ ਪਰੀ ਬਹੀਰ ॥ ਇਕ ਅਵਘਟ ਘਾਟੀ ਰਾਮ ਕੀ, ਤਿਹ ਚੜਿ ਰਹਿਓ ਕਬੀਰ ॥੧੬੫॥ ਕਬੀਰ ਜੀ ਆਖਦੇ ਹਨ ਕਿ ਜਿਸ ਕਰਮ ਕਾਂਡ ਦੇ ਰਸਤੇ ਪੰਡਤ ਤੁਰੇ ਹਨ, (ਪੰਡਤਾਂ ਦੇ) ਪਿੱਛੇ ਲੋਕਾਂ ਦੀ ਵਹੀਰ ਤੁਰ ਪਈ (ਪੰਡਤਾਂ ਨੂੰ ਦੇਖ ਕੇ ਲੋਕ ਵੀ ਕਰਮ ਕਾਂਡ ਕਰਨ ਲਗ ਪਏ, ਲੋਕ ਧਰਮ ਆਗੂਆਂ ਦੀ ਨਕਲ ਕਰਦੇ ਹਨ)। ਇਕ ਰਾਮ ਸਿਮਰਨ ਦੀ ਜੋ ਔਖੀ ਘਾਟੀ ਹੈ, ਕਬੀਰ ਉਸ ਤੇ ਚੜ੍ਹ ਰਿਹਾ ਹੈ (ਕਬੀਰ ਜੀ ਕਰਮ ਕਾਂਡੀ ਨਹੀ ਬਣੇ, ਲੋਕਾਂ ਲਈ ਨਾਮ ਸਿਮਰਨ ਔਖਾ ਹੈ, ਇਸ ਲਈ ਕਬੀਰ ਜੀ ਕਹਿੰਦੇ ਹਨ ਕਿ ਮੈਂ ਉਸ ਸਿਮਰਨ ਵਾਲੇ ਕਠਨ ਰਾਹ ਤੇ ਚਲ ਰਿਹਾ ਹਾਂ)।੧੬੫।

ਪਦਾਰਥ = ਜਿਹ ਮਾਰਗਿ–ਜਿਸ ਕਰਮ ਕਾਂਡ ਦੇ ਰਸਤੇ ਤੇ। ਪਾਛੈ ਪਰੀ–(ਪੰਡਤਾਂ ਦੇ) ਪਿਛੇ ਤੁਰ ਪਈ। ਬਹੀਰ–ਜਾਂਦੇ ਲੋਕਾਂ ਦੀ ਭੀੜ। ਅਵਘਟ ਘਾਟੀ–ਬਿਖੜਾ ਪੈਂਡਾ (ਨਾਮ ਜਪਣ ਵਾਲਾ)। ਤਿਹ–ਉਹ।੧੬੫।

ਵਿਆਖਿਆ = ਪੰਡਤ, ਸੁਰਗਾਂ ਦਾ ਲਾਲਚ ਦੇ ਕੇ ਲੋਕਾਂ ਤੋਂ ਮੂਰਤੀ ਪੂਜਾ, ਵਰਤ, ਜੱਗ, ਦੇਵ ਪੂਜਾ ਤੇ ਹੋਰ ਕਰਮ ਕਾਂਡ ਕਰਾਉਂਦਾ ਹੈ। ਲੋਕਾਂ ਨੂੰ ਇਹ ਕਰਮ ਸੌਖੇ ਲਗਦੇ ਹਨ। ਇਹ ਸੱਪ ਦੀ ਖੁੱਡ ਨੂੰ ਕੁੱਟਣ ਦੇ ਤੁੱਲ ਹੈ, ਸੱਪ ਮਾਰਨ ਦਾ ਉਪਾਉ ਕਠਨ ਹੈ, ਇਸ ਕਰਕੇ ਲੋਕ ਪੰਡਤਾਂ ਦੇ ਮਗਰ ਵਹੀਰਾਂ ਘੱਤ ਕੇ ਲਗ ਤੁਰਦੇ ਹਨ। ਪੰਡਤ ਦੇ ਦੱਸੇ ਕਰਮਾਂ ਨਾਲ ਵਿਕਾਰ ਤਾਂ ਦੂਰ ਹੁੰਦੇ ਨਹੀਂ। ਕਬੀਰ ਜੀ ਕਹਿੰਦੇ ਹਨ, ਮੈਂ ਪੰਡਤਾਂ ਦੇ ਦੱਸੇ ਮਾਰਗ ਨੂੰ ਛੱਡ ਕੇ ਇਕ ਗੁਰਮਤ ਮਾਰਗ ਤੇ ਚਲਿਆ ਹਾਂ, ਜੋ ਲੋਕਾਂ ਭਾਣੇ ਬੜਾ ਕਠਨ ਮਾਰਗ ਹੈ। ਰਾਹ ਬੜਾ ਬਿਖੜਾ ਹੋਣ ਕਰ ਕੇ ਮੇਰੇ ਪਿਛੇ ਲੋਕਾਂ ਦੀ ਭੀੜ ਨਹੀ ਤੁਰੀ। ਮੈਂ ਲੋਕਾਂ ਨੂੰ ਸੁਰਗ ਆਦਿ ਦਾ ਲੋਭ ਨਹੀ ਦਿੰਦਾ। ਸੰਸਾਰੀ ਲੋਕ ਸੌਖਾ ਰਸਤਾ ਭਾਲਦੇ ਹਨ, ਰਹਿਤ ਬਹਿਤ ਰਖਣੀ, ਇਸ਼ਨਾਨ ਕਰਨਾ, ਸੰਗਤ ਵਿਚ ਜਾਣਾ, ਬਾਣੀ ਪੜ੍ਹ ਕੇ ਉਹਦੇ ਤੇ ਅਮਲ ਕਰਕੇ ਜੀਵਨ ਨੂੰ ਵਿਕਾਰਾਂ ਤੋਂ ਰਹਿਤ, ਸੁਚੱਜਾ ਬਣਾਉਣਾ ਲੋਕਾਂ ਨੂੰ ਔਖਾ ਪ੍ਰਤੀਤ ਹੁੰਦਾ ਹੈ। ਇਸੇ ਕਰਕੇ ਝੂਠੇ ਤੇ ਪਖੰਡੀ ਗੁਰੂਆਂ ਦੇ ਢਹੇ ਚੜ੍ਹ ਕੇ ਗੁਰੂ ਨਾਨਕ ਦੇ ਗਾਡੀ ਰਾਹ ਤੋਂ ਬੇਮੁਖ ਹੋ ਜਾਂਦੇ ਹਨ।੧੬੫।

ਕਬੀਰ ਦੁਨੀਆ ਕੇ ਦੋਖੇ ਮੂਆ, ਚਾਲਤ ਕੁਲ ਕੀ ਕਾਨਿ ॥ ਤਬ ਕੁਲ ਕਿਸਕਾ ਲਾਜਸੀ, ਜਬ ਲੇ ਧਰਹਿ ਮਸਾਨਿ ॥੧੬੬॥ ਕਬੀਰ ਜੀ ਕਹਿੰਦੇ ਹਨ, (ਮਨੁੱਖ) ਦੁਨੀਆਂ ਦੇ ਦੋਸ਼ਾਂ ਦਾ ਫਿਕਰ ਕਰਦਾ (ਮੇਰੇ ਵਿਚ ਕੋਈ ਦੋਸ਼ ਨਾ ਕਢ ਦੇਵੇ; ਦੁਨੀਆਂ ਦੇ ਲੋਕਾਂ ਵਿਚ ਦੋਸ਼ ਕਢਦਾ) ਹੋਇਆ ਅਤੇ ਅਪਣੇ ਖਾਨਦਾਨ ਦੀ ਕਨੌਂਡ (ਸ਼ਰਮ) ਵਿਚ ਚਲਦਾ ਹੋਇਆ ਹੀ ਮਰ ਗਿਆ; ਅਪਣੀ ਕੁੱਲ ਦੀ ਲਾਜ ਵਿਚ ਚਲਦਿਆਂ ਹੋਇਆਂ ਦੁਨੀਆਂ ਦੇ ਸੰਸਿਆਂ ਵਿਚ ਹੀ ਮਰ ਗਿਆ (ਕੁਲ ਦੀ ਸ਼ਰਮ, ਕਿ ਲੋਕ ਕੀ ਆਖਣਗੇ ਜੇ ਮੈਂ ਲੋਕਾਂ ਅਨੁਸਾਰ ਨਾ ਚਲਿਆ, ਇਸੇ ਦੋਸ਼ ਦੇ ਫਿਕਰ ਵਿਚ ਮਰ ਜਾਂਦਾ ਹੈ)। ਹੇ ਭਾਈ! ਉਦੋਂ ਕਿਸ ਦੀ ਕੁੱਲ ਸ਼ਰਮਾਏਗੀ? ਜਦੋਂ ਤੈਨੂੰ ਮਸਾਣਾਂ ਵਿਚ ਲਿਆ ਧਰਨਗੇ (ਉਸ ਵੇਲੇ ਭਜਨ ਹੀਣ ਹੋਣ ਕਰਕੇ ਤੇਰੀ ਜੋ ਬੇਪਤੀ ਹੋਣੀ ਹੈ ਤਾਂ ਕਿਸ ਦੀ ਕੁਲ ਨੂੰ ਲੱਜਾ ਆਵੇਗੀ?)।੧੬੬।

ਪਦਾਰਥ = ਦੋਖੇ–ਫਿਕਰ; ਦੋਸ਼ (ਕਢਣ ਵਿਚ); ਧੋਖੇ ਵਿਚ। ਮੂਆ–ਮਰ ਗਿਆ। ਚਾਲਤ–ਚਲਦਾ ਹੋਇਆ। ਕੁਲ ਕੀ–ਖਾਨਦਾਨ ਦੀ। ਕਾਨਿ–ਸ਼ਰਮ (ਲੋਕ ਲਾਜ ਦੀ ਬੰਦਸ਼)। ਲਾਜਸੀ–ਸ਼ਰਮਸਾਰ। ਜਬ–ਜਦੋਂ। ਲੇ ਧਰਹਿ ਮਸਾਨਿ–ਮੜ੍ਹੀਆਂ ਵਿਚ ਲਿਆ ਰੱਖਣਗੇ।੧੬੬।

ਵਿਆਖਿਆ = ਅਨੇਕਾਂ ਲੋਕ ਅਪਣੇ ਖਾਨਦਾਨ ਦੀ ਲਾਜ ਨੂੰ ਮੁਖ ਰਖਕੇ ਧਰਮ ਦੇ ਪਾਸੇ ਨਹੀ ਲਗਦੇ। ਧਰਮ ਕਰਮ ਕਰਨੇ ਨੀਵੀਂ ਪਧਰ ਦਾ ਕੰਮ ਸਮਝਦੇ ਹਨ। ਉਚੀਆਂ ਪਦਵੀਆਂ ਹਾਸਲ ਕਰਕੇ ਝੂਠ ਫਰੇਬ ਦੇ ਰਸਤੇ ਚਲ ਕੇ ਮਾਯਾ ਜਮ੍ਹਾਂ ਕਰਨੀ ਹੀ ਇੱਜਤ ਦਾ ਕੰਮ ਸਮਝਦੇ ਹਨ। ਪਰ ਮਰਨ ਤੋਂ ਬਾਦ ਜਦ ਲੱਕੜਾਂ ਦੇ ਢੇਰ ਉਤੇ ਫੂਕਣ ਵਾਸਤੇ ਰਖਿਆ ਤਾਂ ਉਸ ਵੇਲੇ ਵੀ ਕਹਿ ਕਿ ਮੇਰੀ ਕੁਲ ਨੂੰ ਵੱਟਾ ਲਗਦਾ ਹੈ।੧੬੬।

ਕਬੀਰ ਡੂਬਹਿਗੋ ਰੇ ਬਾਪੁਰੇ, ਬਹੁ ਲੋਗਨ ਕੀ ਕਾਨਿ ॥ ਪਾਰੋਸੀ ਕੇ ਜੋ ਹੂਆ, ਤੂ ਅਪਨੇ ਭੀ ਜਾਨੁ ॥੧੬੭॥ ਕਬੀਰ ਜੀ ਕਹਿੰਦੇ ਹਨ, ਬਹੁਤੇ (ਅੰਗ ਸਾਕਾਂ ਦੀ) ਲੋਕ ਲਾਜ ਵਿਚ ਚਲਦਿਆਂ, ਹੇ ਵਿਚਾਰੇ ਮਨੁੱਖ! ਤੂੰ (ਭਵਜਲ) ਵਿਚ ਹੀ ਡੁਬ ਜਾਵੇਂਗਾ। ਜੋ ਕੁਛ ਤੇਰੇ ਗੁਆਂਢੀ ਦੇ ਹੋਇਆ ਹੈ, ਤੂੰ ਅਪਣੇ ਤੇ ਭੀ ਹੋਇਆ ਜਾਣ ਲੈ (ਜੋ ਮੌਤ ਪੜੌਸੀ ਦੇ ਹੋਈ ਹੈ, ਤੂੰ ਅਪਣੇ ਤੇ ਵੀ ਆਈ ਸਮਝ)।੧੬੭।

ਪਦਾਰਥ = ਡੂਬਹਿਗੋ–(ਸੰਸਾਰ ਸਮੁੰਦਰ ਵਿਚ) ਡੁਬ ਜਾਵੇਂਗਾ। ਰੇ ਬਾਪੁਰੇ–ਹੇ ਵਿਚਾਰੇ (ਤੁੱਛ) ਮਨੁੱਖ!। ਬਹੁ–ਬਹੁਤੇ। ਲੋਗਨ ਕੀ ਕਾਨਿ–ਲੋਕ ਲਾਜ ਵਿਚ। ਪਾਰੋਸੀ–ਪੜੌਸੀ; ਗੁਆਂਢੀ।੧੬੭।

ਕਬੀਰ ਭਲੀ ਮਧੂਕਰੀ, ਨਾਨਾ ਬਿਧਿ ਕੋ ਨਾਜੁ ॥ ਦਾਵਾ ਕਾਹੂ ਕੋ ਨਹੀ, ਬਡਾ ਦੇਸੁ ਬਡ ਰਾਜੁ ॥੧੬੮॥ ਹੇ ਕਬੀਰ! ਭਿਖਿਆ ਦੀ ਰੋਟੀ ਚੰਗੀ ਹੈ, ਜਿਸ ਵਿਚ ਕਈ ਪ੍ਰਕਾਰ ਦਾ ਅਨਾਜ (ਭੋਜਨ ਬਣਿਆ ਖਾਣ ਨੂੰ) ਮਿਲਦਾ ਹੈ (ਹਰੀ ਦਾ ਨਾਮ ਲੈ ਕੇ, ਭਜਨ ਕਰਨ ਵਾਲਿਆਂ ਲਈ ਮੰਗ ਕੇ ਲਿਆਂਦੀ ਹੁੰਦੀ ਹੈ। ਉਸ ਭਿਖਿਆ ਦੇ ਅੰਨ ਤੇ) ਕਿਸੇ ਦਾ ਦਾਵਾ (ਮੇਰ ਤੇਰ ਦਾ ਹੱਕ) ਨਹੀਂ ਹੁੰਦਾ, (ਮੰਗਣ ਵਾਲੇ ਲਈ) ਵੱਡਾ ਦੇਸ਼ ਹੈ (ਜਿੱਥੇ ਮਰਜੀ ਜਾ ਕੇ ਮੰਗੇ, ਲੋਕ ਫਕੀਰ ਜਾਣ ਕੇ ਆਦਰ ਨਾਲ ਰੋਟੀ ਦੇਂਦੇ ਹਨ) ਸਾਰਾ ਰਾਜ ਉਸਦਾ ਹੈ; ਭਿਖਿਆ ਵਾਲਾ ਫਕੀਰ ਸਮਝਦਾ ਹੈ, ਇਹ ਵੱਡਾ ਦੇਸ਼ ਤੇ ਰਾਜ ਹਰੀ ਦਾ ਹੈ (ਮੇਰਾ ਖਿਆਲ)।੧੬੮।

ਪਦਾਰਥ = ਭਲੀ–ਚੰਗੀ। ਮਧੁਕਰੀ–(ਭੌਰਾ ਅਨੇਕਾਂ ਥਾਵਾਂ ਦੇ ਫੁੱਲਾਂ ਦਾ ਰਸ ਲੈਂਦਾ ਹੈ, ਇਵੇਂ ਅਨੇਕਾਂ ਥਾਵਾਂ ਤੋਂ ਮੰਗਿਆ) ਭਿਖਿਆ ਦਾ ਅੰਨ। ਨਾਨਾ ਬਿਧਿ–ਕਈ ਤਰ੍ਹਾਂ ਦਾ। ਨਾਜੁ–ਅਨਾਜ–ਅੰਨ। ਦਾਵਾ–ਅਪਣਾ ਹੱਕ ਜਮਾਉਣਾ। ਰਾਜੁ–ਹਕੂਮਤ। ੧੬੮।

ਵਿਆਖਿਆ = ਨਾਮ ਹੀਣ ਪਦਾਰਥ ਵਾਦੀਆਂ ਨਾਲੋਂ ਪੇਟ ਭਰਨ ਲਈ ਮੰਗ ਕੇ ਰੋਟੀ ਖਾਣੀ ਚੰਗੀ ਹੈ। ਜਿਵੇਂ ਅਮੀਰ ਅਪਣੀਆਂ ਚੀਜਾਂ ਤੇ ਦਾਵਾ ਬੰਨ੍ਹਦੇ ਹਨ, ਮੰਗੀ ਰੋਟੀ ਤੇ ਕਿਸੇ ਦਾ ਦਾਵਾ ਵੀ ਨਹੀ। ਮੰਗਣ ਵਾਲੇ ਲਈ ਖੁਲ੍ਹਾ ਵੱਡਾ ਦੇਸ਼ ਹੈ, ਸਾਰਾ ਰਾਜ ਉਸ ਦਾ ਅਪਣਾ ਹੈ, ਜਿਥੇ ਮਰਜੀ ਜਾ ਕੇ ਮੰਗ ਸਕਦਾ ਹੈ। ਦੂਜੀ ਬਾਤ ਦਾਵਾ ਕਿਸੇ ਤੇ ਨਹੀ ਕਰਦਾ, ਭਾਵੇਂ ਕੋਈ ਟੁੱਕ ਦੇਵੇ, ਭਾਵੇਂ ਨਾ ਦੇਵੇ। ਕਬੀਰ ਜੀ ਦਾ ਭਾਵ ਇਹ ਹੈ, ਦਾਵੇ ਬੰਨ੍ਹਣ ਵਾਲੇ, ਵੱਢੀਆਂ, ਪਰਾਇਆ ਹੱਕ ਖਾਣ ਵਾਲੇ, ਗਰੀਬਾਂ ਦਾ ਖੂਨ ਚੂਸਣ ਵਾਲੇ ਮਾਇਆ ਧਾਰੀ ਲੋਕਾਂ ਨਾਲੋਂ ਰੱਬ ਦਾ ਨਾਂ ਲੈ ਕੇ ਮੰਗ ਕੇ ਰੋਟੀ ਖਾਣ ਵਾਲੇ ਚੰਗੇ ਹਨ। ੧੬੮।

ਕਬੀਰ ਦਾਵੈ ਦਾਝਨੁ ਹੋਤੁ ਹੈ, ਨਿਰਦਾਵੈ ਰਹੈ ਨਿਸੰਕ ॥ ਜੋ ਜਨ ਨਿਰਦਾਵੈ ਰਹੈ, ਸੋ ਗਨੈ ਇੰਦ੍ਰ ਸੋ ਰੰਕ ॥੧੬੯॥ ਕਬੀਰ ਕਹਿੰਦੇ ਹਨ (ਕਿ ਹੇ ਭਾਈ! ਕਿਸੇ ਮਾਇਕੀ ਚੀਜ ਵਿਚ) ਦਾਵਾ ਕਰਨ ਨਾਲ ਜਲਣ (ਦੁਖ) ਹੁੰਦਾ ਹੈ, ਪਰ ਜੋ ਪੁਰਖ ਦਾਵਿਆਂ ਤੋਂ ਰਹਿਤ ਹੈ, ਉਹ ਬੇ ਫਿਕਰ ਰਹਿੰਦਾ ਹੈ। ਜੋ ਪੁਰਖ ਦਾਵਿਆਂ ਤੋਂ ਰਹਿਤ ਰਹਿੰਦਾ ਹੈ, ਉਹ ਪੁਰਖ (ਤੇਤੀ ਕਰੋੜ ਦੇਵਤਿਆਂ ਦੇ ਰਾਜੇ) ਇੰਦਰ ਵਰਗੇ ਨੂੰ ਕੰਗਾਲ ਗਿਣਦਾ ਹੈ; ਉਹ ਇੰਦ੍ਰ ਤੇ ਕੰਗਾਲ ਨੂੰ ਇਕੋ ਜਿਹਾ ਸਮਝਦਾ ਹੈ (ਸ਼ਬਦਾਰਥ)। ੧੬੯।

ਪਦਾਰਥ = ਦਾਵੈ–ਦਾਵਾ ਕਰਨ (ਕਿਸੇ ਚੀਜ ਤੇ ਅਪਣਾ ਹੱਕ ਜਮਾਉਣ) ਨਾਲ। ਦਾਝਨੁ–ਸੜਨ (ਦੁੱਖ)। ਨਿਰਦਾਵੈ–ਜੋ ਮਨੁੱਖ ਕਿਸੇ ਚੀਜ ਤੇ ਅਪਣਾ ਹੱਕ ਨਹੀ ਜਣਾਉਂਦਾ। ਨਿਸੰਕ–ਬੇ ਫਿਕਰ; ਨਿਰਭੈ; ਸੰਸੇ ਰਹਿਤ। ਜੋ ਜਨ–ਜੋ ਮਨੁੱਖ। ਸੋ–ਉਹ। ਸੋ–ਵਰਗੇ ਨੂੰ। ਗਨੈ–ਗਿਣਦਾ ਹੈ। ਰੰਕ–ਕੰਗਾਲ। ੧੬੯। ਜਾਕਾ ਕਹਿਆ ਦਰਗਹ ਚਲੈ। ਸੋ ਕਿਸ ਕਉ ਨਦਰਿ ਲੈ ਆਵੈ ਤਲੈ। (੧੮੬)

ਵਿਆਖਿਆ = ਦਾਵੇ ਵਾਲੀ ਚੀਜ ਜਦ ਹੱਥੋਂ ਚਲੀ ਜਾਵੇ ਤਾਂ ਦੁਖ ਹੁੰਦਾ ਹੈ, ਨਿਰਦਾਵੇ ਵਾਲੇ ਨੂੰ ਕੋਈ ਡਰ ਨਹੀਂ। ਇੰਦ੍ਰ ਵਰਗਿਆਂ ਦੀ ਐਸ਼ ਵਿਚ ਜਦ ਕੋਈ ਬਿਘਨ ਪੈਂਦਾ ਹੈ ਤਾਂ ਸੜਦਾ ਹੈ, ਪਰ ਨਿਰਦਾਵੇ ਵਾਲੇ ਨੂੰ ਕਿਸੇ ਬਿਘਨ ਦਾ ਦੁੱਖ ਹੀ ਨਹੀ। ਇਸੇ ਲਈ ਇੰਦਰ ਕੰਗਾਲ ਵਰਗਾ ਹੈ।

ਸਾਖੀ = ਰਾਜੇ ਸਿਕੰਦਰ ਨੂੰ ਇਕ ਦਰੱਖਤ ਹੇਠ ਬੈਠਾ ਦਰਵੇਸ਼ ਪੁੱਛਦਾ ਹੈ, ਮੈ ਸੁਣਿਆ ਹੈ ਕਿ ਤੂੰ ਦੁਨੀਆਂ ਜਿਤਣ ਚਲਿਆ ਹੈਂ। ਜਦ ਸਿਕੰਦਰ ਨੇ ਕਿਹਾ, ਹਾਂ, ਮੈਂ ਦੁਨੀਆਂ ਜਿਤਣ ਚੱਲਾ ਹਾਂ। ਦਰਵੇਸ਼ ਕਹਿੰਦਾ, ਅੱਵਲ ਤਾਂ ਤੂੰ ਦੁਨੀਆਂ ਜਿਤ ਨਹੀ ਸਕਦਾ, ਜੇ ਜਿਤ ਵੀ ਲਵੇਂ, ਫਿਰ ਕੀ ਕਰੇਂਗਾ? ਸਿਕੰਦਰ ਆਖਦਾ ਹੈ, ਫੇਰ ਮੈਂ ਆਰਾਮ ਨਾਲ ਬੈਠ ਜਾਵਾਂਗਾ। ਦਰਵੇਸ਼ ਕਹਿੰਦਾ ਤੇਰੇ ਨਾਲੋਂ ਫਿਰ ਮੈਂ ਚੰਗਾ ਹਾਂ, ਮੈਂ ਹੁਣੇ ਆਰਾਮ ਨਾਲ ਬੈਠਾ ਹਾਂ। ੧੬੯।

ਕਬੀਰ ਪਾਲਿ ਸਮੁਹਾ ਸਰਵਰੁ ਭਰਾ, ਪੀ ਨ ਸਕੈ ਕੋਈ ਨੀਰੁ ॥ ਭਾਗ ਬਡੇ ਤੈ ਪਾਇਓ, ਤੂੰ ਭਰਿ ਭਰਿ ਪੀਉ ਕਬੀਰ ॥੧੭੦॥ ਕਬੀਰ ਜੀ ਕਹਿੰਦੇ ਹਨ ਕਿ ਸੱਤਸੰਗ ਰੂਪ ਸਰੋਵਰ ਨਾਮ ਜਲ ਨਾਲ ਕੰਢਿਆਂ ਤਕ ਨਕੋ ਨੱਕ ਭਰਿਆ ਹੋਇਆ ਹੈ, (ਇਸ ਸਰੋਵਰ ਵਿਚੋਂ ਬਿਨਾ ਭਾਗਾਂ ਤੋਂ) ਕੋਈ ਪਾਣੀ ਨਹੀ ਪੀ ਸਕਦਾ; ਸੰਸਾਰ ਰੂਪ ਸਰੋਵਰ ਨਾਮ ਜਲ ਨਾਲ ਲਬਾ ਲਬ ਭਰਿਆ ਪਿਆ ਹੈ (ਪਰ ਪਦਾਰਥ ਵਾਦੀਆਂ ਨੂੰ ਸੰਸਾਰ ਵਿਚ ਨਾਮ ਦਿਖ ਹੀ ਨਹੀ ਰਿਹਾ) ਹਰ ਕੋਈ ਪਾਣੀ ਨਹੀ ਪੀ ਸਕਦਾ (ਅਭਾਗਾ ਮਨੁੱਖ ਨਾਮ ਨਹੀ ਜਪ ਸਕਦਾ)। ਹੇ ਕਬੀਰ! ਵੱਡੇ ਭਾਗਾਂ ਨਾਲ ਤੈਂ ਇਹ ਨਾਮ ਜਲ ਪਾਇਆ ਹੈ, ਹੁਣ ਤੂੰ ਬੁੱਕ ਭਰ ਭਰ ਕੇ ਨਾਮ ਜਲ ਪੀ (ਮਨ ਬੁਧੀ ਨੂੰ ਭਜਨ ਵਿਚ ਲਗਾ ਕੇ ਆਤਮ ਅਨੰਦ ਮਾਣ)। ੧੭੦।

ਪਦਾਰਥ = ਪਾਲਿ ਸਮੁਹਾ–ਲਬਾ ਲਬ; ਕੰਢਿਆਂ ਤਕ (ਪਾਲਿ–ਵੱਟ; ਕਿਨਾਰਾ। ਸਮੁਹਾ–ਮੂੰਹ ਤਕ)। ਸਰਵਰ–ਸਰੋਵਰ। ਭਰਾ–ਭਰਿਆ ਹੋਇਆ ਹੈ। ਨੀਰੁ–ਜਲ (ਨਾਮ ਰੂਪ)। ਤੈ–ਤੂੰ। ਭਰਿ ਭਰਿ–(ਬੁੱਕ) ਭਰ ਭਰ ਕੇ। ਪੀਉ–ਪੀ ਲੈ। ੧੭੦।

ਕਬੀਰ ਪਰਭਾਤੇ ਤਾਰੇ ਖਿਸਹਿ, ਤਿਉ ਇਹੁ ਖਿਸੈ ਸਰੀਰੁ ॥ ਏ ਦੁਇ ਅਖਰ ਨਾ ਖਿਸਹਿ, ਸੋ ਗਹਿ ਰਹਿਓ ਕਬੀਰੁ ॥੧੭੧। ਕਬੀਰ ਜੀ ਆਖਦੇ ਹਨ, ਹੇ ਭਾਈ! ਜਿਵੇਂ ਦਿਨ ਚੜ੍ਹਨ ਤੇ ਤਾਰੇ ਖਿਸਕ (ਛਿਪ) ਜਾਂਦੇ ਹਨ, ਤਿਵੇਂ ਇਹ ਸਰੀਰ ਛਿਪ (ਨਾਸ਼ ਹੋ) ਜਾਂਦਾ ਹੈ। ਪਰ ਇਹ ਦੋ ਅੱਖਰ ਰਾ+ਮ ਨਾਸ ਨਹੀ ਹੁੰਦੇ, ਉਹ (ਰਾਮ ਨਾਮ ਅੱਖਰ) ਕਬੀਰ ਗ੍ਰਹਿਣ ਕਰ ਰਿਹਾ ਹੈ। ੧੭੧।

ਪਦਾਰਥ = ਪਰਭਾਤੇ–ਦਿਨ ਚੜ੍ਹਨ ਤੇ। ਖਿਸਹਿ–ਛਿਪਦੇ; ਘਟਦੇ; ਨਾਸ ਹੁੰਦੇ ਹਨ। ਏ–ਇਹ। ਦੁਇ ਅਖਰ–ਰਾ ਅਤੇ ਮ ਦੋ ਅੱਖਰ। ਸੋ–ਉਹ। ਗਹਿ ਰਹਿਓ–ਗ੍ਰਹਿਣ (ਧਾਰਨ) ਕਰ ਰਿਹਾ ਹੈ। ੧੭੧।

ਕਬੀਰ ਕੋਠੀ ਕਾਠ ਕੀ, ਦਹ ਦਿਸਿ ਲਾਗੀ ਆਗਿ ॥ ਪੰਡਿਤ ਪੰਡਿਤ ਜਲਿ ਮੂਏ, ਮੂਰਖ ਉਬਰੇ ਭਾਗਿ ॥੧੭੨॥ ਕਬੀਰ ਜੀ ਆਖਦੇ ਹਨ, ਹੇ ਭਾਈ! ਇਹ ਸੰਸਾਰ ਕਾਠ ਦੀ ਕੋਠੀ ਹੈ, ਇਸ ਨੂੰ ਸਾਰੇ ਪਾਸਿਆਂ ਤੋਂ ਕਾਲ (ਜਾਂ ਮਾਯਾ) ਦੀ ਅੱਗ ਲੱਗੀ ਹੋਈ ਹੈ; ਸਰੀਰ ਲੱਕੜੀ ਦੀ (ਬਣੀ ਹੋਈ) ਕੋਠੀ ਵਾਂਗ ਹੈ, ਇਸ ਦੇ ਦਸਾਂ ਇੰਦ੍ਰੀਆਂ ਵਿਚ ਵਿਸ਼ਿਆਂ ਦੀ ਅੱਗ ਲੱਗੀ ਹੋਈ ਹੈ (ਅੱਖਾਂ ਵਿਚ ਸੁੰਦਰ ਰੂਪ ਦੇਖਣ, ਕੰਨਾਂ ਵਿਚ ਗੰਦੇ ਗਾਣੇ ਸੁਣਨ, ਨੱਕ ਵਿਚ ਸੁਗੰਧੀ, ਜੀਭ ਵਿਚ ਸੁਆਦੀ ਖਾਣੇ ਖਾਣ, ਚਮੜੀ ਵਿਚ ਸਪਰਸ ਦੀ ਅੱਗ ਲਗੀ ਹੋਈ ਹੈ। ਚਲਾਕ ਤੇ ਵਿਦਿਆ ਦੇ ਹੰਕਾਰੀ) ਪੰਡਤ ਤਾਂ (ਮਾਇਆ ਦੀ ਅੱਗ ਵਿਚ) ਸੜ ਕੇ ਮਰ ਗਏ ਹਨ, (ਪਰ ਨਿਮ੍ਰਤਾ ਵਾਲੇ ਭੋਲੇ

ਭਾਲੇ, ਜਿਨ੍ਹਾਂ ਨੂੰ ਪੰਡਤ ਲੋਕ ਬੇਦ ਵਿਦਿਆ ਤੋਂ ਹੀਣੇ ਹੋਣ ਕਰਕੇ ਮੂਰਖ ਕਹਿੰਦੇ ਹਨ, ਉਹ) ਮੂਰਖ ਲੋਕ (ਨਾਮ ਬਾਣੀ ਦੇ ਅਭਿਆਸੀ) ਮਾਇਆ (ਜਾਂ ਕਾਲ) ਦੀ ਅੱਗ ਤੋਂ ਭੱਜ (ਗੁਰੂ ਦੀ ਸ਼ਰਣ ਵਿਚ ਜਾ) ਕੇ ਬਚ ਗਏ ਹਨ।੧੭੨।

ਪਦਾਰਥ = ਕੋਠੀ-ਦੇਹ ਜਾਂ ਸੰਸਾਰ।ਕਾਠ ਕੀ-ਲੱਕੜ ਦੀ (ਛੇਤੀ ਨਾਸ਼ ਹੋ ਜਾਣ ਵਾਲੀ)।ਦਹ ਦਿਸਿ-ਦਸੇ ਦਿਸ਼ਾਂਵਾਂ ਵਿਚ (ਸਾਰੇ ਪਾਸਿਆਂ ਤੋਂ)।ਆਗਿ-ਅੱਗ (ਵਿਸ਼ਿਆਂ; ਮਾਯਾ; ਕਾਲ ਦੀ)।ਜਲਿ ਮੂਏ-ਜਲ ਕੇ ਮਰ ਗਏ।ਮੂਰਖ-ਸਧਾਰਣ (ਆਮ ਸੰਸਾਰੀ) ਲੋਕ। ਉਬਰੇ-ਬਚ ਗਏ।ਭਾਗਿ-ਭੱਜ ਕੇ।੧੭੨।

ਵਿਆਖਿਆ = ਵਿਦਿਆ ਦੇ ਹੰਕਾਰੀਆਂ ਚਲਾਕ ਪੁਰਖਾਂ ਨੂੰ ਰੱਬੀ ਭੈ ਨਹੀ ਹੁੰਦਾ, ਮਾਯਾ ਵਿਚ ਗ੍ਰਸੇ ਰਹਿੰਦੇ ਹਨ।ਜੇ ਘਰ ਨੂੰ ਅੱਗ ਲੱਗ ਜਾਵੇ, ਤਾਂ ਨਿਆਣੇ ਤਾਂ ਡਰ ਕੇ ਭੱਜ ਜਾਂਦੇ ਹਨ, ਪਰ ਘਰ ਦਾ ਮਾਲਕ ਕੀਮਤੀ ਚੀਜਾਂ ਸਾਂਭਦਾ ਹੋਇਆ ਸੜ ਮਰਦਾ ਹੈ।ਬੇਦ ਸ਼ਾਸਤ੍ਰ ਪੜ੍ਹੇ ਹੋਏ ਹੋਣ ਕਰਕੇ ਪੰਡਤ ਅਪਣੇ ਆਪ ਨੂੰ ਬੜਾ ਸਿਆਣਾ ਅਤੇ ਚਤਰ ਸਮਝਦਾ ਹੈ।ਜੋ ਲੋਕ ਬੇਦ ਵਿਦਿਆ ਨਹੀ ਪੜ੍ਹੇ ,ਭਾਵੇਂ ਉਹ ਨਾਮ ਜਪਣ ਵਾਲੇ ਹਨ, ਕਰਮ ਕਾਂਡੀ ਪੰਡਤ ਉਨ੍ਹਾਂ ਨੂੰ ਮੂਰਖ ਸਮਝਦਾ ਹੈ।ਮੂਰਖ ਗੁਰੂ ਦੀ ਸ਼ਰਣ ਪੈ ਕੇ ਨਾਮ ਜਪ ਕੇ ਮਾਯਾ ਤੇ ਕਾਲ ਦੀ ਅੱਗ ਤੋਂ ਬਚ ਜਾਂਦਾ ਹੈ।ਹਮਰੇ ਰਾਮ ਨਾਮ ਕਹਿ ਉਬਰੇ, ਬੇਦ ਭਰੋਸੇ ਪਾਂਡੇ ਡੂਬਿ ਮਰਹਿ।(੯੭੦)।ਪੰਡਿਤੁ ਹੋਇ ਕੈ ਬੇਦੁ ਬਖਾਨੈ। ਮੂਰਖੁ ਨਾਮਦੇਉ ਰਾਮਹਿ ਜਾਨੈ। (੭੧੮)।

ਕਬੀਰ ਸੰਸਾ ਦੂਰਿ ਕਰੁ, ਕਾਗਦ ਦੇਹ ਬਿਹਾਇ ॥ ਬਾਵਨ ਅਖਰ ਸੋਧਿ ਕੈ, ਹਰਿ ਚਰਨੀ ਚਿਤੁ ਲਾਇ ॥੧੭੩॥ ਕਬੀਰ ਜੀ ਆਖਦੇ ਹਨ (ਕਿ ਹੇ ਪੰਡਤ! ਇਹ) ਸੰਸਾ ਦੂਰ ਕਰ ਦੇਹ, (ਕਿ ਕਰਮ ਕਾਂਡ ਕਰਨ ਨਾਲ ਹੀ ਸੰਸਾਰ ਤੋਂ ਤਰਿਆ ਜਾ ਸਕਦਾ ਹੈ, ਉਨ੍ਹਾਂ ਗ੍ਰੰਥਾਂ ਦੇ) ਪੱਤਰਿਆਂ ਨੂੰ ਰੋੜ੍ਹ ਦੇ (ਜਿਨ੍ਹਾਂ ਵਿਚ ਕੇਵਲ ਕਰਮ ਕਾਂਡ ਹੀ ਲਿਖਿਆ ਹੈ।ਹਿੰਦੂ ਧਰਮ ਗ੍ਰੰਥ ਸੰਸਕ੍ਰਿਤ ਜਾਂ ਹਿੰਦੀ ਦੇ ੫੨ ਅਖਰਾਂ ਵਿਚ ਲਿਖੇ ਹਨ) ਇਨ੍ਹਾਂ ਬਵੰਜਾ ਅਖਰਾਂ ਵਿਚ ਲਿਖੇ ਧਰਮ ਗ੍ਰੰਥਾਂ ਦੇ ਸਿਧਾਂਤ ਨੂੰ ਵਿਚਾਰ (ਨਾਮ ਦੀ ਉਤਮ ਵਸਤੂ ਲੱਭ) ਕੇ ਹਰੀ ਦੇ ਚਰਨਾਂ ਵਿਚ ਅਪਣਾ ਚਿਤ ਜੋੜ।੧੭੩। ਬਾਵਨ ਅਖਰ ਜੋਰੇ ਆਨਿ।ਸਕਿਆ ਨ ਅਖਰੁ ਏਕੁ ਪਛਾਨਿ। (੩੪੩)

ਪਦਾਰਥ = ਸੰਸਾ-ਸ਼ੱਕ; ਸੰਦੇਹ।ਕਾਗਦ-(ਕਰਮ ਕਾਂਡ ਵਾਲੇ) ਧਰਮ ਗ੍ਰੰਥ।ਦੇਹ ਬਿਹਾਇ-ਰੋੜ੍ਹ (ਛੱਡ) ਦੇਹ।ਬਾਵਨ ਅਖਰ-੫੨ ਅੱਖਰਾਂ ਵਿਚ ਲਿਖੇ ਗ੍ਰੰਥ।ਸੋਧਿ ਕੈ-ਵਿਚਾਰ ਕੇ।ਚਿਤੁ ਲਾਇ-ਚਿਤ ਜੋੜ।੧੭੩।

ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ ॥ ਮਲਿਆਗਰੁ ਭੁਯੰਗਮ ਬੇਢਿਓ, ਤ ਸੀਤਲਤਾ ਨ ਤਜੰਤ ॥੧੭੪॥ ਹੇ ਕਬੀਰ! ਸੰਤ ਅਪਣੇ ਸੰਤ ਪੁਣੇ (ਸ਼ਾਂਤ ਸੁਭਾਵ) ਨੂੰ ਕਦੇ ਨਹੀ ਛਡਦਾ, ਭਾਵੇਂ ਉਸ ਨੂੰ ਕ੍ਰੋੜਾਂ ਦੁਸ਼ਟ ਲੋਕ ਮਿਲਣ (ਦੁਸ਼ਟਾਂ ਨਾਲ ਵਾਹ ਪੈਣ ਤੇ ਵੀ ਸੰਤ ਅਪਣੇ ਗੁਣਾਂ ਨੂੰ ਨਹੀ ਛਡਦਾ)।ਜਿਵੇਂ ਸੱਪਾਂ ਨੇ ਚੰਦਨ ਦੇ ਬੂਟੇ ਨੂੰ ਲਪੇਟਿਆ ਹੁੰਦਾ ਹੈ, ਪਰ ਚੰਦਨ (ਦਾ ਬੂਟਾ ਅਪਣੀ) ਠੰਢਕ ਨਹੀ ਛਡਦਾ (ਸੰਤ ਕੁਸੰਗੀਆਂ ਦੇ ਔਗੁਣਾਂ ਨੂੰ ਨਹੀਂ ਧਾਰਦੇ ਅਤੇ ਬੁਰਾ ਕਰਨ ਵਾਲੇ ਦਾ ਵੀ ਭਲਾ ਕਰਦੇ ਹਨ)।੧੭੪।

ਪਦਾਰਥ = ਸੰਤਈ-ਸੰਤਤਾਈ।ਜਉ-ਜੇਕਰ; ਭਾਵੇਂ।ਕੋਟਿਕ-ਕ੍ਰੋੜਾਂ ਹੀ।ਅਸੰਤ-ਕੁਸੰਗੀ।ਮਲਿਆਗਰੁ-ਚੰਦਨ।ਭੁਯੰਗਮ-ਸਪਾਂ ਨੇ। ਬੇਢਿਓ-ਲਪੇਟਿਆ ਹੁੰਦਾ ਹੈ।ਤ-ਪਰ (ਪ੍ਰੰਤੂ); ਫਿਰ ਵੀ।ਸੀਤਲਤਾ-ਠੰਢਕ।੧੭੪।

ਵਿਆਖਿਆ = ਸੱਪ ਅਪਣੀ ਤਪਸ਼ ਦੂਰ ਕਰਨ ਲਈ ਚੰਦਨ ਨੂੰ ਲਿਪਟਦੇ ਹਨ, ਚੰਦਨ ਜਹਿਰੀਲੇ ਸੱਪਾਂ ਨੂੰ ਵੀ ਠੰਢ ਦੇਂਦਾ ਹੈ, ਜਿਵੇਂ ਫੁੱਲ ਸਭ ਨੂੰ ਇਕੋ ਜਿਹੀ ਮਹਿਕ ਦੇਂਦਾ ਹੈ।ਸੱਪ ਫੁੰਕਾਰੇ ਮਾਰ ਕੇ ਹਵਾ ਨੂੰ ਵਿਹੁਲਾ ਕਰਦੇ ਹਨ, ਪਰ ਚੰਦਨ ਉਸ ਹਵਾ ਵਿਚ ਵੀ ਮਹਿਕ ਭਰਦਾ ਹੈ।ਚੰਦਨ ਨੂੰ ਕੋਈ ਕੁਹਾੜੇ ਨਾਲ ਵੱਢੇ, ਚੰਦਨ ਕੁਹਾੜੇ ਨੂੰ ਵੀ ਮਹਿਕ ਦੇਂਦਾ ਹੈ।ਇਸੇ ਤਰ੍ਹਾਂ ਸੰਤ ਸਭ ਦਾ ਭਲਾ ਕਰਦੇ ਹਨ।੧੭੪।

ਕਬੀਰ ਮਨੁ ਸੀਤਲੁ ਭਇਆ, ਪਾਇਆ ਬ੍ਰਹਮ ਗਿਆਨੁ ॥ ਜਿਨਿ ਜੁਆਲਾ ਜਗੁ ਜਾਰਿਆ, ਸੁ ਜਨ ਕੇ ਉਦਕ ਸਮਾਨਿ ॥੧੭੫॥ ਕਬੀਰ ਜੀ ਕਹਿੰਦੇ ਹਨ ਕਿ (ਜਦ ਗੁਰੂ ਦੀ ਕ੍ਰਿਪਾ ਨਾਲ) ਮੈਂ ਬ੍ਰਹਮ ਗਿਆਨ ਪਾਇਆ, ਤਾਂ ਮੇਰਾ ਮਨ ਸੀਤਲ ਹੋ ਗਿਆ।ਜਿਸ ਮਾਇਆ ਦੀ ਅੱਗ ਨੇ ਸਾਰੇ ਜਗਤ ਨੂੰ ਸਾੜਿਆ ਹੈ, ਉਹ (ਮਾਇਆ) ਭਗਤਾਂ ਦੇ ਵਾਸਤੇ ਪਾਣੀ ਵਰਗੀ ਹੋ ਗਈ (ਸਾਰੇ ਸੰਸਾਰ ਨੂੰ ਸਾੜਨ ਵਾਲੀ ਮਾਯਾ ਰੂਪ ਅੱਗ ਭਗਤਾਂ ਲਈ ਠੰਢੀ ਹੋ ਕੇ ਸੇਵਾ ਕਰਦੀ ਹੈ)।੧੭੫।

ਪਦਾਰਥ = ਭਇਆ-ਹੋ ਗਿਆ।ਜਿਨਿ-ਜੁਆਲਾ-ਜਿਸ (ਮਾਇਆ ਜਾਂ ਤ੍ਰਿਸ਼ਨਾ ਦੀ) ਅੱਗ ਨੇ।ਜਗੁ ਜਾਰਿਆ-ਜਗਤ ਨੂੰ ਸਾੜਿਆ ਹੈ।ਸੋ-ਉਹ (ਮਾਇਆ; ਤ੍ਰਿਸ਼ਨਾ)।ਜਨ ਕੇ-ਭਗਤਾਂ ਦੇ ਵਾਸਤੇ।ਉਦਕ-ਪਾਣੀ।ਸਮਾਨਿ-ਵਰਗੀ।੧੭੫।

ਵਿਆਖਿਆ = ਲੋਕ ਮਾਇਆ ਲਈ ਕੁੜ੍ਹਦੇ, ਝਗੜਦੇ, ਈਰਖਾ ਅਤੇ ਪਾਪ ਕਰਦੇ ਹਨ, ਇਸ ਤਰ੍ਹਾਂ ਮਾਯਾ ਸਭ ਨੂੰ ਸਾੜਦੀ ਹੈ।ਸੰਤ ਮਾਯਾ ਨੂੰ ਪ੍ਰਮਾਰਥ ਅਤੇ ਪਰ ਉਪਕਾਰ ਲਈ ਵਰਤ ਕੇ ਜਲ ਵਾਂਗ ਸੀਤਲਤਾ ਦਾ ਕੰਮ ਲੈ ਕੇ ਲੋਕਾਂ ਦੇ ਦੁੱਖ ਦੂਰ ਕਰਦੇ ਹਨ।੧੭੫।

ਕਬੀਰ ਸਾਰੀ ਸਿਰਜਨਹਾਰ ਕੀ, ਜਾਨੈ ਨਾਹੀ ਕੋਇ ॥ ਕੈ ਜਾਨੈ ਆਪਨ ਧਨੀ, ਕੈ ਦਾਸੁ ਦੀਵਾਨੀ ਹੋਇ ॥੧੭੬॥ ਕਬੀਰ ਜੀ ਕਹਿੰਦੇ ਹਨ ਕਿ ਇਹ ਸਾਰੀ ਸ੍ਰਿਸਟੀ ਰਚਣਹਾਰ ਹਰੀ ਦੀ ਹੈ (ਭਾ: ਵੀਰ ਸਿੰਘ); ਇਹ ਸੰਸਾਰ ਰਚਣਹਾਰ ਹਰੀ ਦੀ ਇਕ ਖੇਡ (ਬਾਜੀ) ਹੈ, ਇਸ ਦੇ ਭੇਤ ਨੂੰ ਕੋਈ ਨਹੀ ਜਾਣਦਾ (ਜਿਵੇਂ ਚੌਪੜ ਦੀ ਖੇਡ ਨੂੰ ਖੇਡ ਦਾ ਜਾਣਕਾਰ ਹੀ ਜਾਣਦਾ ਹੈ।ਇਸ ਸੰਸਾਰ ਖੇਡ ਨੂੰ) ਜਾਂ ਤਾਂ

ਮਾਲਕ ਹਰੀ ਜਾਣਦਾ ਹੈ, ਜਾਂ ਫਿਰ (ਹਰੀ ਦੇ) ਦਿਵਾਨ ਵਿਚ ਰਹਿਣ ਵਾਲਾ (ਨਜਦੀਕੀ) ਦਾਸ ਜਾਣਦਾ ਹੈ।੧੭੬।
ਪਦਾਰਥ = ਸਾਰੀ-ਸਰਬ (ਸੰਸਾਰ); ਖੇਡ; ਬਾਜੀ; ਰਚੀ ਹੋਈ।ਕੈ-ਜਾਂ; ਅਥਵਾ।ਧਨੀ-ਮਾਲਕ ਹਰੀ।ਦੀਵਾਨੀ-(ਹਰੀ ਦੇ) ਦਰਬਾਰ ਵਿਚ ਰਹਿਣ ਵਾਲੇ ਦਰਵਾਨ (ਨੇੜੇ ਰਹਿਣ ਵਾਲਿਆਂ ਨੂੰ ਭੇਤ ਹੁੰਦਾ ਹੈ); ਸੰਸਾਰ ਵੱਲੋਂ ਮਸਤਾਨੇ ਹੋਏ ਸੰਤ।੧੭੬।
ਅੰਗ ੧੩੭੪ = ਕਬੀਰ ਭਲੀ ਭਈ ਜੋ ਭਉ ਪਰਿਆ, ਦਿਸਾ ਗਈਂ ਸਭ ਭੂਲਿ ॥ ਓਰਾ ਗਰਿ ਪਾਨੀ ਭਇਆ, ਜਾਇ ਮਿਲਿਓ ਢਲਿ ਕੂਲਿ ॥੧੭੭॥ ਕਬੀਰ ਜੀ ਆਖਦੇ ਹਨ ਕਿ ਬੜੀ ਚੰਗੀ ਗਲ ਹੋਈ ਹੈ, ਜੋ ਹਰੀ ਦਾ ਭੈ ਹਿਰਦੇ ਵਿਚ ਆ ਪਿਆ ਹੈ, ਮਾਇਆ ਵੱਲ ਲਾਉਣ ਵਾਲੀ ਬ੍ਰਿਤੀ ਦੀ ਸਾਰੀ ਦਿਸ਼ਾ ਭੁੱਲ ਗਈ (ਬ੍ਰਿਤੀ ਮਾਇਆ ਤੋਂ ਉਲਟ ਕੇ ਹਰੀ ਵੱਲ ਲਗ ਗਈ।ਜਿਵੇਂ ਸੂਰਜ ਦੀ ਤਪਸ਼ ਨਾਲ) ਗੜਾ ਗਲ ਕੇ ਪਾਣੀ ਰੂਪ ਹੋ ਜਾਂਦਾ ਹੈ ਅਤੇ ਢਲ ਕੇ ਨਦੀ ਵਿਚ ਜਾ ਮਿਲਦਾ ਹੈ।ਗੁਰੂ ਰੂਪ ਸੂਰਜ ਦੀ ਸਿਖਿਆ ਰੂਪ ਕਿਰਣਾਂ ਨਾਲ ਗੜੇ ਵਾਂਗ, ਹਰੀ ਤੋਂ ਦੂਰ ਹੋਇਆ ਕਠੋਰ ਮਨ ਗਲ ਕੇ ਪਾਣੀ ਵਾਂਗ ਨਿਮ੍ਰਤਾ, ਸ਼ਾਂਤ ਸੁਭਾਵ ਵਾਲਾ ਹੋ ਗਿਆ, ਨਾਮ ਜਪ ਕੇ ਹਰੀ ਵਿਚ ਜਾ ਮਿਲਿਆ।੧੭੭।
ਪਦਾਰਥ = ਭਲੀ ਭਈ-ਚੰਗੀ ਗਲ ਹੋਈ।ਭਉ ਪਰਿਆ-ਡਰ ਆ ਪਿਆ ਹੈ।ਦਿਸਾ-(ਮਾਯਾ ਵਾਲੇ) ਪਾਸੇ (ਤਰਫ)।ਓਰਾ-ਗੜਾ (ਠੰਢ ਨਾਲ ਜੰਮੀਆਂ ਮੀਂਹ ਦੀਆਂ ਬੂੰਦਾਂ)।ਗਰਿ-ਗਲ੍ਹ ਕੇ।ਢਲਿ-ਢਲ੍ਹ (ਪਿਘਲ) ਕੇ।ਕੂਲਿ-ਛੋਟੀ ਨਦੀ (ਪਹਾੜਾਂ ਵਿਚੋਂ ਸਿਮ ਕੇ ਆਉਣ ਵਾਲਾ ਪਾਣੀ ਦਾ ਨਾਲਾ)।੧੭੭।
ਕਬੀਰਾ ਧੂਰਿ ਸਕੇਲਿ ਕੈ, ਪੁਰੀਆ ਬਾਂਧੀ ਦੇਹ ॥ ਦਿਵਸ ਚਾਰਿ ਕੋ ਪੇਖਨਾ, ਅੰਤਿ ਖੇਹ ਕੀ ਖੇਹ ॥੧੭੮॥ ਕਬੀਰ ਜੀ ਕਹਿੰਦੇ ਹਨ, ਹੇ ਭਾਈ! ਹਰੀ ਨੇ ਮਿੱਟੀ (ਆਦਿ ਤੱਤ) ਕੱਠੇ ਕਰਕੇ ਦੇਹ ਦੀ ਪੁੜੀ (ਜਾਂ ਨਗਰੀ) ਬੰਨ੍ਹੀ ਹੈ।(ਪਰ ਇਸ) ਦੇਹ ਦਾ ਦਿਖਾਵਾ ਚਾਰ (ਥੋੜੇ) ਦਿਨਾਂ ਦਾ ਹੀ ਹੈ; ਦੇਹ ਦਾ ਖੇਲ ਤਮਾਸ਼ਾ ਚਾਰ ਦਿਨਾਂ ਦਾ ਹੈ, ਮਿੱਟੀ ਦੀ ਇਹ ਦੇਹ ਅੰਤ ਨੂੰ ਮਿੱਟੀ ਹੀ ਹੋ ਜਾਣੀ ਹੈ।੧੭੮।
ਪਦਾਰਥ = ਧੂਰਿ-ਮਿੱਟੀ।ਸਕੇਲਿ ਕੈ-ਇਕੱਠੀ ਕਰਕੇ।ਪੁਰੀਆ-ਪੁੜੀ; ਨਗਰੀ; ਪੁਤਲੀ।ਦੇਹ-ਸਰੀਰ।ਦਿਵਸ ਚਾਰਿ ਕੋ-ਚਾਰ (ਥੋੜੇ) ਦਿਨਾਂ ਨੂੰ।ਪੇਖਨਾ-ਦਿਖਾਵਾ; ਦੇਖਣ ਮਾਤ੍ਰ; ਤਮਾਸ਼ਾ।ਖੇਹ-ਮਿੱਟੀ। ੧੭੮ ।
ਕਬੀਰ ਸੂਰਜ ਚਾਂਦ ਕੈ, ਉਦੈ ਭਈ ਸਭ ਦੇਹ ॥ ਗੁਰ ਗੋਬਿੰਦ ਕੇ ਬਿਨੁ ਮਿਲੇ, ਪਲਟਿ ਭਈ ਸਭ ਖੇਹ ॥੧੭੯॥ ਕਬੀਰ ਜੀ ਕਹਿੰਦੇ ਹਨ ਕਿ ਜਿਵੇਂ ਸੂਰਜ ਤੇ ਚੰਦ ਹਰ ਰੋਜ ਉਦੇ ਹੁੰਦੇ ਹਨ, ਇਸੇ ਤਰ੍ਹਾਂ ਸਮੂਹ ਜੀਵਾਂ ਦੀਆਂ ਦੇਹਾਂ ਪੈਦਾ ਹੋਈਆਂ ਹਨ; ਕਈਆਂ ਦੀ ਦੇਹ ਸੂਰਜ ਦੇ ਸਮੇਂ ਦਿਨੇ ਪੈਦਾ ਹੋਈ ਹੈ, ਕਈਆਂ ਦੀ ਦੇਹ ਰਾਤ ਨੂੰ ਪੈਦਾ ਹੋਈ ਹੈ; ਕੋਈ ਤਮੋ ਗੁਣੀ ਸੂਰਜ ਵਾਂਗ, ਕੋਈ ਸਤੋ ਗੁਣੀ ਚੰਦ ਵਾਂਗ ਜਨਮਦੇ ਹਨ (ਇਸ ਪੰਗਤੀ ਦੇ ਸਾਰੇ ਅਰਥ ਗਿਃ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੀ ਟੇਪ ਚੋਂ)।ਗੁਰੂ ਅਤੇ ਗੋਬਿੰਦ ਨੂੰ ਬਿਨਾ ਮਿਲੇ (ਇਹ ਦੇਹਾਂ ਬਾਲ ਜੁਆਨੀ ਬਿਰਧ ਅਵਸਥਾ ਵਿਚ) ਪਰਤ ਕੇ ਮਿੱਟੀ (ਨਿਸਫਲ) ਹੋ ਜਾਂਦੀਆਂ ਹਨ।੧੭੯।
ਪਦਾਰਥ = ਸੂਰਜ ਚਾਂਦ ਕੈ-ਸੂਰਜ ਦੇ ਸਮੇਂ ਦਿਨੇ।ਚਾਂਦ-ਰਾਤ ਦੇ ਸਮੇਂ।ਉਦੈ ਭਈ-ਪੈਦਾ ਹੋਈਆਂ ਹਨ।ਪਲਟਿ-ਉਲਟ ਕੇ।ਖੇਹ-ਮਿੱਟੀ (ਨਿਸਫਲ)।੧੭੯।
ਵਿਆਖਿਆ = ਜਿਵੇਂ ਸੂਰਜ ਚੰਦ ਚੜ੍ਹਦੇ ਹਨ,ਤੇ ਛਿਪ ਜਾਂਦੇ ਹਨ,ਇਸੇ ਤਰ੍ਹਾਂ ਦੇਹਾਂ ਪੈਦਾ ਹੋ ਕੇ,ਉਮਰ ਭੋਗ ਕੇ ਮਿੱਟੀ ਵਿਚ ਮਿਲ ਜਾਂਦੀਆਂ ਹਨ, ਮੁੜ ਫੇਰ ਮਿੱਟੀ ਵਿਚੋਂ ਪ੍ਰਗਟ ਹੁੰਦੀਆਂ ਹਨ।ਜਿਨ੍ਹਾਂ ਨੇ ਦੇਹ ਧਾਰ ਕੇ ਗੁਰੂ ਰਾਹੀ ਜੀਵਨ ਸਫਲ ਕਰ ਲਿਆ, ਉਹ ਮੁੜ ਨਹੀ ਜਨਮਦੇ।ਜਿਵੇਂ ਸੂਰਜ ਚੰਦ ਤੋਂ ਸਾਰੇ ਜਗਤ ਨੂੰ ਲਾਭ ਹੁੰਦਾ ਹੈ, ਫਸਲਾਂ ਪੱਕ ਹੁੰਦੀਆਂ ਹਨ, ਮਿਠਾਸ ਭਰ ਹੁੰਦੀ ਹੈ।ਇਸੇ ਤਰ੍ਹਾਂ ਦੇਹੀ ਨੂੰ ਭਜਨ ਦਾ ਹੀ ਲਾਭ ਹੈ।੧੭੯।
ਜਹ ਅਨਭਉ ਤਹ ਭੈ ਨਹੀ, ਜਹ ਭਉ ਤਹ ਹਰਿ ਨਾਹਿ ॥ ਕਹਿਓ ਕਬੀਰ ਬਿਚਾਰਿ ਕੈ, ਸੰਤ ਸੁਨਹੁ ਮਨ ਮਾਹਿ ॥੧੮੦॥ ਜਿਸ ਦੇ ਹਿਰਦੇ ਵਿਚ ਹਰੀ ਦਾ ਗਿਆਨ ਹੈ, ਉਸ ਨੂੰ ਮੌਤ ਦਾ ਡਰ ਨਹੀ ਹੁੰਦਾ, ਜਿਸ ਦਿਲ ਵਿਚ ਦੁਨੀਆਵੀ ਭੈ ਹੈ, ਉਸ ਮਨੁੱਖ ਨੂੰ ਹਰੀ ਨਹੀ ਮਿਲਦਾ।ਕਬੀਰ ਜੀ ਨੇ (ਇਹ ਬਚਨ) ਬਿਚਾਰ ਕੇ ਕਿਹਾ ਹੈ, ਹੇ ਸੰਤ ਜਨੋਂ! ਤੁਸੀਂ (ਇਸ ਉਪਦੇਸ਼ ਨੂੰ) ਸੁਣੋ, ਤੇ ਮਨ ਵਿਚ ਧਾਰਣ ਕਰ ਲਵੋ।੧੮੦।
ਪਦਾਰਥ = ਜਹ-ਜਿਸ ਦੇ; ਜਿਥੇ।ਅਨਭਉ-ਅਨੁਭਵੀ ਗਿਆਨ (ਜੋ ਕੁਦਰਤੀ ਹੁੰਦਾ ਹੈ); ਜੀਵਨ ਦੀ ਸੂਝ ਬੂਝ; ਨਿਰਭਉ ਹਰੀ ਦਾ ਗਿਆਨ {ਡਰ ਘਰੁ ਘਰਿ ਡਰੁ ,ਡਰਿ ਡਰੁ ਜਾਇ ੧੫੧}।ਤਹ-ਉਸ ਨੂੰ; ਉਥੇ।ਮਨ ਮਾਹਿ-ਮਨ ਵਿਚ।੧੮੦।
ਕਬੀਰ ਜਿਨਹੁ ਕਿਛੂ ਜਾਨਿਆ ਨਹੀ, ਤਿਨ ਸੁਖ ਨੀਦ ਬਿਹਾਇ ॥ ਹਮਹੁ ਜੁ ਬੂਝਾ ਬੂਝਨਾ, ਪੂਰੀ ਪਰੀ ਬਲਾਇ ॥੧੮੧॥ ਕਬੀਰ ਜੀ ਕਹਿੰਦੇ ਹ ਨ ਕਿ ਜਿਨ੍ਹਾਂ ਨੇ ਹਰੀ ਦੇ ਭਜਨ ਜਾਂ ਜੀਵਨ ਦੇ ਮਨੋਰਥ ਨੂੰ ਕੁਛ ਜਾਣਿਆ ਹੀ ਨਹੀ, ਐਸੇ ਅਗਿਆਨੀ ਪੁਰਖਾਂ ਦੀ ਜੀਵਨ ਰੂਪ ਰਾਤ ਨੀਂਦ ਅਤੇ ਸੁੱਖਾਂ (ਜਾਂ ਸੁੱਖਾਂ ਦੀ ਨੀਂਦ) ਵਿਚ ਹੀ ਬੀਤ ਜਾਂਦੀ ਹੈ (ਸੰਸਾਰਕ ਸੁਖਾਂ ਨੂੰ ਮੁੱਖ ਰਖਿਆ ਹੈ)।ਅਸੀਂ ਜੋ ਅਪਣੇ ਗੁਰੂ ਤੋਂ ਬਿਚਾਰ ਸਮਝੀ ਹੈ (ਕਿ ਨਾਮ ਭਜਨ ਬਿਨਾ ਨੀਂਦ ਦੇ ਸੁਖਾਂ ਦੀ) ਮੁਕੰਮਲ ਬਲਾ ਸੰਸਾਰੀ ਲੋਕਾਂ ਦੇ ਗਲ ਪਈ ਹੋਈ ਹੈ।
ਦੂਜਾ ਅਰਥ = ਜਿਨ੍ਹਾਂ ਨੇ ਸੰਸਾਰਕ ਸੁਖਾਂ ਜਾਂ ਮਾਇਆ ਨੂੰ ਕੁੱਛ ਵੀ ਨਹੀ ਜਾਣਿਆ ਭਾਵ ਮਿਥਿਆ ਜਾਣਿਆ ਹੈ, ਉਨ੍ਹਾਂ ਦੀ ਅਵਿਦਿਆ

ਦੀ ਨੀਂਦ ਦੂਰ ਹੋ ਗਈ ਹੈ, ਤੇ ਆਤਮ ਸੁਖ ਪ੍ਰਾਪਤ ਹੋਇਆ ਹੈ।ਅਸੀਂ ਗੁਰੂ ਤੋਂ ਜੋ ਵਿਚਾਰ ਸਮਝੀ ਹੈ (ਕਿ ਜੀਵਨ ਜਾਂ ਹਰੀ ਨੂੰ ਜਾਣੇ ਬਿਨਾ) ਮਾਯਾ ਦੀ ਪੂਰੀ ਬਲਾ ਗਲ ਪਈ ਰਹਿੰਦੀ ਹੈ।੧੯੧।

ਪਦਾਰਥ = ਜਿਨਹੁ–ਜਿਨ੍ਹਾਂ ਨੇ।ਨੀਦ–ਨੀਂਦ (ਬੇ ਫਿਕਰੀ); ਅਵਿਦਿਆ ਦੀ ਨੀਂਦ।ਬਿਹਾਇ–ਬੀਤਦੀ ਹੈ; ਦੂਰ ਹੋ ਜਾਂਦੀ ਹੈ।ਹਮਹੁ–ਅਸੀਂ।ਬੂਝਾ ਬੂਝਨਾ–ਗਿਆਨ ਸਮਝਿਆ ਹੈ।ਪੂਰੀ–ਮੁਕੰਮਲ।ਪਰੀ ਬਲਾਇ–ਆਫਤ ਪਈ ਹੋਈ ਹੈ।੧੯੧।

ਕਬੀਰ ਮਾਰੇ ਬਹੁਤ ਪੁਕਾਰਿਆ, ਪੀਰ ਪੁਕਾਰੈ ਅਉਰ ॥ ਲਾਗੀ ਚੋਟ ਮਰੰਮ ਕੀ, ਰਹਿਓ ਕਬੀਰਾ ਠਉਰ ॥੧੯੨॥ ਹੇ ਕਬੀਰ! ਮਾੜੇ (ਸਿਮਰਨ ਹੀਣ ਕਮਜੋਰ ਮਨ ਵਾਲੇ) ਮਨੁੱਖ ਬਹੁਤ ਪੁਕਾਰਦੇ ਹਨ (ਕੇਵਲ ਲੋਕਾਂ ਨੂੰ ਪੁਕਾਰ ਕੇ ਸਿਖਿਆ ਦੇਂਦੇ ਹਨ, ਆਪ ਅਮਲ ਨਹੀ ਕਰਦੇ, ਪਰ ਨਾਮ ਸਿਮਰਨ ਵਾਲੇ ਜੋ) ਪੀਰ ਹਨ, ਉਹ ਹੋਰ ਤਰ੍ਹਾਂ ਪੁਕਾਰਦੇ ਹਨ (ਉਹ ਜੋ ਕੁਛ ਕਹਿੰਦੇ, ਆਪ ਵੀ ਅਮਲ ਕਰਦੇ ਹਨ; ਜਿਵੇਂ ਕੋਈ ਪੁਰਖ (ਸ਼ਸ਼ਤ੍ਰ ਦੇ) ਮਾਰਨ ਤੇ ਬਹੁਤ ਪੁਕਾਰਦਾ ਹੈ (ਦੁਖੀ ਹੋਇਆ ਰੋਂਦਾ ਹੈ) ਜਦ ਪੀੜ ਹੁੰਦੀ ਹੈ, ਉਹ ਹੋਰ ਜਿਆਦਾ ਪੁਕਾਰਦਾ ਹੈ। ਜਿਸ ਦੇ ਗੁੱਝੀ ਥਾਂ (ਦਿਲ) ਤੇ ਪ੍ਰੇਮ ਦੀ ਚੋਟ ਲੱਗੀ ਹੈ, ਕਬੀਰ ਥਾਂ ਤੇ (ਪ੍ਰੇਮ ਦੀ ਚੋਟ ਮਾਰਨ ਵਾਲੇ ਹਰੀ ਦੇ ਚਰਨਾਂ ਤੇ ਹੀ ਡਿਗਿਆ) ਰਹਿ ਵ ਟਿਕ ਗਿਆ ਹੈ (ਹਿੱਲਣ ਯੋਗ ਨਹੀ ਰਿਹਾ)।੧੯੨।

ਪਦਾਰਥ = ਮਾਰੇ–ਮਾੜੇ (ਦਿਲ ਦੇ ਕਮਜੋਰ); ਸਸ਼ਤ੍ਰ ਦੇ ਮਾਰਨ ਤੇ।ਪੀਰ–ਦਰਦ; ਗੁਰੂ।ਅਉਰ–ਹੋਰ।ਚੋਟ–ਸੱਟ (ਪ੍ਰੇਮ ਜਾਂ ਸ਼ਬਦ ਦੀ)।ਮਰੰਮ ਕੀ–(ਸਰੀਰ ਦਾ ਕੋਈ) ਗੁੱਝਾ ਅੰਗ ਜਿੱਥੇ ਸੱਟ ਲਗਣ ਨਾਲ ਮਨੁੱਖ ਮਰ ਜਾਂਦਾ ਹੈ (ਦਿਲ)।ਠਉਰ–ਥਾਂ ਤੇ ਹੀ (ਪੁਕਾਰਨ ਯੋਗ ਨਾ ਰਿਹਾ)।੧੯੨।

ਕਬੀਰ ਚੋਟ ਸੁਹੇਲੀ ਸੇਲ ਕੀ, ਲਾਗਤ ਲੇਇ ਉਸਾਸ ॥ ਚੋਟ ਸਹਾਰੈ ਸਬਦ ਕੀ, ਤਾਸੁ ਗੁਰੂ ਮੈ ਦਾਸ ॥੧੯੩। ਹੇ ਕਬੀਰ! ਨੇਜੇ ਦੀ ਚੋਟ ਸਹਿਣੀ ਸੌਖੀ ਹੈ (ਕਿਉਂਕਿ ਨੇਜਾ) ਲੱਗਣ ਤੇ ਹਾਉਕੇ (ਲੰਬੇ ਸਾਹ ਜਾਂ ਦੋ ਚਾਰ ਸਾਹ) ਤਾਂ ਲੈ ਸਕਦਾ ਹੈ।(ਪਰ) ਜਿਹੜਾ ਪੁਰਖ ਸ਼ਬਦ ਦੀ ਚੋਟ ਸਹਿੰਦਾ ਹੈ (ਜੀਵਤ ਭਾਵ ਤੋਂ ਮਰਦਾ ਹੈ; ਗੁਰੂ ਦਾ ਹੁਕਮ ਮੰਨਦਾ ਹੈ), ਉਹ ਮੇਰਾ ਗੁਰੂ ਤੇ ਮੈਂ ਉਸਦਾ ਦਾਸ ਹਾਂ।੧੯੩।

ਪਦਾਰਥ = ਚੋਟ–ਸੱਟ।ਸੇਲ ਕੀ–ਨੇਜੇ ਦੀ।ਸੁਹੇਲੀ–ਸੌਖੀ।ਉਸਾਸ–ਲੰਬੇ ਸਾਹ ਲੈਣੇ (ਹਾਉਕੇ)।ਤਾਸੁ–ਉਹ ਦਾ।੧੯੩।

ਵਿਆਖਿਆ = ਨੇਜਾ ਲਗਦਿਆਂ ਹਾਉਕਾ ਤਾਂ ਮਰਨ ਸਮੇਂ ਲੈ ਸਕੀਦਾ ਹੈ, ਪਰ ਸ਼ਬਦ ਦੀ ਚੋਟ, ਲਗਦੇ ਹੀ ਮੁਰਦਾ ਕਰ ਦੇਂਦੀ ਹੈ ਭਾਵ ਜੀਵਤ ਭਾਵ ਤੋਂ ਮਾਰਦੀ ਹੈ, ਇਸਨੂੰ ਸਹਿਣਾ ਕਠਨ ਹੈ।ਜਾਂ ਨੇਜੇ ਦੀ ਚੋਟ ਲਗਦਿਆਂ ਹੀ ਸਾਹ ਲੈ ਲੈਂਦੀ ਹੈ, ਪਰ ਸ਼ਬਦ ਦੀ ਚੋਟ ਜਾਨੋਂ ਨਹੀ ਮਾਰਦੀ, ਹਉਮੈ ਨੂੰ ਮਾਰਦੀ ਹੈ, ਇਸਨੂੰ ਸਹਾਰਨਾ ਔਖਾ ਹੈ ਭਾਵ ਹਉਮੈ ਦਾ ਤਿਆਗ ਬਹੁਤ ਔਖਾ ਹੈ।ਨੇਜੇ ਦੀ ਚੋਟ ਨਾਲ ਜਖਮੀ ਹੋਇਆ ਬੰਦਾ ਉਠ ਸਕਦਾ ਹੈ ਪਰ ਸ਼ਬਦ ਦੀ ਚੋਟ ਨਾਲ ਉਠਿਆ ਹੀ ਨਹੀ ਜਾ ਸਕੀਦਾ।੧੯੩।

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ, ਸਾਂਈ ਨ ਬਹਰਾ ਹੋਇ ॥ ਜਾ ਕਾਰਨਿ ਤੂੰ ਬਾਂਗ ਦੇਹਿ, ਦਿਲ ਹੀ ਭੀਤਰਿ ਜੋਇ ॥੧੯੪॥ ਕਬੀਰ ਜੀ ਆਖਦੇ ਹਨ, ਹੇ ਮੁੱਲਾਂ! (ਬਾਂਗ ਦੇਣ ਲਈ) ਮਸੀਤ ਦੇ ਮੁਨਾਰੇ ਤੇ ਕੀ (ਕਰਨ ਲਈ) ਚੜ੍ਹਦਾ ਹੈਂ? ਸਾਂਈ ਕੋਈ ਬੋਲਾ ਨਹੀ ਹੋ ਗਿਆ।ਜਿਸ (ਖੁਦਾ ਨੂੰ ਸੁਣਾਉਣ) ਲਈ ਤੂੰ ਬਾਂਗ ਦੇਂਦਾ ਹੈਂ (ਉਸ ਖੁਦਾ ਨੂੰ) ਦਿਲ ਵਿਚ ਹੀ ਦੇਖ।੧੯੪।

ਪਦਾਰਥ = ਚਢਹਿ–ਚੜ੍ਹਦਾ ਹੈਂ।ਸਾਈ–ਮਾਲਕ।ਬਹਰਾ–ਬੋਲ੍ਹਾ।ਜਾ ਕਾਰਨਿ–ਜਿਸ ਵਾਸਤੇ।ਭੀਤਰਿ–ਅੰਦਰ।ਜੋਇ–ਦੇਖ।੧੯੪।

ਸੇਖ ਸਬੂਰੀ ਬਾਹਰਾ, ਕਿਆ ਹਜ ਕਾਬੇ ਜਾਇ ॥ ਕਬੀਰ ਜਾ ਕੀ ਦਿਲ ਸਾਬਤਿ ਨਹੀ, ਤਾ ਕਉ ਕਹਾ ਖੁਦਾਇ ॥੧੯੫। ਹੇ ਸੇਖ! ਸੰਤੋਖ ਤੋਂ ਬਿਨਾ ਕਾਬੇ ਦੀ ਯਾਤਰਾ ਤੇ ਜਾਣ ਦਾ ਕੀ ਲਾਭ? ਕਬੀਰ ਜੀ ਆਖਦੇ ਹਨ, ਜਿਸ ਦਾ ਦਿਲ ਸਾਬਤ ਨਹੀ ਹੈ, ਉਸ ਨੂੰ ਖੁਦਾ ਦਾ ਮਿਲਾਪ ਕਿਥੇ? ਵ ਨਹੀ ਹੋ ਸਕਦਾ।੧੯੫।

ਪਦਾਰਥ = ਸੇਖ–ਮੁਸਲਮਾਨਾਂ ਵਿਚ ਸ਼ੇਖ ਉਚੀ ਜਾਤ ਹੈ।ਸਬੂਰੀ–ਸੰਤੋਖ।ਬਾਹਰਾ–ਬਿਨਾ।ਹਜ ਕਾਬੇ–ਮੱਕੇ ਦੀ ਯਾਤਰਾ।ਸਾਬਤਿ–ਮਨ ਦੀ ਦ੍ਰਿੜ੍ਹਤਾ; ਪੂਰਾ; ਅਖੰਡ; ਕਾਇਮ; ਮਜਬੂਤ (ਸਾਬਤਿ ਇਸਤ੍ਰੀ ਲਿੰਗ ਹੋਣ ਕਰਕੇ ਜਾ ਕੀ ਪਾਠ ਹੈ) ਸ਼ਬਦਾਰਥ।ਤਾ ਕਉ–ਉਸ ਨੂੰ। ਕਹਾ ਖੁਦਾਇ–ਰੱਬ ਦਾ ਮਿਲਾਪ ਕਿਥੇ (ਭਾਵ ਨਹੀਂ ਹੋ ਸਕਦਾ)।੧੯੫।

ਵਿਆਖਿਆ = ਸ਼ਰਧਾ ਅਤੇ ਮਨ ਦੀ ਮਜਬੂਤੀ ਬਿਨਾ ਤੀਰਥਾਂ ਦੀ ਯਾਤਰਾ ਦਾ ਕੋਈ ਲਾਭ ਨਹੀ।ਸ਼ੇਖ ਨੇ ਅਮੀਰ ਦੇ ਘਰ ਸ਼ਰਧਾ ਵਧਾਉਣ ਲਈ ਨਿਮਾਜ ਬਹੁਤਾ ਚਿਰ ਪੜ੍ਹੀ ਤੇ ਖਾਣਾ ਘਟ ਖਾਧਾ।ਘਰੇ ਆ ਕੇ ਘਰ ਵਾਲੀ ਨੂੰ ਇਹ ਗੱਲ ਦਸੀ, ਤੇ ਰੋਟੀ ਹੋਰ ਬਣਾਉਣ ਲਈ ਕਿਹਾ।ਘਰ ਵਾਲੀ ਕਹਿੰਦੀ ਫਿਰ ਤਾਂ ਨਿਮਾਜ ਵੀ ਹੋਰ ਪੜ੍ਹੋ, ਉਹ ਤਾਂ ਨਿਸਫਲ ਹੋ ਗਈ।ਕਿਉਂਕਿ ਆਪ ਨੇ ਸਿਰਫ ਅਮੀਰ ਨੂੰ ਦਿਖਾਉਣ ਲਈ ਪੜ੍ਹੀ।ਖੁਦਾ ਵੱਲ ਧਿਆਨ ਨਹੀ ਸੀ।੧੯੫।

ਕਬੀਰ ਅਲਹ ਕੀ ਕਰਿ ਬੰਦਗੀ, ਜਿਹ ਸਿਮਰਤ ਦੁਖੁ ਜਾਇ ॥ ਦਿਲ ਮਹਿ ਸਾਂਈ ਪਰਗਟੈ, ਬੁਝੈ ਬਲੰਤੀ ਨਾਂਇ ॥੧੯੬॥ ਕਬੀਰ ਜੀ ਆਖਦੇ ਹਨ, ਹੇ ਭਾਈ! ਤੂੰ ਅੱਲਾ ਦੀ ਬੰਦਗੀ ਕਰ, ਜਿਸ ਦੇ ਸਿਮਰਨ ਕਰਨ ਨਾਲ ਜਨਮ ਮਰਨ ਦਾ ਦੁਖ ਚਲਾ ਜਾਂਦਾ ਹੈ।ਤੇਰੇ ਦਿਲ ਵਿਚ ਸਾਂਈ ਪ੍ਰਗਟ ਹੋ ਜਾਵੇਗਾ ਅਤੇ ਤ੍ਰਿਸ਼ਨਾ ਦੀ ਬਲਦੀ ਅੱਗ ਵੀ ਬੁਝ ਜਾਵੇਗੀ।੧੯੬।

ਪਦਾਰਥ = ਬੰਦਗੀ–ਸਿਮਰਣ।ਸਾਂਈ–ਮਾਲਕ(ਹਰੀ)।ਜਿਸ–ਜਿਸ ਦਾ।ਦਿਲ ਮਹਿ–ਦਿਲ ਵਿਚ।ਬਲੰਤੀ–ਬਲਦੀ ਹੋਈ।ਨਾਂਇ–(ਅ.)

ਅੱਗ (ਤ੍ਰਿਸ਼ਨਾ ਦੀ, ਮ. ਕੋ. ਸਮੇਤ ਸਭ ਨੇ ਇਹੀ ਅਰਥ ਕੀਤਾ ਹੈ); ਨਾਮ ਜਪਣ ਨਾਲ।੧੮੬।

ਕਬੀਰ ਜੋਰੀ ਕੀਏ ਜੁਲਮੁ ਹੈ, ਕਹਤਾ ਨਾਉ ਹਲਾਲੁ ॥ ਦਫਤਰਿ ਲੇਖਾ ਮਾਂਗੀਐ, ਤਬ ਹੋਇਗੋ ਕਉਨੁ ਹਵਾਲੁ ॥੧੮੭॥ ਹੇ ਕਬੀਰ! ਜਬਰਦਸਤੀ ਕਰਕੇ (ਕਿਸੇ ਕਮਜੋਰ ਜੀਵ ਦਾ ਗਲ ਵੱਢਣਾ) ਜੁਲਮ ਹੈ, ਪਰ ਤੂੰ (ਐਸੇ ਜੁਲਮ ਦਾ) ਨਾਮ ਹਲਾਲ ਕਹਿੰਦਾ ਹੈਂ। ਜਿਸ ਵੇਲੇ ਰੱਬ ਦੇ ਦਰਬਾਰ ਵਿਚ ਤੇਰੇ ਕੋਲੋਂ ਲੇਖਾ ਮੰਗਿਆ ਜਾਵੇਗਾ, ਉਸ ਵਕਤ ਤੇਰਾ ਕੀ ਹਾਲ ਹੋਵੇਗਾ? ਬੁਰਾ ਹਾਲ ਹੀ ਹੋਵੇਗਾ।੧੮੬।

ਪਦਾਰਥ = ਜੋਰੀ ਕੀਏ-ਜਬਰਦਸਤੀ ਕਰਨੀ। ਨਾਉ ਹਲਾਲ-(ਜੁਲਮ ਕਰਨ ਨੂੰ) ਧਰਮ ਦਾ ਨਾਮ ਦੇਂਦਾ ਹੈਂ। ਤਬ-ਤਦੋਂ। ਦਫਤਰਿ-ਰੱਬ ਦੀ ਕਚਹਿਰੀ ਵਿਚ। ਹਵਾਲੁ-ਹਾਲ।੧੮੭।

ਵਿਆਖਿਆ = ਰੱਬ ਦੇ ਨਾਮ ਪਰ ਕੁਰਬਾਨੀ ਦੇਣ ਲਈ ਜਾਨਵਰਾਂ ਨੂੰ ਮਾਰਿਆ ਜਾਂਦਾ ਹੈ,ਇਸ ਜੁਲਮ ਨੂੰ ਧਰਮ ਦਾ ਨਾਮ ਦਿਤਾ ਹੋਇਆ ਹੈ। ਜੀਵਾਂ ਤੇ ਕੀਤੇ ਐਸੇ ਜੁਲਮ ਨਾਲ ਰੱਬ ਖੁਸ਼ ਨਹੀ ਹੁੰਦਾ {ਰੋਜਾ ਧਰੈ ਮਨਾਵੈ ਅਲਹੁ ,ਸੁਆਦਤਿ ਜੀਅ ਸੰਘਾਰੈ ੪੮੩}।

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤੁ ਲੋਨੁ ॥ ਹੇਰਾ ਰੋਟੀ ਕਾਰਨੇ, ਗਲਾ ਕਟਾਵੈ ਕਉਨੁ ॥੧੮੮॥ ਕਬੀਰ ਜੀ ਕਹਿੰਦੇ ਹਨ ਕਿ ਖਿਚੜੀ ਦਾ ਭੋਜਨ ਚੰਗਾ ਹੈ (ਜਾਨਵਰਾਂ ਦੇ ਜਬਰਦਸਤੀ ਗਲ ਵੱਢ ਕੇ ਮਾਸ ਖਾਣ ਨਾਲੋਂ ਖਿਚੜੀ ਖਾਣੀ ਚੰਗੀ ਹੈ), ਜਿਸ ਵਿਚ ਘਿਓ ਤੇ ਲੂਣ (ਮਿਲਿਆ ਹੁੰਦਾ) ਹੈ। ਰੋਟੀ ਨਾਲ ਮਾਸ ਖਾਣ ਕਰਕੇ ਕੌਣ ਗਲਾ ਕਟਾਵੇ (ਜੀਭ ਦੇ ਸੁਆਦ ਲਈ ਜੀਵ ਹੱਤਿਆ ਕਰਕੇ ਮਾਸ ਤਾਂ ਖਾ ਲਿਆ, ਅੱਗੇ ਸਜਾ ਕੌਣ ਝੱਲੂ? ਜਿਸਦਾ ਗਲਾ ਕਟਾਂਗੇ, ਅੱਗੇ ਫਿਰ ਉਹ ਸਾਡਾ ਗਲਾ ਕੱਟੇਗਾ)।੧੮੮।

ਪਦਾਰਥ = ਖੂਬੁ-ਚੰਗਾ। ਖਾਨਾ-ਖਾਣਾ (ਭੋਜਨ)। ਜਾ ਮਹਿ-ਜਿਸ ਵਿਚ। ਅੰਮ੍ਰਿਤੁ-ਘਿਓ। ਲੋਨੁ-ਲੂਣ। ਹੇਰਾ-ਸ਼ਿਕਾਰ-ਮਾਸ। ਕਾਰਨੇ-ਕਾਰਣ; ਕਰਕੇ। ਗਲਾ-ਗਲ।੧੮੮।

ਕਬੀਰ ਗੁਰੁ ਲਾਗਾ ਤਬ ਜਾਨੀਐ, ਮਿਟੈ ਮੋਹੁ ਤਨ ਤਾਪ ॥ ਹਰਖ ਸੋਗ ਦਾਝੈ ਨਹੀ, ਤਬ ਹਰਿ ਆਪਹਿ ਆਪਿ ॥੧੮੯॥ ਕਬੀਰ ਜੀ ਕਹਿੰਦੇ ਹਨ ਕਿ ਗੁਰੂ ਦਾ ਉਪਦੇਸ਼ (ਸਿੱਖ ਦੇ ਮਨ ਵਿਚ) ਲਗਿਆ ਹੋਇਆ ਤਦ ਜਾਣੀਏ, ਜਦੋਂ ਸਿੱਖ ਦੇ ਮਨ ਵਿਚੋਂ ਤਨ ਦਾ ਮੋਹ ਅਤੇ ਤਿੰਨੇ ਤਾਪ (ਆਧਿ, ਬਿਆਧਿ ਤੇ ਉਪਾਧਿ) ਮਿਟ ਜਾਣ। (ਜਿਸ ਸਿੱਖ ਨੂੰ ਪਦਾਰਥਾਂ ਦੀ ਪ੍ਰਾਪਤੀ ਦੀ) ਖੁਸ਼ੀ ਅਤੇ (ਪਦਾਰਥਾਂ ਦੇ ਚਲੇ ਜਾਣ ਦਾ) ਸੋਗ ਨਹੀ ਸਾੜਦਾ ਤਦ (ਸਮਝੋ ਉਹ ਮਨੁੱਖ) ਹਰੀ ਦਾ ਰੂਪ ਹੈ।੧੮੯।

ਪਦਾਰਥ = ਗੁਰੁ ਲਾਗਾ-ਗੁਰੂ ਨਾਲ ਜੁੜਿਆ ਹੋਇਆ; ਗੁਰੂ ਉਪਦੇਸ਼ ਦਾ ਅਸਰ। ਤਬ-ਤਦ। ਤਨ ਤਾਪ-ਸਰੀਰ ਦੇ ਰੋਗ; ਤਿੰਨ ਤਾਪ। ਹਰਖ-ਖੁਸ਼ੀ। ਦਾਝੈ ਨਹੀ-ਨਹੀ ਸਾੜਦਾ। ਆਪਹਿ ਆਪਿ-ਹਰੀ ਦਾ ਰੂਪ।੧੮੯।

ਕਬੀਰ ਰਾਮ ਕਹਨ ਮਹਿ ਭੇਦੁ ਹੈ, ਤਾ ਮਹਿ ਏਕੁ ਬਿਚਾਰੁ ॥ ਸੋਈ ਰਾਮੁ ਸਭੈ ਕਹਹਿ, ਸੋਈ ਕਉਤਕਹਾਰ ॥ ੧੯੦॥ ਕਬੀਰ ਜੀ ਆਖਦੇ ਹਨ, ਹੇ ਭਾਈ! ਰਾਮ ਦੇ ਉਚਾਰਣ ਕਰਨ ਵਿਚ ਫਰਕ ਹੈ, ਉਸ (ਉਚਾਰਣ ਕਰਨ ਵਿਚ) ਇਕ ਬਿਚਾਰ (ਦਾ ਫਰਕ) ਹੈ। ਉਸੇ ਰਾਮ ਨੂੰ ਸਾਰੇ ਸੰਤ ਜਨ ਉਚਾਰਦੇ ਹਨ, ਉਸੇ ਰਾਮ ਨੂੰ ਤਮਾਸ਼ਾ ਕਰਨ ਵਾਲੇ (ਰਾਸ ਧਾਰੀਏ ਰਾਮ ਚੰਦਰ ਦੇ ਸਾਂਗ ਬਣਾ ਕੇ) ਉਚਾਰਦੇ ਹਨ; ਓਹੀ ਲਫਜ (ਰਾਮ) ਸਾਰੇ ਰਾਮ ਚੰਦਰ ਲਈ ਬੋਲਦੇ ਹਨ ਅਤੇ ਓਹੀ ਰਾਮ ਜਗਤ ਦੇ ਚੋਜ ਕਰਨ ਵਾਲੇ ਪ੍ਰਭੂ ਲਈ ਵਰਤਿਆ ਜਾਂਦਾ ਹੈ (ਸ਼ਬਦਾਰਥ)। ਭਾਵ ਓਹੀ ਰਾਮ ਸਾਰੇ ਬੋਲਦੇ ਹਨ, ਕੁਛ ਨਹੀ ਹੁੰਦਾ, ਓਹੀ ਰਾਮ ਕਿਸੇ ਥਾਂ ਤੇ ਕਹਿਣ ਵਾਲਿਆਂ ਵਿਖੇ ਚੋਜ ਕਰਨ ਵਾਲਾ ਹੋ ਰਿਹਾ ਹੈ (ਪ੍ਰਤੱਖ ਕਰਤਾ ਹੋ ਕੇ ਕੰਮ ਕਰਦਾ ਹੈ)। {ਏਕ ਰਾਮ ਦਸਰਥ ਕਾ ਬੇਟਾ। ਏਕ ਰਾਮ ਘਟ ਘਟ ਮਹਿ ਲੇਟਾ। ਏਕ ਰਾਮ ਕਾ ਸਗਲ ਪਸਾਰਾ। ਏਕ ਰਾਮ ਸਭਹੁ ਤੇ ਨਿਆਰਾ (ਜਲ੍ਹਨ)}।੧੯੦।

ਪਦਾਰਥ = ਕਹਨ ਮਹਿ-ਕਹਿਣ ਵਿਚ। ਭੇਦੁ-ਫਰਕ। ਤਾ ਮਹਿ-ਉਸ ਵਿਚ। ਸੋਈ-ਉਹ ਹੀ; ਉਸੇ ਨੂੰ। ਕਉਤਕਹਾਰ-ਰਾਸ ਧਾਰੀਏ; ਤਮਾਸ਼ਾ ਕਰਨ ਵਾਲੇ; ਚੋਜ ਕਰਨ ਵਾਲਾ ਪ੍ਰਭੂ।੧੯੦।

ਵਿਆਖਿਆ = ਬਹੁਤੇ ਲੋਕ ਹਰੀ ਦਾ ਨਾਮ ਤੋਤੇ ਵਾਂਗ ਰਟੀ ਜਾਂਦੇ ਹਨ, ਮਨੋਂ ਨਹੀ ਜਪਦੇ। ਆਮ ਲੋਕ ਹਰੀ ਦਾ ਨਾਮ ਅਪਨੇ ਸੁਆਰਥਾਂ ਦੀ ਪੂਰਤੀ ਲਈ ਹੀ ਜਪਦੇ ਹਨ, ਜਦ ਸੁਆਰਥ ਪੂਰਾ ਹੋ ਜਾਂਦਾ ਹੈ, ਭੁੱਲ ਜਾਂਦੇ ਹਨ। ਰਾਮ ਲੀਲਾ ਵਿਚ ਰਾਮ ਚੰਦਰ ਦੇ ਸਾਂਗ ਬਣਾ ਕੇ ਵੀ ਵਾਰ ਵਾਰ ਰਾਮ ਦਾ ਨਾਮ ਲੈਂਦੇ ਹਨ, ਉਹ ਕੇਵਲ ਵਿਵਹਾਰਕ ਤੌਰ ਤੇ ਹੀ ਰਾਮ ਕਹਿੰਦੇ ਹਨ, ਮਨੋਂ ਨਹੀ ਕਹਿੰਦੇ। (ਕਈ ਬੰਦਿਆਂ ਦਾ ਨਾਂ ਰਾਮ ਰਖਿਆ ਹੁੰਦਾ ਹੈ, ਜਿਵੇਂ ਮਨੀ ਰਾਮ; ਸੰਤ ਰਾਮ ਆਦਿ) ਸਾਧੂ ਸੰਤ ਨਿਰ ਸੁਆਰਥ ਹੋ ਕੇ ਰਾਮ ਦਾ ਨਾਮ ਸਿਮਰਦੇ ਹਨ ਅਤੇ ਵਿਆਪਕ ਰਾਮ ਦਾ ਹੀ ਰੂਪ ਹੋ ਜਾਂਦੇ ਹਨ। ਇਹੀ ਫਰਕ ਕਬੀਰ ਜੀ ਨੇ ਦਸਿਆ ਹੈ।੧੯੦।

ਕਬੀਰ ਰਾਮੈ ਰਾਮ ਕਹੁ, ਕਹਿਬੇ ਮਾਹਿ ਬਿਬੇਕ ॥ ਏਕ ਅਨੇਕਹਿ ਮਿਲਿ ਗਇਆ, ਏਕ ਸਮਾਨਾ ਏਕ ॥੧੯੧॥ ਕਬੀਰ ਜੀ ਆਖਦੇ ਹਨ, ਹੇ ਭਾਈ! ਰਾਮ ਹੀ ਰਾਮ (ਭਾਵੇਂ) ਉਚਾਰਣ ਕਰੋ, ਪਰ ਕਹਿਣ ਵਿਚ ਵੀ ਬਿਚਾਰ ਹੈ। ਇਕ ਰਾਮ (ਵਾਹਿਗੁਰੂ) ਤਾਂ ਅਨੇਕਾਂ ਵਿਚ ਸਮਾਇਆ ਹੋਇਆ ਹੈ ਅਤੇ ਇਕ ਉਹ ਰਾਮ (ਦਸਰਥ ਦਾ ਪੁਤ੍ਰ) ਹੈ ਜੋ ਇਕ ਅਪਣੇ ਸਰੀਰ ਵਿਚ ਹੀ ਰਹਿੰਦਾ ਹੈ (ਸ਼ਬਦਾਰਥ); ਇਕ ਰਾਸਧਾਰੀਆਂ ਦਾ ਰਾਮ (ਰਾਮ ਚੰਦ੍ਰ ਦੇ ਸਾਂਗ ਬਣਾ ਕੇ ਦਿਖਾਉਣ ਵਾਲੇ ਲੋਕਾਂ) ਦੇ ਅਨੇਕਾਂ ਸੰਕਲਪਾਂ ਵਿਚ ਮਿਲਿਆ ਹੋਇਆ ਹੈ (ਲੋਕ ਦਿਖਾਵੇ ਅਤੇ ਲੋੜਾਂ ਦੀ ਪੂਰਤੀ ਲਈ ਰਾਮ ਦਾ ਨਾਮ ਮੂਹੋਂ ਕਹਿੰਦੇ ਹਨ, ਮਨੋਂ ਨਹੀ) ਅਤੇ ਇਕ ਰਾਮ ਜਪਣ ਵਾਲੇ ਦੀ ਆਤਮਾ ਵਿਚ

ਸਮਾ ਗਿਆ।੧੯੧। ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ। ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ।(੪੯੧)।
ਮੁਖਹੁ ਹਰਿ ਹਰਿ ਸਭ ਕੋ ਕਹੈ ਵਿਰਲੈ ਹਿਰਦੈ ਵਸਾਇਆ। ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ਹ ਪਾਇਆ।(੫੬੫)
ਪਦਾਰਥ = ਕਹੁ-ਕਹੋ; ਜਪੋ। ਬਿਬੇਕ-ਬਿਚਾਰ। ਏਕ ਅਨੇਕਹਿ-ਇਕ ਹਰੀ ਅਨੇਕਾਂ ਵਿਚ। ਸਮਾਨਾ-ਸਮਾ ਗਿਆ।੧੯੧।
ਕਬੀਰ ਜਾ ਘਰ ਸਾਧ ਨ ਸੇਵੀਅਹਿ, ਹਰਿ ਕੀ ਸੇਵਾ ਨਾਹਿ ॥ ਤੇ ਘਰ ਮਰਹਟ ਸਾਰਖੇ, ਭੂਤ ਬਸਹਿ ਤਿਨ ਮਾਹਿ ॥੧੯੨॥ ਹੇ ਕਬੀਰ! ਜਿਸ ਘਰ ਵਿਚ ਸੰਤ ਨਹੀ ਸੇਵੇ ਜਾਂਦੇ (ਘਰ ਆਏ ਸਾਧੂ ਦਾ ਆਦਰ, ਲੰਗਰ ਦੀ ਸੇਵਾ ਨਹੀ ਹੁੰਦੀ) ਅਤੇ ਹਰੀ ਦੀ ਪੂਜਾ ਨਹੀ ਹੁੰਦੀ। ਉਹ ਘਰ ਮਸਾਣਾਂ ਵਰਗੇ ਹਨ, (ਉਨ੍ਹਾਂ ਘਰਾਂ) ਵਿਚ ਭੂਤ ਬਸਦੇ ਹਨ (ਬਸਣ ਵਾਲੇ ਮਨੁੱਖ ਹੀ ਭੂਤ ਹਨ)।੧੯੨।
ਪਦਾਰਥ = ਜਾ-ਜਿਸ। ਸੇਵੀਅਹਿ-ਸੇਵੇ ਜਾਂਦੇ। ਤੇ-ਉਹ। ਮਰਹਟ-ਮਸਾਣਾਂ। ਸਾਰਖੇ-ਵਰਗੇ; ਬਰਾਬਰ। ਤਿਨ ਮਾਹਿ-ਉਨ੍ਹਾਂ ਵਿਚ।੧੯੨
ਕਬੀਰ ਗੂੰਗਾ ਹੂਆ ਬਾਵਰਾ, ਬਹਰਾ ਹੂਆ ਕਾਨ ॥ ਪਾਵਹੁ ਤੇ ਪਿੰਗੁਲ ਭਇਆ, ਮਾਰਿਆ ਸਤਿਗੁਰ ਬਾਨ ॥੧੯੩॥ ਹੇ ਕਬੀਰ! ਜਦ ਪੂਰਨ ਸੱਤਗੁਰੂ ਨੇ ਮੇਰੇ ਉਪਦੇਸ਼ ਰੂਪ ਤੀਰ ਮਾਰਿਆ, ਪਰਾਈ ਨਿੰਦਾ ਕਰਨ, ਝੂਠ ਅਤੇ ਫਿੱਕਾ ਬੋਲਣ ਤੋਂ ਮੈਂ ਗੂੰਗਾ ਹੋ ਗਿਆ ਹਾਂ, ਸੰਸਾਰ ਦੇ ਵਿਹਾਰਾਂ ਤੇ ਝੂਠੀਆਂ ਚਤਰਾਈਆਂ ਤੋਂ ਮਸਤਾਨਾ ਹੋ ਗਿਆ ਹਾਂ। ਕੰਨਾਂ ਤੋਂ ਗੰਦੇ ਗੀਤ ਤੇ ਨਿੰਦਾ ਚੁਗਲੀ ਸੁਣਨ ਵਲੋਂ ਬੋਲ੍ਹਾ ਹੋ ਗਿਆ ਹਾਂ ਅਤੇ ਪੈਰਾਂ ਤੋਂ ਪਿੰਗਲਾ (ਲੂਲ੍ਹਾ) ਹੋ ਗਿਆ ਹਾਂ (ਮਨ ਕੁਸੰਗਤ ਵੱਲ ਜਾਣ ਤੋਂ ਹਟ ਗਿਆ ਹੈ)।੧੯੩।
ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ। ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ। ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ।(੧੩੯)
ਪਦਾਰਥ = ਬਾਵਰਾ-ਮਸਤਾਨਾ। ਬਹਰਾ-ਬੋਲ੍ਹਾ। ਕਾਨ-ਕੰਨ। ਪਾਵਹੁ-ਪੈਰਾਂ ਤੋਂ। ਪਿੰਗੁਲ-ਪਿੰਗਲਾ। ਬਾਨ-ਤੀਰ।੧੯੩।
ਕਬੀਰ ਸਤਿਗੁਰ ਸੂਰਮੇ, ਬਾਹਿਆ ਬਾਨੁ ਜੁ ਏਕੁ ॥ ਲਾਗਤ ਹੀ ਭੁਇ ਗਿਰਿ ਪਰਿਆ, ਪਰਾ ਕਰੇਜੇ ਛੇਕੁ ॥੧੯੪॥ ਹੇ ਕਬੀਰ! ਸੂਰਬੀਰ ਸਤਿਗੁਰੂ ਨੇ ਜੋ ਇਕ ਉਪਦੇਸ਼ ਰੂਪ ਤੀਰ ਮਾਰਿਆ।(ਸ਼ਬਦ ਰੂਪ ਤੀਰ ਦੇ) ਲਗਦੇ ਹੀ ਮੈਂ ਦੇਹ ਅਭਿਮਾਨ ਤੋਂ ਡਿਗ ਕੇ ਨਿਮ੍ਰਤਾ ਦੀ ਧਰਤੀ ਤੇ ਡਿਗ ਪਿਆ ਅਤੇ ਦਿਲ ਵਿਚ ਵੈਰਾਗ ਦਾ ਛੇਕ ਪੈ ਗਿਆ (ਇਸੇ ਭਾਵ ਦਾ ਅੰਗ ੧੩੭੨ ਤੇ ੧੫੭ ਵਾਂ ਸਲੋਕ ਹੈ)।੧੯੪।
ਪਦਾਰਥ = ਬਾਹਿਆ-ਚਲਾਇਆ; ਮਾਰਿਆ। ਬਾਨੁ-ਤੀਰ। ਜੁ-ਜੋ। ਭੁਇ-ਜਮੀਨ ਤੇ। ਗਿਰਿ ਪਰਿਆ-ਡਿਗ ਪਿਆ। ਪਰਾ-ਪੈ ਗਿਆ। ਕਰੇਜੇ-ਦਿਲ ਵਿਚ।੧੯੪।
ਕਬੀਰ ਨਿਰਮਲ ਬੂੰਦ ਅਕਾਸ ਕੀ, ਪਰਿ ਗਈ ਭੂਮਿ ਬਿਕਾਰ ॥ ਕਬੀਰ ਜੀ ਕਹਿੰਦੇ ਹਨ ਕਿ ਗੁਰੂ ਦੇ ਹਿਰਦੇ ਰੂਪ ਅਕਾਸ਼ ਤੋਂ ਜਦੋਂ ਨਾਮ ਰੂਪ ਪਵਿਤ੍ਰ ਬੂੰਦ ਮਨੁੱਖ ਦੇ ਵਿਕਾਰੀ ਹਿਰਦੇ ਰੂਪ ਜਮੀਨ ਤੇ ਪੈ ਗਈ।
ਅੰਗ ੧੩੭੫ = ਬਿਨੁ ਸੰਗਤਿ ਇਉ ਮਾਂਨਈ, ਹੋਇ ਗਈ ਭਠ ਛਾਰ ॥੧੯੫॥ (ਤਾਂ ਗੁਰਮੁਖਾਂ ਦੀ) ਸੰਗਤ ਤੋਂ ਬਿਨਾ ਇਉਂ ਮੰਨੋ, ਕਿ (ਵਿਸ਼ਿਆਂ ਦੀ) ਭੱਠੀ ਵਿਚ ਪੈ ਕੇ ਸੁਆਹ ਹੋ ਗਈ।੧੯੫।
ਪਦਾਰਥ = ਨਿਰਮਲ-ਪਵਿਤ੍ਰ। ਬੂੰਦ ਅਕਾਸ ਕੀ-ਗੁਰੂ ਦੇ ਹਿਰਦੇ ਰੂਪ ਅਕਾਸ਼ ਤੋਂ ਆਈ ਸਿਖਿਆ ਦੀ ਬੂੰਦ। ਪਰਿ ਗਈ-ਪੈ ਗਈ। ਭੂਮਿ ਬਿਕਾਰ-ਬੇਕਾਰ ਜਮੀਨ ਵਿਚ (ਨਿਕੰਮਾ ਅਸ਼ੁੱਧ ਹਿਰਦੇ ਵਿਚ)। ਮਾਂਨਈ-ਮੰਨੋ; ਸਮਝੋ; ਮਨੁੱਖ (ਦਰਪਣ)। ਭਠ-(ਵਿਸ਼ਿਆਂ ਦੀ) ਭੱਠੀ। ਛਾਰ-ਸੁਆਹ।੧੯੫।
ਸਾਰ = ਕੱਲਰ ਜਮੀਨ ਤੇ ਪਿਆ ਮੀਂਹ ਵਿਅਰਥ ਜਾਂਦਾ ਹੈ। ਇਸੇ ਤਰ੍ਹਾਂ ਅਸ਼ੁੱਧ ਹਿਰਦੇ ਤੇ ਗੁਰੂ ਦਾ ਉਪਦੇਸ਼ ਅਸਰ ਨਹੀ ਕਰਦਾ।
ਕਬੀਰ ਨਿਰਮਲ ਬੂੰਦ ਅਕਾਸ ਕੀ, ਲੀਨੀ ਭੂਮਿ ਮਿਲਾਇ ॥ ਅਨਿਕ ਸਿਆਨੇ ਪਚਿ ਗਏ, ਨਾ ਨਿਰਵਾਰੀ ਜਾਇ ॥੧੯੬॥ ਕਬੀਰ ਜੀ ਕਹਿੰਦੇ ਹਨ ਕਿ ਗੁਰੂ ਦੇ ਹਿਰਦੇ ਰੂਪ ਅਕਾਸ਼ ਤੋਂ ਆਈ ਪਵਿਤ੍ਰ ਬਾਣੀ ਰੂਪ ਬੂੰਦ ਸਿੱਖ ਨੇ ਸ਼ੁੱਧ ਹਿਰਦੇ ਰੂਪ ਜਮੀਨ ਵਿਚ ਮਿਲਾ ਲਈ (ਸ਼ੁੱਧ ਦਿਲ ਤੇ ਅਸਰ ਕਰ ਗਈ)। ਅਨੇਕ ਤਰਕ ਵਾਦੀ ਸਿਆਣੇ ਜਤਨ ਕਰਕੇ ਥੱਕ ਗਏ ਹਨ, (ਪਰ ਤਰਕਾਂ ਨਾਲ ਉਹ ਬੂੰਦ ਜਮੀਨ ਤੋਂ) ਜੁਦੀ ਨਹੀ ਕੀਤੀ ਜਾ ਸਕਦੀ।੧੯੬।
ਪਦਾਰਥ = ਨਿਰਮਲ ਬੂੰਦ-ਪਵਿਤ੍ਰ ਬੂੰਦ। ਲੀਨੀ ਮਿਲਾਇ-ਮਿਲਾ ਲਈ। ਭੂਮਿ-ਜਮੀਨ ਵਿਚ। ਸਿਆਨੇ-ਤਰਕਾਂ ਕਰਨ ਵਾਲੇ ਅਖੌਤੀ ਸਿਆਣੇ (ਨਿਆਇ ਸ਼ਾਸਤ੍ਰ ਨੂੰ ਮੰਨਣ ਵਾਲੇ ਜੋ ਜੀਵ ਤੇ ਪ੍ਰਭੂ ਦੀ ਏਕਤਾ ਨੂੰ ਨਹੀ ਮੰਨਦੇ)। ਪਚਿ ਗਏ-ਖਪ (ਥੱਕ) ਗਏ। ਨਿਰਵਾਰੀ-ਵੱਖ; ਅਲੱਗ।੧੯੬। ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ। (੧੧੦੭)
ਵਿਆਖਿਆ = ਜਿਵੇਂ ਚੰਗੀ ਜਮੀਨ ਤੇ ਮੀਂਹ ਪੈਣਾ ਸਫਲ ਹੁੰਦਾ ਹੈ, ਖੇਤੀ ਤੇ ਚੰਗਾ ਅਸਰ ਹੁੰਦਾ ਹੈ। ਇਸੇ ਤਰ੍ਹਾਂ ਸੱਤਸੰਗੀ ਪ੍ਰੇਮੀ ਸ਼ਰਧਾਲੂ ਤੇ ਗੁਰਬਾਣੀ ਦਾ ਫਲ ਦਾਈ ਅਸਰ ਹੁੰਦਾ ਹੈ, ਇਸ ਅਸਰ ਨੂੰ ਕੋਈ ਵੀ ਚਤਰ ਮਨੁੱਖ ਅਪਣੀਆਂ ਤਰਕਾਂ ਦੇ ਜਤਨ ਨਾਲ ਵੱਖ ਨਹੀ ਕਰ ਸਕਦਾ।੧੯੬।
ਕਬੀਰ ਹਜ ਕਾਬੇ ਹਉ ਜਾਇ ਥਾ, ਆਗੈ ਮਿਲਿਆ ਖੁਦਾਇ ॥ ਸਾਂਈ ਮੁਝ ਸਿਉ ਲਰਿ ਪਰਿਆ, ਤੁਝੈ ਕਿਨ੍ਹਿ ਫੁਰਮਾਈ ਗਾਇ ॥੧੯੭॥ ਕਬੀਰ ਜੀ ਆਖਦੇ ਹਨ ਕਿ ਮੈਂ ਕਾਬੇ ਦੀ ਯਾਤਰਾ ਨੂੰ ਜਾ ਰਿਹਾ ਸੀ, ਅੱਗੇ (ਰਸਤੇ ਵਿਚ ਜਾਂਦੇ ਨੂੰ) ਮੈਨੂੰ ਖੁਦਾ ਮਿਲ ਪਿਆ। ਖੁਦਾ ਮੇਰੇ ਨਾਲ ਲੜ ਪਿਆ (ਅਤੇ ਕਹਿਣ ਲੱਗਾ ਕਿ ਹੇ ਕਬੀਰ!) ਤੈਨੂੰ ਇਹ ਥਾਂ ਕਿਸ ਨੇ ਦੱਸੀ ਹੈ (ਕਿ ਖੁਦਾ ਕਾਬੇ ਵਿਚ ਹੀ ਰਹਿੰਦਾ ਹੈ, ਹੋਰ

ਕਿਤੇ ਨਹੀ)।੧੯੭।

ਪਦਾਰਥ = ਹਜ-ਯਾਤਰਾ।ਕਾਬੇ-ਮੱਕੇ ਸ਼ਹਿਰ ਵਿਚ ਇਸਲਾਮ ਦਾ ਮੁੱਖ ਧਰਮ ਸਥਾਨ (ਸਾਰੀ ਦੁਨੀਆਂ ਦੇ ਮੁਸਲਮਾਨ ਕਾਬੇ ਵੱਲ ਨੂੰ ਮੂੰਹ ਕਰ ਕੇ ਨਿਮਾਜ ਪੜ੍ਹਦੇ ਹਨ)।ਜਾਇ ਥਾ-ਜਾ ਰਿਹਾ ਸੀ।ਸਾਂਈ-ਖੁਦਾ।ਮੁਝ ਸਿਉ-ਮੇਰੇ ਨਾਲ।ਲਰਿ ਪਰਿਆ-ਲੜ ਪਿਆ।ਤੁਝੈ-ਤੈਨੂੰ।ਕਿਨਿ੍-ਕਿਸ ਨੇ।ਗਾਇ-(ਫ.) ਥਾਂ; ਗਵਨ-ਜਾਣਾ; ਗੱਲ।੧੯੭।

ਵਿਆਖਿਆ = ਇਤਹਾਸ ਵਿਚ ਪੜ੍ਹਿਆ ਹੈ ਕਿ ਕਬੀਰ ਜੀ ਮੱਕੇ ਗਏ।ਜਦ ਹਰੀ ਨਾਲ ਇਕ ਮਿਕ ਹੋ ਗਏ ਅਤੇ ਦੇਖ ਲਿਆ, ਹਰੀ ਸਭ ਥਾਵਾਂ ਤੇ ਮੌਜੂਦ ਹੈ, ਤਾਂ ਆਪ ਜੀ ਦੇ ਮਨ ਵਿਚ ਮੱਕੇ ਜਾਣ ਦਾ ਖਿਆਲ ਮੁੜ ਨਹੀ ਆਇਆ।ਕਬੀਰ ਜੀ ਲਈ ਮਨ ਹੀ ਮੱਕਾ ਹੈ {ਮਨੁ ਕਰਿ ਮਕਾ ਕਿਬਲਾ ਕਰਿ ਦੇਹੀ। (੧੧੫੮)

ਕਬੀਰ ਹਜ ਕਾਬੈ ਹੋਇ ਹੋਇ ਗਇਆ, ਕੇਤੀ ਬਾਰ ਕਬੀਰ ॥ ਸਾਂਈ ਮੁਝ ਮਹਿ ਕਿਆ ਖਤਾ, ਮੁਖਹੁ ਨ ਬੋਲੈ ਪੀਰ ॥੧੯੮॥ ਕਬੀਰ ਜੀ ਕਹਿੰਦੇ ਹਨ ਕਿ ਮੈਂ ਕਾਬੇ ਦੇ ਹੱਜ ਨੂੰ ਕਈ ਵਾਰੀ ਹੋ ਹੋ ਕੇ ਗਿਆ ਹਾਂ।ਹੇ ਮੇਰੇ ਪੀਰ! ਮੇਰੇ ਸਾਂਈ! ਮੇਰੇ ਵਿਚ ਕੀ ਗੁਨਾਹ ਹੈ, ਜੋ ਤੁਸੀਂ ਮੇਰੇ ਨਾਲ ਮੂਹੋਂ ਨਹੀ ਬੋਲਦੇ।੧੯੮।

ਪਦਾਰਥ = ਹਜ ਕਾਬੈ-ਕਾਬੇ ਦੀ ਯਾਤਰਾ।ਹੋਇ ਹੋਇ-ਹੋ ਹੋ ਕੇ।ਕੇਤੀ ਬਾਰ-ਕਈ ਵਾਰ।ਮੁਝ ਮਹਿ-ਮੇਰੇ ਵਿਚ।ਖਤਾ-ਗੁਨਾਹ; ਕਸੂਰ।ਮੁਖਹੁ-ਮੂੰਹੋਂ।ਪੀਰ-ਕਾਬੇ ਦਾ ਪੀਰ (ਸ਼ਬਦਾਰਥ) ਜੋ ਮੁਖ ਮੌਲਵੀ ਹੋਵੇਗਾ, ਪਰ (ਸਾਂਈ ਨੂੰ ਪੀਰ ਕਿਹਾ) ਠੀਕ ਲਗਦਾ ਹੈ।(ਦੋਹਾਂ ਸਲੋਕਾਂ ਵਿਚ ਹਰੀ ਦੀ ਵਿਆਪਕਤਾ ਦਸਦੇ ਹਨ)।੧੯੮।

ਕਬੀਰ ਜੀਅ ਜੋ ਮਾਰਹਿ ਜੋਰੁ ਕਰਿ, ਕਹਤੇ ਹਹਿ ਜੁ ਹਲਾਲੁ ॥ ਦਫਤਰੁ ਦਈ ਜਬ ਕਾਢਿ ਹੈ, ਹੋਇਗਾ ਕਉਨੁ ਹਵਾਲੁ ॥੧੯੯॥ ਕਬੀਰ ਜੀ ਕਹਿੰਦੇ ਹਨ ਕਿ ਜੋ ਮਨੁੱਖ ਅਪਣੀ ਤਾਕਤ ਦੇ ਜੋਰ ਕਰਕੇ (ਕਮਜੋਰ) ਜੀਵਾਂ ਨੂੰ ਮਾਰਦੇ ਹਨ, ਤੇ ਮੂਹੋਂ ਕਹਿੰਦੇ ਹਨ ਜੋ ਅਸੀਂ ਹਲਾਲ ਕੀਤਾ ਹੈ।(ਜਿਸ ਵੇਲੇ ਪ੍ਰਲੋਕ ਵਿਚ) ਰੱਬ ਜੀਵਾਂ ਦੇ ਕਰਮਾਂ ਦਾ ਵਹੀ ਖਾਤਾ ਕਢੇਗਾ, ਤਾਂ ਉਸ ਸਮੇਂ (ਉਨ੍ਹਾਂ ਮਨੁੱਖਾਂ ਦਾ) ਕੀ ਹਾਲ ਹੋਏਗਾ? ਬੁਰਾ ਹਾਲ ਹੋਵੇਗਾ।੧੯੯।ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।(੧੧੦੩)

ਪਦਾਰਥ = ਜੀਅ-ਜੀਵਾਂ ਨੂੰ।ਜੋ-ਜਿਹੜੇ ਲੋਕ।ਜੋਰੁ ਕਰਿ-(ਤਾਕਤ ਦੇ) ਜੋਰ ਕਰਕੇ।ਕਹਤੇ ਹਹਿ-ਕਹਿੰਦੇ ਹਨ।ਹਲਾਲ-ਇਸਲਾਮ ਅਨੁਸਾਰ ਕਲਮਾਂ ਪੜ੍ਹ ਕੇ ਮਾਰਿਆ ਖਾਣ ਲਾਇਕ ਮਾਸ।ਦਫਤਰੁ-ਵਹੀ ਖਾਤਾ; ਲੇਖਾ।ਦਈ-ਹਰੀ।(ਸੰਪ੍ਰਦਾਵਾਂ ਵਾਲੇ ਇਸ ਸਲੋਕ ਨੂੰ ਪਿਛਲੇ ਸਲੋਕ ਦਾ ਉਤਰ ਮੰਨਦੇ ਹਨ ਕਿ ਖੁਦਾ ਨੇ ਕਿਹਾ ਹੇ ਕਬੀਰ! ਲੋਕ ਮੈਨੂੰ ਇਕ ਦੇਸੀ ਸਮਝਦੇ ਹਨ ਤੇ ਨਾਲੇ ਮੇਰੇ ਨਾਂ ਤੇ ਜੀਵਾਂ ਦੀ ਕੁਰਬਾਨੀ ਦੇਂਦੇ ਹਨ।ਇਸ ਨੂੰ ਧਰਮ ਦਾ ਨਾਂ ਦੇਂਦੇ ਹਨ, ਇਸ ਕਰਕੇ ਨਹੀ ਬੋਲਿਆ)।੧੯੯।

ਕਬੀਰ ਜੋਰੁ ਕੀਆ ਸੁ ਜੁਲਮੁ ਹੈ, ਲੇਇ ਜਬਾਬੁ ਖੁਦਾਇ ॥ ਦਫਤਰਿ ਲੇਖਾ ਨੀਕਸੈ, ਮਾਰ ਮੁਹੈ ਮੁਹਿ ਖਾਇ ॥੨੦੦॥ ਕਬੀਰ ਜੀ ਕਹਿੰਦੇ ਹਨ ਕਿ (ਜਿਸ ਮਨੁੱਖ ਨੇ) ਜੋਰ ਜਬਰ ਦਸਤੀ ਕੀਤੀ (ਜੀਵਾਂ ਨੂੰ ਮਾਰਿਆ) ਹੈ, ਉਹ ਜੁਲਮ (ਅਨਿਆਇ) ਹੈ (ਕੀਤੇ ਜੁਲਮ ਦਾ) ਖੁਦਾ ਜੁਆਬ ਜਰੂਰ ਲਏਗਾ।ਜਦੋਂ ਰੱਬ ਦੇ ਦਰਬਾਰ ਵਿਚ (ਕੀਤੇ ਜੁਲਮ ਦਾ) ਲੇਖਾ ਨਿਕਲੇਗਾ, ਮੂਹੋਂ ਮੂੰਹ ਮਾਰ ਖਾਵੇਗਾ।੨੦੦।

ਪਦਾਰਥ = ਜੋਰੁ-ਜੋਰ ਜਬਰ; ਧੱਕਾ।ਸੁ-ਉਹ।ਲੇਇ-ਲਵੇਗਾ।ਦਫਤਰਿ-ਹਰੀ ਦੇ ਦਰਬਾਰ (office) ਵਿਚ।ਨੀਕਸੈ-ਨਿਕਲੇਗਾ।ਮੁਹੈ ਮੁਹਿ-ਮੂੰਹ ਤੇ ਵਾਰ ਵਾਰ; ਮੂਹੋਂ ਮੂੰਹ।੨੦੦।

ਕਬੀਰ ਲੇਖਾ ਦੇਨਾ ਸੁਹੇਲਾ, ਜਉ ਦਿਲ ਸੂਚੀ ਹੋਇ ॥ ਉਸੁ ਸਾਚੇ ਦੀਬਾਨ ਮਹਿ, ਪਲਾ ਨ ਪਕਰੈ ਕੋਇ ॥੨੦੧॥ ਕਬੀਰ ਜੀ ਕਹਿੰਦੇ ਹਨ ਕਿ (ਰੱਬ ਦੇ ਦਰਬਾਰ ਵਿਚ) ਲੇਖਾ ਦੇਣਾ ਤਾਂ ਸੌਖਾ ਹੈ, ਜੇ ਦਿਲ ਪਵਿਤ੍ਰ ਹੋਵੇ।(ਰੱਬ ਦੇ) ਉਸ ਸੱਚੇ ਦੀਬਾਨ ਵਿਚ (ਮਨੁੱਖ ਦਾ) ਕੋਈ ਪੱਲਾ ਨਹੀਂ ਫੜਦਾ; (ਲੇਖਾ ਦੇਣ ਵੇਲੇ) ਕੋਈ ਸਹਾਇਤਾ ਨਹੀ ਕਰਦਾ (ਸੁੱਚੇ ਦਿਲ ਵਾਲੇ ਮਨੁੱਖ ਨੂੰ ਕੋਈ ਇਹ ਨਹੀ ਕਹਿੰਦਾ ਕਿ ਲੇਖਾ ਦੇ ਕੇ ਜਾਹ।ਲੇਖਾ ਦੇਣਾ ਹੀ ਨਹੀ ਪੈਂਦਾ ਭਾਵ ਕੋਈ ਤੰਗ ਨਹੀਂ ਕਰਦਾ)।੨੦੧।

ਪਦਾਰਥ = ਸੁਹੇਲਾ-ਸੌਖਾ।ਜਉ-ਜੇ।ਸੂਚੀ-ਸਾਫ; ਪਵਿਤ੍ਰ।ਦੀਬਾਨ ਮਹਿ-ਦਰਬਾਰ ਵਿਚ; ਕਚਹਿਰੀ ਵਿਚ।ਪਲਾ-ਲੜ।੨੦੧।
ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ।(੫੪੦)।

ਕਬੀਰ ਧਰਤੀ ਅਰੁ ਆਕਾਸ ਮਹਿ, ਦੁਇ ਤੂੰ ਬਰੀ ਅਬਧ ॥ ਖਟ ਦਰਸਨ ਸੰਸੇ ਪਰੇ, ਅਰੁ ਚਉਰਾਸੀ ਸਿਧ ॥੨੦੨॥ ਕਬੀਰ ਜੀ ਕਹਿੰਦੇ ਹਨ ਕਿ ਹੇ ਦ੍ਵੈਤ! ਧਰਤੀ ਅਤੇ ਅਕਾਸ਼ (ਸਾਰੇ ਬ੍ਰਹਮੰਡ) ਵਿਚ ਤੂੰ ਬੜੀ ਅਟੁੱਟ (ਮੁਸ਼ਕਲ ਨਾਲ ਖਤਮ ਹੋਣ ਵਾਲੀ) ਹੈਂ; ਸਾਰੇ ਬ੍ਰਹਮੰਡ ਵਿਚ ਆਸਾ ਤੇ ਤ੍ਰਿਸ਼ਨਾ ਰੂਪ ਦੋ ਤੂੰਬੀਆਂ ਨਾਸ਼ ਰਹਿਤ ਹਨ (ਆਸਾ ਤ੍ਰਿਸ਼ਨਾ ਤੋਂ ਕੋਈ ਨਹੀ ਬਚਦਾ); ਹੇ ਦ੍ਵੈਤ! ਸਾਰੇ ਬ੍ਰਹਮੰਡ ਵਿਚ ਤੂੰ ਬਲੀ ਤੇ ਅਟੁੱਟ ਹੈਂ (ਆਤਮ ਗਿਆਨ ਬਿਨਾ ਨਾਸ਼ ਨਹੀ ਹੁੰਦੀ)।ਛੇ ਭੇਖਾਂ (ਦੇ ਸਾਧੂ) ਅਤੇ ਚੌਰਾਸੀ ਸਿਧ (ਗੋਰਖ ਨਾਥ, ਚਰਪਟ ਨਾਥ ਤੇ ਮਛੰਦਰ ਨਾਥ ਆਦਿ ਸਭ ਦੁਐਤ ਕਰਕੇ) ਸੰਸਿਆਂ ਵਿਚ ਪਏ ਹੋਏ (ਭਟਕਦੇ ਫਿਰਦੇ) ਹਨ।੨੦੨।

ਪਦਾਰਥ = ਧਰਤੀ ਅਰੁ ਆਕਾਸ ਮਹਿ-ਸਾਰੇ ਬ੍ਰਹਮੰਡ ਵਿਚ; ਧਰਤੀ (ਮਾਤ ਲੋਕ) ਤੇ ਰਹਿਣ ਵਾਲੇ ਜੀਵ ਅਤੇ ਅਕਾਸ਼ ਲੋਕ ਦੇ ਦੇਵਤੇ

ਆਦਿ।ਦੁਇ–ਦੋ; ਹੇ ਦ੍ਵੈਤ!।ਤੂੰ ਬਰੀ–ਤ੍ਰਿਸ਼ਨਾ ਆਸਾ ਤੂੰਬੀਆਂ; ਤੂੰ ਬਲੀ ਹੈਂ; ਤੂੰ ਬਰੀ (ਸ਼ੁੱਧ ਪਾਠ ਹੈਂ 'ਤੂੰ ਬਰੀ'–ਤੂੰ ਬੜੀ (ਬਹੁਤ)। ਅਬਧ–(ਅਬੱਧ ਬੋਲੋ) ਨਾਸ਼ ਰਹਿਤ; ਕੱਟਣ ਰਹਿਤ; ਮਾਯਾ।ਖਟ ਦਰਸਨ–ਛੇ ਭੇਖ (ਜੋਗੀ, ਜੰਗਮ, ਸਰੇਵੜੇ, ਬੋਧੀ, ਸੰਨਿਆਸੀ ਤੇ ਬੈਰਾਗੀ); ਛੇ ਸ਼ਾਸਤ੍ਰਾਂ ਦੇ ਮੱਤ ਨੂੰ ਧਾਰਣ ਵਾਲੇ ਸਾਧੂ (ਮ. ਕੋ.)।ਸੰਸੇ–ਸ਼ੱਕ; ਭਰਮ।ਪਰੇ–ਪਏ ਹੋਏ ਹਨ।ਅਰੁ–ਅਤੇ।ਚਉਰਾਸੀ ਸਿਧ–ਸਿੱਧੀ ਨੂੰ ਪ੍ਰਾਪਤ ਹੋਏ ਜੋਗ ਮੱਤ ਦੇ (ਗੋਰਖ ਨਾਥ ਵਰਗੇ) ਚੁਰਾਸੀ ਸਿਧ।੨੦੨।

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ, ਕਿਆ ਲਾਗੈ ਮੇਰਾ ॥੨੦੩॥ ਕਬੀਰ ਜੀ ਕਹਿੰਦੇ ਹਨ (ਕਿ ਪ੍ਰਭੂ!) ਮੇਰਾ ਅਪਣਾ ਮੇਰੇ ਵਿਚ ਕੁਛ ਵੀ ਨਹੀ ਹੈ (ਮੇਰਾ ਤਨ ਮਨ ਧਨ) ਜੋ ਕੁਛ ਹੈ, ਉਹ ਤੇਰਾ ਹੀ ਹੈ (ਤੇਰਾ ਦਿਤਾ ਹੋਇਆ ਹੈ)।ਤੇਰਾ ਬਖਸ਼ਿਆ ਹੋਇਆ (ਤਨ ਮਨ ਧਨ) ਤੈਨੂੰ ਸੌਂਪਦਿਆਂ ਮੇਰਾ ਕੀ ਮੁੱਲ ਲਗਦਾ ਹੈ (ਕੁਛ ਵੀ ਨਹੀ)।੨੦੩।

ਪਦਾਰਥ = ਮੁਝ ਮਹਿ–ਮੇਰੇ ਵਿਚ।ਤੁਝ ਕਉ–ਤੈਨੂੰ।ਸਉਪਤੇ–ਅਰਪਣ ਕਰਦਿਆਂ।ਕਿਆ ਲਾਗੈ–ਕੀ ਮੁੱਲ ਲਗਦਾ ਹੈ?।੨੦੩।

ਵਿਆਖਿਆ = ਇਸ ਸਲੋਕ ਵਿਚ ਦ੍ਵੈਤ ਨੂੰ ਮਾਰਨ ਦੀ ਜੁਗਤੀ ਦਸੀ ਹੈ।ਮਨੁੱਖ ਸੰਸਾਰ ਵਿਚ ਅਪਣਾ ਕੁਛ ਵੀ ਨਾ ਜਾਣੇ, ਸਭ ਕੁਛ ਹਰੀ ਦਾ ਦਿਤਾ ਹੋਇਆ ਸਮਝੇ।ਜਿਵੇਂ ਖੇਤ ਦਾ ਮਾਲਕ ਖੇਤ ਦੀ ਰਾਖੀ ਲਈ ਰਾਖਾ ਰਖ ਲੈਂਦਾ ਹੈ।ਜੇ ਰਾਖਾ ਖੇਤ ਦੀ ਰਾਖੀ ਕਰਦਾ ਹੋਇਆ, ਸਭ ਕੁਝ ਅਪਣਾ ਸਮਝੀ ਜਾਵੇ, ਤਾਂ ਮੂਰਖਤਾ ਹੈ।ਜਦ ਮਾਲਕ ਰਾਖੇ ਨੂੰ ਹਟਾ ਦਿੰਦਾ ਹੈ, ਤਾਂ ਰਾਖਾ ਜਿਸ ਖੇਤ ਨੂੰ ਅਪਣਾ ਸਮਝੀ ਬੈਠਾ ਸੀ, ਹੁਣ ਕੋਲ ਨਹੀ ਰਿਹਾ। ਜਿਉ ਰਾਖਾ ਖੇਤ ਊਪਰਿ ਪਰਾਏ।ਖੇਤੁ ਖਸਮ ਕਾ ਉਠਿ ਜਾਏ।(੧੭੯)

ਕਬੀਰ ਤੂੰ ਤੂੰ ਕਰਤਾ ਤੂ ਹੂਆ, ਮੁਝ ਮਹਿ ਰਹਾ ਨ ਹੂੰ ॥ ਜਬ ਆਪਾ ਪਰ ਕਾ ਮਿਟਿ ਗਇਆ, ਜਤ ਦੇਖਉ ਤਤ ਤੂ ॥੨੦੪॥ ਕਬੀਰ ਜੀ ਆਖਦੇ ਹਨ, ਹੇ ਹਰੀ! ਤੂੰ ਤੂੰ (ਸਿਮਰਦਿਆਂ) ਮੈਂ ਤੂੰ ਹੀ (ਹਰੀ) ਦਾ ਰੂਪ ਹੋ ਗਿਆ ਹਾਂ, ਤੇ ਮੇਰੇ ਵਿਚ (ਕਿਸੇ ਕਿਸਮ ਦਾ ਅਪਣਾ ਪਣ) ਹੰਕਾਰ ਨਹੀ ਰਿਹਾ (ਦੁਈ ਦੂਰ ਹੋ ਗਈ)।ਜਦ ਅਪਣਾ ਤੇ ਪਰਾਏ ਦਾ (ਫਰਕ) ਮਿਟ ਗਿਆ, ਤਾਂ ਜਿਧਰ ਮੈਂ ਦੇਖਦਾ ਹਾਂ, ਉਧਰ (ਹੇ ਹਰੀ!) ਤੂੰ ਹੀ ਨਜਰ ਆਉਂਦਾ ਹੈਂ।੨੦੪। ਜਲਸ ਤੁਹੀ।ਥਲਸ ਤੁਹੀ..ਤੁਹੀ ਤੁਹੀ.. (ਦਸਮ ਗ੍ਰੰਥ ਅੰਗ ੧੬)}।

ਪਦਾਰਥ = ਹੂੰ–ਹੰਕਾਰ; ਅਪਣੱਤ।ਮੁਝ ਮਹਿ–ਮੇਰੇ ਵਿਚ।ਜਬ–ਜਦ।ਆਪਾ ਪਰ ਕਾ–ਅਪਣੇ ਪਰਾਏ ਦਾ ਵਿਤਕਰਾ।ਜਤ–ਜਿਧਰ। ਦੇਖਉ–ਮੈਂ ਦੇਖਦਾ ਹਾਂ।ਤਤ–ਉਧਰ।੨੦੪।

ਕਬੀਰ ਬਿਕਾਰਹਿ ਚਿਤਵਤੇ, ਝੂਠੇ ਕਰਤੇ ਆਸ ॥ ਮਨੋਰਥੁ ਕੋਇ ਨ ਪੂਰਿਓ, ਚਾਲੇ ਊਠਿ ਨਿਰਾਸ ॥੨੦੫॥ ਕਬੀਰ ਜੀ ਕਹਿੰਦੇ ਹਨ ਕਿ ਜੋ ਮਨੁੱਖ ਅਪਣੇ ਮਨ ਵਿਚ ਖੋਟੇ ਕੰਮ ਸੋਚਦੇ ਹੋਏ ਝੂਠੀਆਂ ਆਸਾਂ ਕਰਦੇ ਹਨ।ਉਨ੍ਹਾਂ ਦਾ ਕੋਈ ਵੀ ਮਨੋਰਥ ਪੂਰਾ ਨਹੀ ਹੋਇਆ ਅਤੇ ਸੰਸਾਰ ਤੋਂ ਨਿਰਾਸ ਹੀ ਉਠ ਕੇ ਚਲੇ (ਮਰ) ਗਏ।੨੦੫।

ਪਦਾਰਥ = ਬਿਕਾਰਹਿ–ਵਿਕਾਰ; ਖੋਟੇ ਕੰਮ।ਚਿਤਵਤੇ–ਸੋਚਦੇ ਹਨ।ਕਰਤੇ–ਕਰਦੇ ਹਨ।ਨ ਪੂਰਿਓ–ਪੂਰਾ ਨਹੀਂ ਹੋਇਆ।ਚਾਲੇ ਊਠਿ–ਉਠ ਕੇ ਚਲੇ (ਮਰ) ਗਏ।ਨਿਰਾਸ–ਆਸ ਹੀਣ।੨੦੫।

ਕਬੀਰ ਹਰਿ ਕਾ ਸਿਮਰਨ ਜੋ ਕਰੈ, ਸੋ ਸੁਖੀਆ ਸੰਸਾਰਿ ॥ ਇਤ ਉਤ ਕਤਹਿ ਨ ਡੋਲਈ, ਜਿਸ ਰਾਖੈ ਸਿਰਜਨਹਾਰ ॥੨੦੬॥ ਕਬੀਰ ਜੀ ਕਹਿੰਦੇ ਹਨ ਕਿ ਜੋ ਮਨੁੱਖ ਹਰੀ ਦਾ ਸਿਮਰਨ ਕਰਦਾ ਹੈ, ਉਹ ਸੰਸਾਰ ਵਿਚ ਸੁਖੀ ਰਹਿੰਦਾ ਹੈ।ਜਿਸ ਪੁਰਖ ਦੀ ਕਰਤਾਰ ਰਖਿਆ ਕਰਦਾ ਹੈ, ਉਹ ਇਥੇ ਉਥੇ (ਲੋਕ ਪ੍ਰਲੋਕ) ਵਿਚ ਕਿਤੇ ਵੀ ਡੋਲਦਾ ਨਹੀ।੨੦੬।

ਪਦਾਰਥ = ਸੋ–ਉਹ।ਇਤ ਉਤ–ਇਥੇ ਉਥੇ (ਲੋਕ ਪ੍ਰਲੋਕ ਵਿਚ)।ਕਤਹਿ–ਕਿਤੇ ਵੀ।ਸਿਰਜਨਹਾਰ–ਕਰਤਾਰ।੨੦੬।

ਕਬੀਰ ਘਾਣੀ ਪੀੜਤੇ, ਸਤਿਗੁਰ ਲੀਏ ਛਡਾਇ ॥ ਪਰਾ ਪੂਰਬਲੀ ਭਾਵਨੀ, ਪਰਗਟੁ ਹੋਈ ਆਇ ॥੨੦੭॥ ਕਬੀਰ ਜੀ ਕਹਿੰਦੇ ਹਨ ਕਿ (ਸਿਮਰਨ ਦੀ ਬਰਕਤ ਕਰਕੇ) ਜਨਮ ਮਰਣ ਦੀ ਘਾਣੀ ਵਿਚ ਪੀੜੇ ਜਾਂਦੇ ਨੂੰ ਸੱਤਗੁਰੂ ਨੇ (ਕਿਰਪ ਕਰਕੇ) ਸਾਨੂੰ ਛੁਡਾ ਲਿਆ ਹੈ। ਪਿਛਲੇ ਜਨਮਾਂ ਦੀ ਸ਼ਰਧਾ ਦਿਲ ਵਿਚ ਆ ਪ੍ਰਗਟ ਹੋਈ ਹੈ।੨੦੭।

ਪਦਾਰਥ = ਘਾਣੀ ਪੀੜਤੇ–ਕੋਹਲੂ ਵਿਚ ਜਿਵੇਂ ਤਿਲ ਆਦਿ ਪੀੜੀਦੇ ਹਨ, ਇਸੇ ਤਰ੍ਹਾ ਜਨਮ ਮਰਣ ਜਾਂ ਨਰਕਾਂ ਵਿਚ ਮਿਲਣ ਵਾਲੀ ਸਜਾ ਰੂਪ ਘਾਣੀ ਦੇ ਅਤਿਅੰਤ ਦੁੱਖ ਭੋਗਦਿਆਂ ਨੂੰ {ਅਗੈ ਜਮਕਾਲੁ ਲੇਖਾ ਲੇਵੈ, ਜਿਉ ਤਿਲ ਘਾਣੀ ਪੀੜਾਇਦਾ ੧੦੬੩}।ਪਰਾ ਪੂਰਬਲੀ–ਪਿਛਲੇ ਜਨਮਾਂ ਦੀ।ਭਾਵਨੀ–ਸ਼ਰਧਾ।੨੦੭।

ਕਬੀਰ ਟਾਲੈ ਟੋਲੈ ਦਿਨੁ ਗਇਆ, ਬਿਆਜੁ ਬਢੰਤਉ ਜਾਇ ॥ ਨਾ ਹਰਿ ਭਜਿਓ ਨ ਖਤੁ ਫਟਿਓ, ਕਾਲੁ ਪਹੂੰਚੋ ਆਇ ॥੨੦੮॥ ਕਬੀਰ ਜੀ ਕਹਿੰਦੇ ਹਨ ਕਿ (ਕੁਸੰਗੀਆਂ ਦਾ ਬਿਅਰਥ ਕੰਮਾਂ ਵਿਚ ਤੁਰੇ ਫਿਰਦਿਆਂ ਜੀਵਨ ਰੂਪ) ਸਾਰਾ ਦਿਨ ਟਾਲ ਮਟੋਲ ਕਰਦਿਆਂ ਨਿਸਫਲ ਬੀਤ ਗਿਆ, ਪਾਪਾਂ (ਜਾਂ ਬੁਰੇ ਸੰਸਕਾਰਾਂ) ਦਾ ਬਿਆਜ ਵਧਦਾ ਜਾ ਰਿਹਾ ਹੈ।(ਸਾਹਾਂ ਦੀ ਪੂੰਜੀ ਹਰੀ ਸ਼ਾਹੂਕਾਰ ਤੋਂ ਭਜਨ ਰੂਪ ਲਾਭ ਲੈਣ ਲਈ ਲੈ ਕੇ ਆਏ ਸੀ, ਪਰ) ਨਾ ਤਾਂ ਹਰੀ ਦਾ ਭਜਨ ਕੀਤਾ, ਨਾ ਹੀ (ਕਰਮਾਂ ਦਾ) ਲੇਖਾ ਫਟਿਆ, ਇਤਨੇ ਵਿਚ ਕਾਲ ਆ ਪਹੁੰਚਿਆ।੨੦੮।

ਪਦਾਰਥ = ਟਾਲੈ ਟੋਲੈ–ਟਾਲ ਮਟੋਲ ਕਰਦਿਆਂ; ਬਹਾਨੇ ਲਾਉਂਦਿਆਂ।ਬਿਆਜੁ–ਪਾਪਾਂ (ਜਾਂ ਸੰਸਕਾਰਾਂ) ਦਾ ਬਿਆਜ।ਬਢੰਤਉ ਜਾਇ–

ਵਧਦਾ ਜਾ ਰਿਹਾ ਹੈ। ਖਤੁ-ਲੇਖਾ; ਵਹੀ। ਫਟਿਓ-ਫਟਿਆ। ਕਾਲੁ-ਮੌਤ। ੨੦੮।
ਵਿਆਖਿਆ = ਹਰੀ ਸ਼ਾਹ ਤੋਂ ਸੁਆਸਾਂ ਦੀ ਪੂੰਜੀ ਮਿਲੀ ਸੀ, ਤਾਂ ਕਿ ਮਨੁੱਖ ਵਪਾਰੀ ਸੰਸਾਰ ਮੰਡੀ ਵਿਚ ਭਜਨ ਰੂਪ ਲਾਭ ਖੱਟ ਸਕੇ। ਪਰ ਇਸ ਨੇ ਭਜਨ ਦਾ ਲਾਭ ਲੈਣ ਦੀ ਜਗ੍ਹਾ ਸੁਆਸਾਂ ਦੀ ਪੂੰਜੀ ਵਿਕਾਰਾਂ ਵਿਚ ਲਗਾ ਕੇ ਪਾਪਾਂ ਦਾ ਬਿਆਜ ਵਧਾ ਲਿਆ ਹੈ। ਜਿਸ ਕਰਕੇ ਪਾਪ ਕਰਮਾਂ ਦੇ ਹਿਸਾਬ ਦੀ ਵਹੀ ਦੇ ਕਾਗਜ ਨਹੀ ਪਾੜੇ ਜਾ ਸਕੇ। ਅੱਗੇ ਨਰਕਾਂ ਦੀ ਘਾਣੀ ਵਿਚ ਪੀੜਿਆ ਜਾਵੇਗਾ। ੨੦੮।
ਮਹਲਾ ੫ ॥ ਕਬੀਰ ਕੂਕਰੁ ਭਉਕਨਾ, ਕਰੰਗ ਪਿਛੈ ਉਠਿ ਧਾਇ ॥ ਕਰਮੀ ਸਤਿਗੁਰੁ ਪਾਇਆ, ਜਿਨਿ ਹਉ ਲੀਆ ਛਡਾਇ ॥੨੦੯॥ ਕਬੀਰ ਜੀ ਕਹਿੰਦੇ ਹਨ ਕਿ (ਮਨੁੱਖ ਦਾ) ਭੌਂਕਣ ਵਾਲਾ ਮਨ ਰੂਪ ਕੁੱਤਾ ਵਿਸ਼ਿਆਂ ਰੂਪ ਕਰੰਗ ਦੇ ਪਿੱਛੇ ਉਠ ਦੌੜਦਾ ਹੈ (ਇਸੇ ਕਰਕੇ ਦੁਖੀ ਹੈ)। ਹਰੀ ਦੀ ਕਿਰਪਾ ਨਾਲ ਮੈਂ ਸੱਤਗੁਰੂ ਨੂੰ ਪਾਇਆ ਹੈ, ਜਿਨਾਂ ਨੇ ਮੈਨੂੰ (ਇਸ ਕੁੱਤੇ ਤੋਂ) ਛੁਡਾ ਲਿਆ ਹੈ ਭਾਵ ਝੂਠੇ ਪਦਾਰਥਾਂ ਦੇ ਸੰਕਲਪਾਂ ਤੋਂ ਰਹਿਤ ਕਰ ਦਿਤਾ। ੨੦੯।
ਪਦਾਰਥ = ਕੂਕਰੁ ਭਉਕਨਾ-ਫਜ਼ੂਲ ਰੌਲਾ ਪਾਉਣ ਵਾਲਾ ਮਨ (ਜਾਂ ਮਨੁੱਖ) ਰੂਪ ਲੋਭੀ ਕੁੱਤਾ। ਕਰੰਗ-ਵਿਸ਼ੇ ਵਿਕਾਰ; ਪਰਾਈ ਇਸਤ੍ਰੀ; ਮਾਇਆ ਰੂਪ ਕਰੰਗ। ਧਾਇ-ਦੌੜਦਾ ਹੈ। ਕਰਮੀ-(ਹਰੀ ਦੀ) ਕਿਰਪਾ ਨਾਲ; ਵੱਡੇ ਭਾਗਾਂ ਨਾਲ। ਜਿਨਿ-ਜਿਸ ਨੇ। ਹਉ-ਮੈਨੂੰ। ੨੦੯।
ਮਹਲਾ ੫-ਇਹ ਸਲੋਕ ਗੁਰੂ ਅਰਜਨ ਦੇਵ ਜੀ ਨੇ ਕਬੀਰ ਜੀ ਨੂੰ ਸਿਰੋਪਾ ਵੱਜੋਂ ਦਿਤਾ ਹੈ (ਸੰ. ਸ.; ਫ. ਸ.; ਟਕਸਾਲ)।
ਵਿਆਖਿਆ = ਕਬੀਰ ਜੀ ਦੇ ਪਿਛਲੇ ੨੦੭ ਅਤੇ ੨੦੮ ਵੇਂ ਸਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਖੋਲ੍ਹ ਕੇ ਦਸਦੇ ਹਨ ਕਿ ਘਾਣੀ ਵਿਚੋਂ ਗੁਰੂ ਬਚਾ ਲੈਂਦਾ ਹੈ। ਮਨੁੱਖ ਦਾ ਕੁਤੇ ਵਰਗਾ ਸੁਭਾਵ ਹੋਣ ਕਰਕੇ ਟਾਲ ਮਟੋਲ ਕਰਦਾ ਹੈ। ੨੦੯।
ਮਹਲਾ ੫ ॥ ਕਬੀਰ ਧਰਤੀ ਸਾਧ ਕੀ, ਤਸਕਰ ਬੈਸਹਿ ਗਾਹਿ ॥ ਧਰਤੀ ਭਾਰਿ ਨ ਬਿਆਪਈ, ਉਨ ਕਉ ਲਾਹੂ ਲਾਹਿ ॥੨੧੦॥ ਇਸ ਸਲੋਕ ਦੇ ਕਈ ਅਰਥ ਹਨ, ਨੰਬਰ ਅਨੁਸਾਰ ਹੇਠਾਂ ਲਿਖੇ ਹਨ (੧) ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਕਬੀਰ! ਇਹ ਧਰਤੀ ਸੰਤਾਂ ਦੀ (ਭਲੇ ਪੁਰਖਾਂ ਦੇ ਸਿਮਰਨ ਅਤੇ ਚੰਗੇ ਕਰਮ ਕਰਨ ਲਈ ਹਰੀ ਨੇ ਬਣਾਈ) ਸੀ {ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ੨੨੪}, ਪਰ ਇਸ ਨੂੰ ਚੋਰ (ਲੁਟੇਰੇ) ਮੱਲੀ ਬੈਠੇ ਹਨ। ਧਰਤੀ ਨੂੰ ਦੱਬਾਈ ਬੈਠੇ ਚੋਰਾਂ ਦਾ ਸੰਤਾਂ ਨੂੰ ਕੋਈ ਭਾਰ ਨਹੀ ਬਿਆਪਦਾ (ਸੰਤਾਂ ਉਤੇ ਚੋਰਾਂ ਦਾ ਕੋਈ ਆਸਰ ਨਹੀ ਹੁੰਦਾ), ਪਰ ਉਨ੍ਹਾਂ ਚੋਰਾਂ ਨੂੰ (ਕੀਤੇ ਕੁਕਰਮਾਂ ਦੀ) ਸਜਾ ਦਿਤੀ ਜਾਂਦੀ ਹੈ। (੨) ਧਰਮ ਅਸਥਾਨ ਰੂਪ ਧਰਤੀ ਸਾਧੂਆਂ ਦੀ ਹੈ, ਪਰ ਇਨ੍ਹਾਂ ਧਰਮ ਸਥਾਨਾਂ ਨੂੰ ਗੋਲਕ ਚੋਰ ਮੱਲੀ ਬੈਠੇ ਹਨ। (ਸੰਤ ਤਾਂ ਭਜਨ ਵਿਚ ਮਸਤ ਰਹਿੰਦੇ ਹਨ) ਅਸਥਾਨਾਂ ਨੂੰ ਮੱਲੀ ਬੈਠੇ ਚੋਰਾਂ ਦੇ ਔਗੁਣਾਂ ਦਾ ਸੰਤਾਂ ਨੂੰ ਕੋਈ ਭਾਰ ਨਹੀ ਲਗਦਾ, ਪਰ (ਧਰਮ ਸਥਾਨਾਂ ਤੇ ਕੀਤੇ ਕੁਕਰਮਾਂ ਕਾਰਣ ਗੁਰੂ) ਉਨ੍ਹਾਂ ਚੋਰਾਂ ਨੂੰ ਸਜਾ ਦੇਂਦਾ ਹੈ। ਜਿਵੇਂ ਦਸਵੇਂ ਪਾਃ ਨੇ ਮਸੰਦਾਂ ਨੂੰ ਸਜਾਵਾਂ ਦਿਤੀਆਂ ਸਨ। (੩) ਧਰਤੀ ਧਰਮੀ ਰਾਜਿਆਂ ਦੀ ਸੀ (ਤਾਂ ਕਿ ਉਹ ਧਰਤੀ ਤੇ ਧਰਮ ਦਾ ਰਾਜ ਸਥਾਪਤ ਕਰਨ, ਪਰ) ਚੋਰ ਰੂਪ ਦੈਂਤ ਰਾਜੇ ਧਰਤੀ ਨੂੰ ਦਬਾਈ ਬੈਠੇ ਹਨ। ਧਰਤੀ ਨੂੰ ਦੈਂਤਾਂ ਦਾ ਤਾਂ ਕੋਈ ਭਾਰ ਨਹੀ ਬਿਅਪਦਾ (ਪਰ ਜਾਲਮ ਰਾਜਿਆਂ ਦੇ ਕੀਤੇ ਜੁਲਮ ਤੇ ਪਾਪਾਂ ਕਰਕੇ ਹਰੀ) ਉਨ੍ਹਾਂ ਨੂੰ ਨਰਕਾਂ ਵਿਚ ਸੁੱਟਦਾ ਹੈ। ਤਪੋਂ ਰਾਜ ਰਾਜੋਂ ਨਰਕ, ਕਹਾਵਤ ਹੈ। ਇਨ੍ਹਾਂ ਅਨਿਆਈ ਰਾਜਿਆਂ ਦੇ ਜੁਲਮ ਕਰਕੇ ਸੰਤਾਂ ਨੇ ਧਰਤੀ ਨੂੰ ਨਹੀ ਛੱਡਿਆ। ਸੰਤਾਂ ਦੇ ਭਜਨ ਪ੍ਰਤਾਪ ਕਰਕੇ, ਰਾਜਿਆਂ ਦੇ ਜੁਲਮ ਦਾ ਧਰਤੀ ਨੂੰ ਭਾਰ ਨਹੀ ਬਿਆਪਦਾ। ਪਾਪ ਹੀ ਰਾਜਿਆਂ ਨੂੰ ਨਰਕਾਂ ਵਿਚ ਪਾਉਣਗੇ। (੪) ਸਾਧੂਆਂ ਦੀ ਧਰਤੀ (ਸੰਗਤ ਜਾਂ ਧਰਮ ਅਸਥਾਨ) ਤੇ ਜੇ ਚੋਰ ਮੱਲ ਕੇ ਬੈਠ ਜਾਣ। ਤਾਂ ਧਰਮ ਸਥਾਨ (ਜਾਂ ਸਾਧੂਆਂ) ਨੂੰ ਚੋਰਾਂ ਦਾ ਕੋਈ ਭਾਰ ਨਹੀ ਵਿਆਪਦਾ (ਧਰਮ ਸਥਾਨ ਤੇ ਹੋ ਰਹੇ ਕਥਾ ਕੀਰਤਨ ਦਾ) ਉਨ੍ਹਾਂ ਚੋਰਾਂ ਨੂੰ ਲਾਭ ਹੀ ਲਾਭ ਹੈ। (ਇਸ ਅਰਥ ਤੇ ਸਭ ਦੀ ਸਹਿਮਤੀ ਹੈ) ਭਾਵ ਜੇ ਚੋਰੀ ਛੱਡ ਕੇ ਨੇਕ ਨੀਅਤ ਨਾਲ ਆ ਬੈਠਣ ਤਾਂ ਸਾਧ ਸੰਗਤ ਦਾ ਚੋਰਾਂ ਨੂੰ ਲਾਭ ਮਿਲਦਾ ਹੈ। ਸਾਧੂ ਦੀ ਬ੍ਰਿਤੀ ਧੀਰਜ ਤੇ ਸਮ ਦ੍ਰਿਸਟੀ ਵਾਲੀ ਹੁੰਦੀ ਹੈ, ਸੰਤਾਂ ਕੋਲ ਜੇ ਚੋਰ ਆ ਜਾਣ ਤਾਂ ਸੰਤਾਂ ਦਾ ਕੁਛ ਨਹੀ ਵਿਗੜਦਾ। ਪਰ ਪੂਰਨ ਸਾਧੂ ਦੀ ਮੇਹਰ ਦੀ ਨਜਰ ਚੋਰ ਦੇ ਜੀਵਨ ਨੂੰ ਬਦਲ ਦੇਂਦੀ ਹੈ, ਇਸਦਾ ਚੋਰਾਂ ਨੂੰ ਲਾਭ ਹੀ ਹੁੰਦਾ ਹੈ। ੨੧੦।

ਭਾਰੇ ਭੁਈ ਅਕ੍ਰਿਤਘਣ ਮੰਦੀ ਹੂ ਮੰਦੇ (ਭਾ: ਗੁ: ਵਾ: ੩੫)

ਪਦਾਰਥ = ਸਾਧ ਕੀ-ਭਲੇ ਪੁਰਸ਼ਾਂ ਦੀ। ਤਸਕਰ-ਚੋਰ। ਬੈਸਹਿ ਗਾਹਿ-ਮੱਲੀ (ਦਬਾਈ) ਬੈਠੇ ਹਨ। ਨ ਬਿਆਪਈ-ਨਹੀਂ ਲਗਦਾ। ਉਨ ਕਉ-ਉਨ੍ਹਾਂ (ਚੋਰਾਂ) ਨੂੰ। ਲਾਹੂ ਲਾਹਿ-ਲਾਭ ਹੀ ਲਾਭ ਹੈ; ਨਰਕਾਂ ਵਿਚ ਸੁੱਟਦਾ ਹੈ; ਸਜਾ ਦੇਂਦਾ ਹੈ। ੨੧੦।
ਸਾਖੀ = ਕਹਿੰਦੇ ਹਨ ਕਿ ਕਿਸੇ ਧਰਮ ਮੰਦਰ ਵਿਚ ਬੜੇ ਚੰਗੇ ਸਾਧੂਆਂ ਦਾ ਨਿਵਾਸ ਸੀ। ਸਮਾਂ ਪਾ ਕੇ ਉਸ ਧਰਮ ਸਥਾਨ ਨੂੰ ਠੱਗ ਦੰਭੀ ਸਾਧੂਆਂ ਨੇ ਦਬਾ ਲਿਆ। ਠੱਗ ਲੋਭੀ ਸਾਧ ਅਨੇਕਾਂ ਕੁਕਰਮ ਕਰਨ ਲੱਗੇ, ਆਏ ਲੋਕਾਂ ਨੂੰ ਤੰਗ ਕਰਦੇ, ਇਸਤ੍ਰੀਆਂ ਦੀ ਬੇਪਤੀ ਕਰਦੇ, ਸ਼ਰਾਬਾਂ ਪੀਂਦੇ। ਬਹੁਤੇ ਪ੍ਰੇਮੀ ਇਨ੍ਹਾਂ ਠੱਗਾਂ ਨੂੰ ਬੁਰਾ ਕਹਿੰਦੇ ਹੋਏ ਨਾਲ ਅਸਥਾਨ ਨੂੰ ਵੀ ਗੰਦਾ ਅਪਵਿਤ੍ਰ ਕਹਿਣ ਲਗ ਪਏ। ਉਸ ਪ੍ਰਤੀ ਸਿਖਿਆ ਹੈ ਕਿ ਅਸਥਾਨ ਤਾਂ ਚੰਗੇ ਸਾਧੂਆਂ ਦਾ ਹੈ, ਬੇਸ਼ੱਕ ਚੋਰਾਂ ਨੇ ਮੱਲ ਲਿਆ ਹੈ, ਪਰ ਇਨ੍ਹਾਂ ਚੋਰਾਂ ਦੀ ਕਰਤੂਤ ਕਰਕੇ ਸਥਾਨ ਦੀ ਨਿੰਦਾ ਨਾ ਕਰੋ। ਸਥਾਨ ਤੇ ਭਜਨ ਪਾਠ ਦਾ ਫਲ ਮੌਜੂਦ ਹੈ, ਇਸ ਕਰਕੇ ਚੋਰਾਂ ਦੇ ਪਾਪਾਂ ਦਾ ਭਾਰ ਸਥਾਨ ਨੂੰ ਨਹੀ ਲਗਦਾ, ਸੱਗੋਂ ਚੋਰਾਂ ਨੂੰ ਨਰਕਾਂ ਵਿਚ ਸਿੱਟੀਦਾ ਹੈ (ਭਾ: ਵੀਰ ਸਿੰਘ)। ੨੧੦।

ਮਹਲਾ ੫ ॥ ਕਬੀਰ ਚਾਵਲ ਕਾਰਨੇ, ਤੁਖ ਕਉ ਮੁਹਲੀ ਲਾਇ ॥ ਸੰਗਿ ਕੁਸੰਗੀ ਬੈਸਤੇ, ਤਬ ਪੂਛੈ ਧਰਮਰਾਇ ॥੨੧੧॥ ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਕਬੀਰ! ਜਿਵੇਂ ਚੌਲ ਕੱਢਣ ਲਈ ਤੁਖਾਂ ਨੂੰ ਮੋਹਲੇ ਲਾ ਕੇ ਕੁੱਟੀਦਾ ਹੈ। ਤਿਵੇਂ ਕੁਸੰਗੀਆਂ ਦੀ ਸੰਗਤ ਵਿਚ ਜੋ ਮਨੁੱਖ ਬੈਠਦੇ ਹਨ, ਤਦ ਉਨ੍ਹਾਂ ਨੂੰ ਪ੍ਰਲੋਕ ਵਿਚ ਧਰਮਰਾਜ (ਲੇਖਾ) ਪੁੱਛਦਾ ਹੈ (ਸਜਾ ਦੇਂਦਾ ਹੈ)।੨੧੧।

ਪਦਾਰਥ = ਚਾਵਲ ਕਾਰਨੇ–ਚੌਲ ਕੱਢਣ ਵਾਸਤੇ। ਤੁਖ ਕਉ–ਤੁਹਾਂ (ਚੌਲਾਂ ਦੇ ਛਿਲਕੇ) ਨੂੰ। ਮੁਹਲੀ–ਉਖਲੀ ਵਿਚ ਚੌਲ ਆਦਿ ਛੜਨ ਦਾ ਭਾਰਾ ਸੋਟਾ। ਸੰਗਿ ਕੁਸੰਗੀ–ਕੁਸੰਗੀਆਂ ਦੇ ਨਾਲ। ਬੈਸਤੇ–ਬੈਠਦੇ ਹਨ। ਤਬ–ਤਦ।੨੧੧।

(ਉਪਰਲੇ ਦੋਵੇਂ ਸਲੋਕ ੯੬੫ ਅੰਗ ਤੇ ਰਾਮਕਲੀ ਦੀ ਦੂਜੀ ਵਾਰ ਵਿਚ ਵੀ ਦਰਜ ਹਨ)।

ਵਿਆਖਿਆ = ਜਦ ਬੁਰਿਆਂ ਨਾਲ ਉਠਣ ਬੈਠਣ ਹੋ ਜਾਂਦਾ ਹੈ, ਮਨ ਵਿਚ ਬਿਕਾਰ ਅਸਰ ਕਰਦੇ ਹਨ। ਜਿਸ ਤੋਂ ਬਹੁਤ ਰੋਗ ਤੇ ਦੁਖ ਪੈਦਾ ਹੁੰਦੇ ਹਨ। ਮਾਨੋਂ ਇਹੀ ਜਮਾਂ ਦੇ ਮੋਹਲੇ ਬਜਦੇ ਹਨ। ਦੋਹਾਂ ਸਲੋਕਾਂ ਵਿਚ ਸੰਗਤ ਤੇ ਕੁਸੰਗਤ ਦੋਹਾਂ ਦਾ ਫਲ ਦਸਿਆ ਹੈ। ਸੱਤਸੰਗ ਵਿਚ ਬੈਠ ਕੇ ਬੁਰੇ ਬੰਦੇ ਵੀ ਲਾਭ ਖੱਟਦੇ ਹਨ, ਕੁਸੰਗਤ ਵਿਚ ਚੰਗੇ ਪੁਰਖ ਸਜਾ ਦੇ ਭਾਗੀ ਬਣਦੇ ਹਨ।

ਸਰਵਰੁ ਹੰਸਿ ਨ ਜਾਣਿਆ, ਕਾਗ ਕੁਪੰਖੀ ਸੰਗਿ। ਸਾਕਤ ਸਿਉ ਐਸੀ ਪ੍ਰੀਤਿ ਹੈ, ਬੂਝਹੁ ਗਿਆਨੀ ਰੰਗਿ। (੧੪੧੧)

ਨਾਮਾ ਮਾਇਆ ਮੋਹਿਆ, ਕਹੈ ਤਿਲੋਚਨੁ ਮੀਤ ॥ ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤੁ ॥੨੧੨॥ (ਨਾਮ ਦੇਵ ਜੀ ਛੀਂਬੇ ਜਾਤੀ ਵਿਚੋਂ ਸਨ, ਉਨ੍ਹਾਂ ਨੂੰ ਚੰਦੇ ਛਾਪਦਿਆਂ ਨੂੰ ਦੇਖ ਕੇ) ਭਗਤ ਤ੍ਰਿਲੋਚਨ ਜੀ ਕਹਿੰਦੇ ਹਨ, ਹੇ ਨਾਮਦੇਵ ਮਿਤ੍ਰ! ਤੂੰ ਤਾਂ ਮਾਯਾ ਵਿਚ ਮੋਹਿਆ (ਫਸਿਆ) ਹੋਇਆ ਹੈਂ। (ਤੂੰ) ਕਿਉਂ ਚੰਦੇ ਛਾਪ ਰਿਹਾ ਹੈਂ ਅਤੇ ਪ੍ਰਭੂ ਵਿਚ ਚਿਤ ਕਿਉਂ ਨਹੀ ਲਾਉਂਦਾ?।੨੧੨।

ਪਦਾਰਥ = ਨਾਮਾ–ਨਾਮ ਦੇਵ। ਕਹੈ–ਕਹਿੰਦਾ ਹੈ। ਮੀਤ–ਹੇ ਮਿਤ੍ਰ। ਕਾਹੇ–ਕਿਉਂ; ਕਿਸ ਲਈ। ਛੀਪਹੁ–ਛਾਪਦੇ ਹੋ। ਛਾਇਲੈ–(ਵੇਲ ਬੂਟੇ ਛਾਪੀ ਹੋਈ) ਚਾਦਰ (ਛਾਪੀ ਹੋਈ ਚਾਦਰ ਨੂੰ ਚੰਦਾ ਵੀ ਆਖਦੇ ਹਨ)। ਰਾਮ–ਸਰਬ ਵਿਆਪਕ ਪ੍ਰਮਾਤਮਾ।੨੧੨।

ਵਿਆਖਿਆ = ਭਗਤ ਨਾਮ ਦੇਵ ਜੀ ਗ੍ਰਿਹਸਤੀ ਸਨ, ਖਾਨਦਾਨੀ ਕਿੱਤੇ ਦਾ ਘਰੇਲੂ ਕੰਮ ਕਰਕੇ ਪ੍ਰਵਾਰ ਦਾ ਗੁਜਾਰਾ ਚਲਾਉਂਦੇ ਸਨ। ਲੋਕਾਂ ਵਿਚ ਆਮ ਧਾਰਣਾ ਸੀ ਕਿ ਗ੍ਰਿਹਸਤ ਵਿਚ ਰਹਿ ਕੇ ਰੱਬ ਨੂੰ ਨਹੀ ਜਪਿਆ ਜਾ ਸਕਦਾ। ਤ੍ਰਿਲੋਚਨ ਜੀ ਨਾਮ ਦੇਵ ਜੀ ਦੇ ਮਿਤ੍ਰ ਅਤੇ ਸਮ ਕਾਲੀ ਵੀ ਸਨ, ਆਪਸ ਵਿਚ ਮਿਲ ਕੇ ਗਿਆਨ ਚਰਚਾ ਕਰਿਆ ਕਰਦੇ ਸਨ। ਚੰਦੇ ਛਾਪਦਿਆਂ ਨੂੰ ਦੇਖ ਕੇ ਤ੍ਰਿਲੋਚਨ ਜੀ ਨੇ ਇਹ ਗੱਲ ਨਾਮਦੇਵ ਜੀ ਨੂੰ ਆਖੀ। ਦੋਹਾਂ ਭਗਤਾਂ ਦਾ ਆਪਸ ਵਿਚ ਦਾ ਸੰਬਾਦ ਭਗਤ ਕਬੀਰ ਜੀ ਨੇ ਇਨ੍ਹਾਂ ਦੋ ਸਲੋਕਾਂ ਵਿਚ ਵਰਨਣ ਕੀਤਾ ਹੈ।

ਅੰਗ ੧੩੭੬ = ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮ੍ਹਾਲਿ ॥ ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ ॥੨੧੩॥ (ਨਾਮ ਦੇਵ ਜੀ ਇਸ ਸਲੋਕ ਵਿਚ ਤ੍ਰਿਲੋਚਨ ਜੀ ਦੇ ਸਵਾਲ ਦਾ ਉਤਰ ਦੇਂਦੇ ਹਨ) ਨਾਮ ਦੇਵ ਜੀ ਆਖਦੇ ਹਨ, ਹੇ ਤ੍ਰਿਲੋਚਨ ਜੀ! ਮੂੰਹ ਨਾਲ ਪ੍ਰਭੂ ਦੇ ਨਾਮ ਨੂੰ ਸਿਮਰੋ। (ਘਰ ਦਾ ਗੁਜਾਰਾ ਚਲਾਉਣ ਲਈ) ਹੱਥਾਂ ਪੈਰਾਂ ਨਾਲ ਕੰਮ ਕਾਜ ਕਰ ਤੇ ਚਿਤ ਨੂੰ ਪ੍ਰਭੂ ਨਾਲ ਜੋੜ ਕੇ ਰਖੋ।੨੧੩।

ਪਦਾਰਥ = ਨਾਮਾ ਕਹੈ–ਨਾਮ ਦੇਵ ਜੀ ਕਹਿੰਦੇ ਹਨ। ਤਿਲੋਚਨਾ–ਹੇ ਤ੍ਰਿਲੋਚਨ ਜੀ!। ਮੁਖ ਤੇ–ਮੂੰਹ ਤੋਂ। ਸਮ੍ਹਾਲਿ–ਸਿਮਰੋ। ਪਾਉ–ਪੈਰ। ਕਾਮੁ–ਕੰਮ। ਚੀਤੁ–ਚਿੱਤ ਨੂੰ। ਨਿਰੰਜਨ–ਮਾਇਆ ਤੋਂ ਨਿਰਲੇਪ ਪ੍ਰਭੂ।੨੧੩।

ਨੋਟਃ– ਭਗਤ ਨਾਮ ਦੇਵ ਜੀ ਅਪਣੇ ਜੀਵਨ ਦੇ ਅੰਤਲੇ ਸਮੇਂ ਪੰਜਾਬ ਦੇ ਜਿਲ੍ਹਾ ਗੁਰਦਾਸ ਪੁਰ ਦੇ ਪਿੰਡ ਘੁਮਾਣ ਵਿਚ ਰਹੇ। ਇਥੇ ਹੀ ਭਗਤ ਜੀ ਨੇ ਸਰੀਰ ਛੱਡਿਆ, ਜਿਥੇ ਉਨ੍ਹਾਂ ਦਾ ਦੇਹੁਰਾ ਬਣਿਆ ਹੋਇਆ ਹੈ। ਮੇਰਾ ਖਿਆਲ ਹੈ ਕਿ ਇਹ ਦੋਵੇਂ ਸਲੋਕ ਭਗਤ ਨਾਮ ਦੇਵ ਜੀ ਦੇ ਹੀ ਲਿਖੇ ਹੋਏ ਹੋਣਗੇ। ਜਿਸ ਤਰ੍ਹਾਂ ਭਗਤ ਨਾਮ ਦੇਵ ਜੀ ਦੀ ਹੋਰ ਬਾਣੀ ਗੁਰੂ ਅਰਜਨ ਦੇਵ ਜੀ ਤਕ ਪਹੁੰਚੀ, ਉਸ ਦੇ ਨਾਲ ਇਹ ਦੋਵੇਂ ਸਲੋਕ ਵੀ ਜਰੂਰ ਹੋਣਗੇ, ਰਾਮਕਲੀ ਰਾਗ ਵਿਚ ਭਗਤ ਜੀ ਦੇ ਸ਼ਬਦ {ਆਨੀਲੇ ਕਾਗਦ ਕਾਟੀ ਲੇ ਗੂਡੀ ਆਕਾਸ ਮਧੇ ਭਰਮੀਅਲੇ ੯੭੨} ਨਾਲ ਇਨ੍ਹਾਂ ਦੋਹਾਂ ਸਲੋਕਾਂ ਦਾ ਭਾਵ ਮਿਲਦਾ ਹੈ। ਇਸ ਤੋਂ ਵੀ ਜਾਪਦਾ ਹੈ ਕਿ ਉਹੋ ਹੀ ਵਿਚਾਰ ਨਾਮਦੇਵ ਜੀ ਨੇ ਇਨ੍ਹਾਂ ਸਲੋਕਾਂ ਵਿਚ ਲਿਖਿਆ ਹੈ। ਜੇ ਇਹ ਸਲੋਕ ਕਬੀਰ ਜੀ ਦੇ ਲਿਖੇ ਹੋਏ ਹੁੰਦੇ, ਜਿਵੇਂ ਕਿ ਸਾਰੇ ਟੀਕਾਕਾਰ ਮੰਨਦੇ ਹਨ, ਤਾਂ ਕਬੀਰ ਜੀ ਦਾ ਨਾਮ ਇਨ੍ਹਾਂ ਸਲੋਕਾਂ ਵਿਚ ਮੋਹਰ ਵੱਜੋਂ ਜਰੂਰ ਹੋਣਾ ਸੀ।੨੧੩।

ਮਹਲਾ ੫ ॥ ਕਬੀਰਾ ਹਮਰਾ ਕੋ ਨਹੀ, ਹਮ ਕਿਸ ਹੂ ਕੇ ਨਾਹਿ ॥ ਜਿਨਿ ਇਹੁ ਰਚਨੁ ਰਚਾਇਆ, ਤਿਸ ਹੀ ਮਾਹਿ ਸਮਾਹਿ ॥੨੧੪॥ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਹੇ ਕਬੀਰ! ਮੇਰਾ ਕੋਈ ਵੀ ਸਾਥੀ ਨਹੀ ਹੈ, ਨਾ ਹੀ ਮੈਂ ਕਿਸੇ ਦਾ (ਸਾਥੀ) ਹਾਂ (ਸੰਸਾਰ ਵਿਚ ਸਭ ਨਾਸ਼ਵੰਤ ਚੀਜਾਂ ਹਨ, ਹਰੀ ਦੇ ਨਾਮ ਤੋਂ ਬਿਨਾਂ ਕੋਈ ਵੀ ਨਾਲ ਨਿਭਣ ਵਾਲੀ ਨਹੀ ਅਤੇ ਨਾ ਹੀ ਮੈਂ ਕਿਸੇ ਦੇ ਨਾਲ ਨਿਭਣ ਵਾਲਾ ਹਾਂ) {ਨਾ ਕੋ ਮੇਰਾ ਹਉ ਕਿਸੁ ਕੇਰਾ। ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ੧੦੯}। ਜਿਸ ਹਰੀ ਨੇ ਇਸ (ਸੰਸਾਰ) ਰਚਨਾ ਨੂੰ ਬਣਾਇਆ ਹੈ, ਤਿਸ ਹਰੀ ਵਿਚ ਅਸੀਂ ਸਮਾ ਰਹੇ ਹਾਂ; ਅੰਤ ਨੂੰ ਸਾਰਾ ਸੰਸਾਰ ਉਸੇ ਹਰੀ ਵਿਚ ਲੀਨ ਹੋ ਜਾਂਦਾ ਹੈ।੨੧੪। (ਇਹ ਸਲੋਕ ੯੬੫ ਅੰਗ ਤੇ ਵੀ ਹੈ)।

ਪਦਾਰਥ = ਹਮਰਾ–ਮੇਰਾ।ਕੋ ਨਹੀ–ਕੋਈ ਨਹੀਂ।ਕਿਸ ਹੂ ਕੇ–ਕਿਸੇ ਦਾ।ਰਚਨੁ–ਸੰਸਾਰ।ਰਚਾਇਆ–ਬਣਾਇਆ ਹੈ।ਜਿਨਿ–ਜਿਸ (ਪ੍ਰਭੂ) ਨੇ।ਤਿਸ ਹੀ ਮਾਹਿ–ਉਸੇ (ਪ੍ਰਭੂ) ਵਿਚ ਹੀ।ਸਮਾਹਿ–ਸਮਾ ਜਾਂਦਾ ਹੈ।੨੧੪।

ਕਬੀਰ ਕੀਚੜਿ ਆਟਾ ਗਿਰਿ ਪਰਿਆ, ਕਿਛੂ ਨ ਆਇਓ ਹਾਥ ॥ ਪੀਸਤ ਪੀਸਤ ਚਾਬਿਆ, ਸੋਈ ਨਿਬਹਿਆ ਸਾਥ ॥੨੧੫॥ ਕਬੀਰ ਜੀ ਆਖਦੇ ਹਨ, ਹੇ ਭਾਈ! (ਜਿਵੇਂ ਕਿਸੇ ਮਾਈ ਦਾ ਆਟਾ) ਚਿੱਕੜ ਵਿਚ ਡਿਗ ਪਿਆ, (ਮਾਈ ਦੇ) ਹੱਥ ਕੁਛ ਨਹੀ ਆਇਆ। ਪੀਂਹਦਿਆਂ ਪੀਂਹਦਿਆਂ ਜਿਹੜਾ (ਬਾਹਰ ਡਿੱਗਾ ਦਾਣਾ) ਚੱਬ ਲਿਆ, ਓਹੀ ਦਾਣਾ ਨਾਲ ਨਿਭਿਆ ਹੈ (ਅੰਦਰ ਗਿਆ ਸਫਲ ਹੋਇਆ ਤੇ ਬਾਕੀ ਸਭ ਚਿਕੜ ਵਿਚ ਗਿਰ ਕੇ ਵਿਅਰਥ ਚਲਾ ਗਿਆ)।੨੧੫।

ਪਦਾਰਥ = ਕੀਚੜਿ–ਚਿੱਕੜ ਵਿਚ।ਗਿਰਿ ਪਰਿਆ–ਡਿਗ ਪਿਆ।ਪੀਸਤ–ਪੀਂਹਦਿਆਂ।ਚਾਬਿਆ–ਚੱਬਿਆ।ਸੋਈ–ਉਹ ਹੀ। ਨਿਬਹਿਆ–ਨਿਭਿਆ (ਕੰਮ ਆਇਆ)।ਸਾਥ–ਨਾਲ।੨੧੫।

ਸਾਖੀ = ਇਕ ਮਾਈ ਗੁਆਂਢੀਆਂ ਦੇ ਘਰ ਆਟਾ ਪੀਹਣ ਗਈ।ਪੀਹੰਦੀ ਹੋਈ ਜਿਹੜਾ ਦਾਣਾ ਚੱਕੀ ਤੋਂ ਬਾਹਰ ਗਿਰਿਆ ਕਰੇ, ਮਾਈ ਚੱਬ ਲਿਆ ਕਰੇ।ਆਟਾ ਪੀਹ ਕੇ ਵਾਪਸ ਜਾਂਦੀ ਨੂੰ ਮੀਂਹ ਪੈਣ ਕਰਕੇ ਗਲੀਆਂ ਵਿਚ ਚਿੱਕੜ ਸੀ।ਤਿਲ੍ਹਕ ਕੇ ਡਿੱਗੀ ਦਾ ਸਾਰਾ ਆਟਾ ਚਿਕੜ ਵਿਚ ਖਰਾਬ ਹੋ ਗਿਆ।ਤਿਸ ਪਰ ਕਹਿੰਦੇ ਹਨ, ਜੋ ਦਾਣਾ ਖਾ ਲਿਆ ਉਹੀ ਸਫਲ, ਬਾਕੀ ਨਿਫਲ ਗਿਆ।

ਅੰਤ੍ਰੀਵ ਭਾਵਃ– ਸੁਆਸਾਂ ਰੂਪ ਆਟਾ ਮੋਹ (ਜਾਂ ਵਿਸ਼ਿਆਂ) ਰੂਪ ਚਿੱਕੜ ਵਿਚ ਡਿਗ ਪਿਆ (ਸਾਰੇ ਸਾਹ ਪ੍ਰਵਾਰ ਦੇ ਮੋਹ ਵਿਚ ਹੀ ਬਿਅਰਥ ਚਲੇ ਗਏ)।ਇਸ ਮਨੁੱਖ ਦੇ ਹੱਥ ਕੁਛ ਨਾ ਆਇਆ।ਪ੍ਰਵਾਰ ਦੇ ਮੋਹ ਵਿਚ ਲੱਗਿਆਂ ਹੋਇਆਂ ਜੋ ਕੁਝ ਸਾਹ ਸਿਮਰਨ ਵਿਚ ਲਾ ਦਿਤੇ, ਉਹੀ ਸਾਥ ਨਿਭੇ (ਸਫਲ ਹੋਏ) ਹਨ।੨੧੫।

ਕਬੀਰ ਮਨੁ ਜਾਨੈ ਸਭ ਬਾਤ, ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ, ਹਾਥਿ ਦੀਪੁ ਕੂਏ ਪਰੈ ॥੨੧੬॥ ਕਬੀਰ ਜੀ ਕਹਿੰਦੇ ਹਨ, ਮਨੁੱਖੀ ਮਨ (ਭਲਾ ਬੁਰਾ; ਪਾਪ ਪੁੰਨ ਦੀਆਂ) ਸਭ ਗੱਲਾਂ ਜਾਣਦਾ ਹੈ (ਪਰ ਅਫਸੋਸ ਹੈ ਕਿ) ਸਭ ਕੁਝ ਜਾਣਦਾ ਹੋਇਆ ਵੀ ਔਗਣ ਕਰਦਾ ਹੈ।(ਮਨੁੱਖ ਨੂੰ) ਸੁੱਖਾਂ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਜਦ ਹੱਥ ਵਿਚ ਦੀਵਾ ਫੜ ਕੇ ਵੀ ਖੂਹ ਵਿਚ ਡਿਗ ਪਵੇ (ਮਨੁੱਖ ਨੂੰ ਪਾਪ ਪੁੰਨ, ਨੇਕੀ ਬਦੀ ਦੀ ਸਾਰੀ ਸਮਝ ਹੈ।ਗੁਰੂ ਦਾ ਉਪਦੇਸ਼ ਗਿਆਨ ਰੂਪ ਦੀਵਾ ਹੈ, ਮਨ ਰੂਪ ਹੱਥ ਵਿਚ ਇਹ ਦੀਵਾ ਫੜਿਆ ਹੋਵੇ, ਫਿਰ ਵੀ ਮਨੁੱਖ ਵਿਸ਼ਿਆਂ ਦੇ ਖੂਹ ਵਿਚ ਡਿਗ ਰਿਹਾ ਹੈ, ਆਤਮ ਸੁਖ ਕਿਵੇਂ ਮਿਲ ਸਕਦਾ ਹੈ)?।੨੧੬।

ਪਦਾਰਥ = ਬਾਤ–ਗੱਲਾਂ।ਜਾਨਤ–ਜਾਣਦਾ ਹੋਇਆ ਵੀ।ਅਉਗਨੁ–ਗੁਨਾਹ।ਕਾਹੇ–ਕਿਵੇਂ।ਕੁਸਲਾਤ–ਸੁੱਖ; ਕਲਿਆਣ।ਹਾਥਿ–ਹੱਥ ਵਿਚ।ਦੀਪ–ਦੀਵਾ।ਕੂਏ–ਖੂਹ।ਪਰੈ–ਪੈ ਰਿਹਾ (ਡਿਗਦਾ) ਹੈ।੨੧੬।

ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ, ਬਰਜੈ ਲੋਗੁ ਅਜਾਨੁ ॥ ਤਾ ਸਿਉ ਟੂਟੀ ਕਿਉ ਬਨੈ, ਜਾ ਕੇ ਜੀਅ ਪਰਾਨ ॥੨੧੭। ਕਬੀਰ ਜੀ ਕਹਿੰਦੇ ਹਨ ਕਿ ਮੇਰੀ ਪਰੀਤ ਜਾਣੀ ਜਾਣ ਹਰੀ ਨਾਲ ਲੱਗੀ ਹੋਈ ਹੈ, ਪਰ ਅਗਿਆਨੀ ਲੋਕ ਮੈਨੂੰ (ਇਸ ਪ੍ਰੀਤ ਤੋਂ) ਹਟਾਉਂਦੇ ਹਨ।ਪਰ ਉਸ ਹਰੀ ਨਾਲੋਂ ਪ੍ਰੀਤ ਤੋੜਨੀ ਕਿਵੇਂ ਬਣ ਸਕਦੀ ਹੈ? ਜਿਸ ਦੇ ਜਿੰਦ ਤੇ ਪ੍ਰਾਣ ਦਿਤੇ ਹੋਏ ਹਨ।੨੧੭।

ਪਦਾਰਥ = ਲਾਗੀ–ਲੱਗੀ ਹੋਈ ਹੈ।ਸੁਜਾਨੁ ਸਿਉ–ਸਿਆਣੇ (ਜਾਣੀ ਜਾਣ ਪ੍ਰਭੂ) ਨਾਲ।ਬਰਜੈ–ਮਨ੍ਹਾਂ ਕਰਦੇ (ਹਟਾਉਂਦੇ) ਹਨ।ਅਜਾਨੁ–ਅਣਜਾਣ; ਬੇ ਸਮਝ।ਤਾ ਸਿਉ–ਉਸ ਨਾਲੋਂ।ਕਿਉ ਬਨੈ–ਕਿਵੇਂ ਬਣ ਸਕਦੀ ਹੈ; ਇਹ ਕਿਵੇਂ ਹੋ ਸਕਦਾ; ਸੋਭ ਸਕਦਾ ਹੈ।੨੧੭।

ਵਿਆਖਿਆ = ਪ੍ਰਭੂ ਨਾਲ ਜੋੜਨ ਵਾਲੇ ਬਹੁਤ ਘਟ ਤੇ ਤੋੜਨ ਵਾਲੇ ਬਹੁਤੇ ਹਨ।ਕਈ ਲੋਕ ਲਾਜ ਕਰਕੇ ਜਾਂ ਕੱਚੇ ਪ੍ਰੇਮੀ ਕਿਸੇ ਦੇ ਹਟਾਇਆਂ ਟੁੱਟ ਵੀ ਜਾਂਦੇ ਹਨ।ਪਰ ਜਿਸ ਹਰੀ ਨੇ ਸੁੰਦਰ ਸਰੀਰ ਦਿਤਾ, ਪਹਿਨਣ ਖਾਣ ਤੇ ਹੋਰ ਕਿੰਨੇ ਸੁੱਖ ਦਿੰਦਾ ਹੈ, ਉਸ ਨਾਲੋਂ ਟੁੱਟਣਾ ਫਬਦਾ ਨਹੀ।੨੧੭।

ਕਬੀਰ ਕੋਠੇ ਮੰਡਪ ਹੇਤੁ ਕਰਿ, ਕਾਹੇ ਮਰਹੁ ਸਵਾਰਿ ॥ ਕਾਰਜੁ ਸਾਢੇ ਤੀਨਿ ਹੱਥ, ਘਨੀ ਤ ਪਉਨੇ ਚਾਰਿ ॥੨੧੮॥ ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ! ਘਰ ਤੇ ਮਹਿਲਾਂ ਨਾਲ ਪ੍ਰੇਮ ਕਰਕੇ (ਤੇ ਉਨ੍ਹਾਂ ਨੂੰ) ਸਵਾਰ ਕੇ ਕਿਉ ਮਰਦੇ ਹੋ ਭਾਵ ਬੜੇ ਬੜੇ ਮਹਿਲਾਂ ਨੂੰ ਬਣਾ ਕੇ ਸੁਆਰਨ ਦੇ ਜਤਨਾਂ ਵਿਚ ਕਿਉਂ ਮਰਦੇ (ਐਨੇ ਔਖੇ ਹੁੰਦੇ) ਹੋ।ਅੰਤ ਨੂੰ ਤਾਂ ਤੇਰੇ ਸਾਢੇ ਤਿੰਨ ਹੱਥ ਜਮੀਨ ਹੀ ਕੰਮ ਆਉਣੀ ਹੈ (ਜੇ ਭੋਰਾ ਕੱਦ ਲੰਬਾ ਹੋਵੇ) ਤਾਂ ਵੱਧ ਤੋਂ ਵੱਧ ਪੌਣੇ ਚਾਰ ਹੱਥ ਜਗ੍ਹਾ ਮਿਲ ਜਾਵੇਗੀ।੨੧੮।

ਪਦਾਰਥ = ਮੰਡਪ–ਮਹਿਲ ਮਾੜੀਆਂ।ਕੋਠੇ–ਘਰ।ਹੇਤੁ ਕਰਿ–ਪ੍ਰੇਮ (ਸ਼ੌਕ) ਕਰਕੇ।ਕਾਹੇ ਮਰਹੁ–ਕਿਉਂ ਮਰਦੇ ਹੋ।ਸਵਾਰਿ–ਸਵਾਰ ਕੇ; ਸਜਾ ਕੇ।ਘਨੀ–ਬਹੁਤਾ।ਪਉਨੇ ਚਾਰਿ–ਪੌਣੇ ਚਾਰ (ਹੱਥ ਜਗ੍ਹਾ)।੨੧੮।

ਵਿਆਖਿਆ = ਮਨੁੱਖ ਦਾ ਮਨ ਸਾਰੀ ਉਮਰ ਘਰ, ਮਹਿਲ ਉਸਾਰਨ ਵਿਚ ਹੀ ਲੱਗਾ ਰਹਿੰਦਾ ਹੈ।ਭਾਵ ਇਹ ਨਹੀ ਕਿ ਘਰ ਮਕਾਨ ਨਾ ਬਣਾਓ, ਪਰ ਇਤਨੇ ਨਾ ਫਸੋ ਕਿ ਹਰੀ ਨੂੰ ਭੁੱਲ ਜਾਵੋ।ਅੰਤ ਨੂੰ ਮੁਰਦੇ ਨੂੰ ਜਲਾਉਣ ਵੇਲੇ ਅਤੇ ਕਬਰ ਵਿਚ ਪਾਉਣ ਵੇਲੇ ਸਭ ਨੂੰ ਥੋੜੀ ਜਿਹੀ ਥਾਂ ਚਾਹੀਦੀ ਹੈ।ਸੌਣ ਲਈ ਵੀ ਇੰਨੀ ਕੁ ਹੀ ਥਾਂ ਦੀ ਜਰੂਰਤ ਹੈ।ਸੋ ਹੇ ਭਾਈ! ਹਰੀ ਨਾਲ ਵੀ ਮਨ ਨੂੰ ਜੋੜ।੨੧੮।

ਕਬੀਰ ਜੋ ਮੈ ਚਿਤਵਉ ਨਾ ਕਰੈ, ਕਿਆ ਮੇਰੇ ਚਿਤਵੇ ਹੋਇ ॥ ਅਪਨਾ ਚਿਤਵਿਆ ਹਰਿ ਕਰੈ, ਜੋ ਮੇਰੇ ਚਿਤਿ ਨ ਹੋਇ ॥੨੧੯॥

ਕਬੀਰ ਜੀ ਆਖਦੇ ਹਨ ਕਿ ਜੋ ਮੈਂ ਸੋਚਦਾ ਹਾਂ, ਹਰੀ ਉਹ ਕੁਝ ਨਹੀਂ ਕਰਦਾ (ਇਸ ਕਰਕੇ ਮੈਂ ਨਿਸਚੇ ਕੀਤਾ ਹੈ ਕਿ) ਮੇਰੇ ਸੋਚਿਆਂ ਕੀ ਹੋ ਸਕਦਾ ਹੈ? ਹਰੀ ਅਪਣਾ ਚਿਤਵਿਆ ਹੋਇਆ ਸੰਕਲਪ ਪੂਰਾ ਕਰਦਾ ਹੈ, ਜੋ ਮੇਰੇ ਚਿਤ ਚੇਤੇ ਵੀ ਨਹੀ ਹੁੰਦਾ।੨੧੯। ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ। ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ।(੮੦੦)

ਪਦਾਰਥ = ਚਿਤਵਉ–ਸੋਚਦਾ (ਖਿਆਲ ਕਰਦਾ; ਚਾਹੁੰਦਾ) ਹਾਂ। ਚਿਤਵੇ–ਸੋਚਿਆਂ। ਚਿਤਿ–ਚਿਤ ਵਿਚ।੨੧੯।

ਵਿਆਖਿਆ = ਮਨੁੱਖ ਅਪਣੇ ਸੁੱਖ ਤੇ ਸੁਆਰਥ ਲਈ ਬਹੁਤ ਕੁਛ ਸੋਚਦਾ ਹੈ, ਪਰ ਜੋ ਹਰੀ ਕਰਦਾ ਹੈ ਉਹੀ ਹੁੰਦਾ ਹੈ। ਮਨੁੱਖ ਦੇ ਸਾਰੇ ਸੰਕਲਪ ਕਦੇ ਵੀ ਪੂਰੇ ਨਹੀ ਹੁੰਦੇ।੨੧੯।

ਮਃ ੩ ॥ ਚਿੰਤਾ ਭਿ ਆਪਿ ਕਰਾਇਸੀ, ਅਚਿੰਤੁ ਭਿ ਆਪੇ ਦੇਇ ॥ ਨਾਨਕ ਸੋ ਸਾਲਾਹੀਐ, ਜਿ ਸਭਨਾ ਸਾਰ ਕਰੇਇ ॥੨੨੦॥ (ਹੇ ਭਾਈ!) ਹਰੀ ਲੋਕਾਂ ਦੇ ਮਨਾਂ ਵਿਚ ਚਿੰਤਾ ਵੀ ਆਪ ਕਰਾਉਂਦਾ ਹੈ ਅਤੇ ਬੇ ਫਿਕਰੀ ਵੀ ਆਪੇ ਹੀ ਬਖਸ਼ਦਾ ਹੈ। ਗੁਰੂ ਅਮਰ ਦਾਸ ਜੀ ਆਖਦੇ ਹਨ, ਉਸ ਪ੍ਰਭੂ ਨੂੰ ਸਦਾ ਸਲਾਹੁਣਾ ਚਾਹੀਦਾ ਹੈ, ਜੋ ਸਭ (ਜੀਵਾਂ) ਦੀ ਸੰਭਾਲ ਕਰਦਾ ਹੈ।੨੨੦।

ਪਦਾਰਥ = ਚਿੰਤਾ–ਫਿਕਰ। ਭਿ–ਭੀ। ਅਚਿੰਤੁ–ਨਿਸਚਿੰਤ (ਬੇ ਫਿਕਰ)। ਦੇਇ–ਦੇਂਦਾ ਹੈ। ਸੋ–ਉਸ (ਪ੍ਰਭੂ ਨੂੰ)। ਜਿ–ਜਿਹੜਾ (ਪ੍ਰਭੂ)। ਸਭਨਾ–ਸਾਰੇ ਜੀਵਾਂ ਦੀ। ਸਾਰ ਕਰੇਇ–ਸੰਭਾਲ ਕਰਦਾ ਹੈ।੨੨੦।

ਵਿਆਖਿਆ = ਕਬੀਰ ਜੀ ਦੇ ਪਿਛਲੇ ਸਲੋਕ ਦੇ ਭਾਵ ਨੂੰ ਗੁਰੂ ਅਮਰ ਦਾਸ ਜੀ ਨੇ ਹੋਰ ਖੋਲ੍ਹ ਕੇ ਲਿਖਿਆ ਹੈ, ਜਿਸ ਵਿਚ ਦਸਿਆ ਸੀ ਕਿ ਸਭ ਕੁਛ ਹਰੀ ਦੀ ਮਰਜੀ ਅਨੁਸਾਰ ਹੁੰਦਾ ਹੈ, ਫਿਰ ਹਰੀ ਦਾ ਜਾਪ ਛੱਡ ਦੇਈਏ? ਜਦ ਹੋਣਾ ਤਾਂ ਹਰੀ ਦੀ ਮਰਜੀ ਅਨੁਸਾਰ ਹੀ ਹੈ। ਗੁਰੂ ਜੀ ਦਸਦੇ ਹਨ ਕਿ ਮਨੁੱਖ ਹਰੀ ਦੇ ਗੁਣ ਗਾਵੇ, ਚਿੰਤਾ ਕਰਨੀ ਜਾਂ ਨਾ ਕਰਨੀ ਹਰੀ ਤੇ ਛਡ ਦੇਵੇ। ਉਸ ਦੇ ਭਾਣੇ ਵਿਚ ਰਹੇ। ਆਪੇ ਹੀ ਚਿੰਤਾ ਦੂਰ ਹੋ ਜਾਂਦੀ ਹੈ।੨੨੦।

ਮਃ ੫ ॥ ਕਬੀਰ ਰਾਮੁ ਨ ਚੇਤਿਓ, ਫਿਰਿਆ ਲਾਲਚ ਮਾਹਿ ॥ ਪਾਪ ਕਰੰਤਾ ਮਰਿ ਗਇਆ, ਅਉਧ ਪੁਨੀ ਖਿਨ ਮਾਹਿ ॥੨੨੧॥ ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਕਬੀਰ! (ਜਿਸ ਮਨੁੱਖ ਨੇ) ਰਾਮ ਦੇ ਨਾਮ ਨੂੰ ਨਹੀਂ ਸਿਮਰਿਆ (ਅਤੇ ਮਾਇਆ ਦੇ) ਲਾਲਚ ਵਿਚ ਹੀ ਫਿਰਦਾ ਰਿਹਾ। (ਉਹ ਮਨੁੱਖ) ਪਾਪ ਕਰਦਾ ਹੋਇਆ ਹੀ ਮਰ ਗਿਆ, ਉਸ ਦੀ ਉਮਰ ਛਿਨ ਵਿਚ ਹੀ ਪੂਰੀ ਹੋ ਗਈ (ਉਮਰ ਲੰਘੀ ਦਾ ਪਤਾ ਹੀ ਨਾ ਲੱਗਾ)।੨੨੧।

ਪਦਾਰਥ = ਨ ਚੇਤਿਓ–ਨਹੀਂ ਸਿਮਰਿਆ। ਫਿਰਿਆ–ਫਿਰਦਾ ਰਿਹਾ। ਮਾਹਿ–ਵਿਚ। ਕਰੰਤਾ–ਕਰਦਾ ਹੋਇਆ। ਅਉਧ–ਉਮਰ। ਪੁਨੀ–ਪੂਰੀ ਹੋ ਗਈ। ਖਿਨ ਮਾਹਿ–ਇਕ ਛਿਨ ਵਿਚ (ਬਹੁਤ ਛੇਤੀ)।੨੨੧।

ਵਿਆਖਿਆ = ਉਮਰ ਦਾ ਤੀਜਾ ਹਿੱਸਾ ਸੌਂ ਕੇ, ਕੁਛ ਸਮਾਂ ਖਾਣ ਪੀਣ ਸ਼ਨਾਨ ਆਦਿ ਵਿਚ ਲੰਘਦਾ ਹੈ। ਕੁਛ ਸਮਾਂ ਸਬੰਧੀਆਂ ਦੇ ਖੁਸ਼ੀ ਗਮੀ ਵਿਚ ਸ਼ਾਮਲ ਹੋਣ ਅਤੇ ਕੁਛ ਕੰਮਾਂ ਧੰਧਿਆਂ ਵਿਚ ਬੀਤਦਾ ਹੈ। ਆਯੂ ਬੀਤਦੀ ਪ੍ਰਤੀਤ ਨਹੀ ਹੁੰਦੀ, ਇਉਂ ਲਗਦਾ ਹੈ ਜਿਵੇਂ ਉਮਰ ਅੱਖ ਦੇ ਫੋਰ ਵਿਚ ਬੀਤ ਗਈ। ਤਦੇ ਪਤਾ ਚਲਦਾ ਹੈ, ਜਦ ਮੌਤ ਆ ਜਾਂਦੀ ਹੈ।੨੨੧।

ਕਬੀਰ ਕਾਇਆ ਕਾਚੀ ਕਾਰਵੀ, ਕੇਵਲ ਕਾਚੀ ਧਾਤੁ ॥ ਸਾਬਤੁ ਰਖਹਿ ਤ ਰਾਮ ਭਜੁ, ਨਾਹਿ ਤ ਬਿਨਠੀ ਬਾਤ ॥੨੨੨॥ ਕਬੀਰ ਜੀ ਆਖਦੇ ਹਨ ਕਿ ਇਹ ਸਰੀਰ ਮਿੱਟੀ ਦੇ ਕੱਚੇ ਕਰੂਏ ਵਾਂਗ ਹੈ, ਮਾਤਾ ਪਿਤਾ ਦੀ ਨਿਰੀ ਕੱਚੀ ਧਾਤ (ਰਕਤ ਬਿੰਦ) ਤੋਂ ਬਣਿਆ ਹੋਇਆ ਹੈ। ਜੇ ਤੂੰ ਇਸ ਦੇਹ ਨੂੰ ਕਾਇਮ ਰਖਣੀ ਚਾਹੁੰਦਾ ਹੈਂ ਤਾਂ ਰਾਮ ਦਾ ਨਾਮ ਜਪ, ਨਹੀਂ ਤਾਂ ਇਹ ਗੱਲ (ਦੇਹ) ਵਿਗੜੀ ਪਈ ਸਮਝ ਲੈ (ਮੁੜ ਦੇਹ ਮਿਲਣੀ ਨਹੀ)।੨੨੨। ਕਾਚੀ ਮਟੁਕੀ ਬਿਨਸਿ ਬਿਨਾਸਾ।(੩੨੪)

ਪਦਾਰਥ = ਕਾਰਵੀ–ਕਰੂਆ (ਨਿੱਕਾ ਕੁੱਜਾ; ਮਟਕੀ)। ਕੇਵਲ–ਨਿਰੋਲ; ਨਿਰੀ। ਧਾਤੁ–ਮਾਂ ਬਾਪ ਦੀ ਰਕਤ ਬਿੰਦ; ਨਾਸ਼ਵੰਤ। ਸਾਬਤੁ–ਕਾਇਮ; ਅਖੰਡ; ਦੋਸ਼ ਰਹਿਤ (ਪਵਿਤ੍ਰ)। ਬਿਨਠੀ–ਵਿਗੜ ਜਾਏਗੀ; ਨਾਸ਼ ਹੋਵੇਗੀ।੨੨੨।

ਕਬੀਰ ਕੇਸੋ ਕੇਸੋ ਕੂਕੀਐ, ਨ ਸੋਈਐ ਅਸਾਰ ॥ ਰਾਤਿ ਦਿਵਸ ਕੇ ਕੂਕਨੇ, ਕਬਹੂ ਕੇ ਸੁਨੈ ਪੁਕਾਰ ॥੨੨੩॥ ਕਬੀਰ ਜੀ ਕਹਿੰਦੇ ਹਨ ਕਿ ਕੇਸਵ ਕੇਸਵ (ਹਰੀ ਦਾ ਨਾਮ ਸਦਾ) ਉਚਾਰਦੇ ਰਹਿਣਾ ਚਾਹੀਦਾ ਹੈ, ਬੇ ਖਬਰ ਹੋ ਕੇ ਨਾ ਸੁੱਤੇ ਰਹੀਏ। ਰਾਤ ਦਿਨ ਦੇ ਨਾਮ ਪੁਕਾਰਨ (ਲਗਤਾਰ ਜਪਣ) ਕਰਕੇ ਕਦੇ ਤਾਂ ਹਰੀ ਸਾਡੀ ਪੁਕਾਰ ਸੁਣ ਹੀ ਲਏਗਾ।੨੨੩।

ਪਦਾਰਥ = ਕੇਸੋ–ਕੇਸ਼ਵ–(ਕੇਸਾਂ ਵਾਲਾ) ਹਰੀ। ਕੂਕੀਐ–ਉਚੀ ਅਵਾਜ ਵਿਚ ਪੁਕਾਰਨਾ (ਉਚਾਰਨਾ)। ਅਸਾਰ–ਬੇ ਖਬਰ; ਬੇ ਸੁੱਧ ਹੋ ਕੇ। ਕਬਹੂ ਕੇ–ਕਦੇ ਤਾਂ।੨੨੩।

ਵਿਆਖਿਆ = ਵਾਹਿਗੁਰੂ ਦਾ ਭਜਨ ਸਦਾ ਕਰੋ। ਕਾਮਾਦਿਕਾਂ ਤੋਂ ਸਾਵਧਾਨ ਰਹੋ, ਅਵੇਸਲੇ ਨਾ ਹੋਵੋ। ਐਵੇਂ ਫਜ਼ੂਲ ਕੰਮਾਂ ਵਿਚ ਸਮਾਂ ਨਾ ਗੁਆਓ, ਸ਼ਾਇਦ ਕਿਤੇ ਹਰੀ ਦਿਆਲ ਹੋ ਕੇ ਸਾਡੀ ਪੁਕਾਰ ਸੁਣ ਲਵੇ।੨੨੩।

ਕਬੀਰ ਕਾਇਆ ਕਜਲੀ ਬਨੁ ਭਇਆ, ਮਨੁ ਕੁੰਚਰੁ ਮਯ ਮੰਤੁ ॥ ਅੰਕਸੁ ਗ੍ਯ੍ਾਨੁ ਰਤਨੁ ਹੈ, ਖੇਵਟੁ ਬਿਰਲਾ ਸੰਤੁ ॥੨੨੪॥ ਕਬੀਰ ਜੀ ਕਹਿੰਦੇ ਹਨ ਕਿ ਮਨੁੱਖ ਦਾ ਸਰੀਰ ਕੇਲਿਆਂ ਦਾ ਜੰਗਲ ਹੋਇਆ ਪਿਆ ਹੈ, (ਜਿਸ ਵਿਚ) ਮਨ ਰੂਪ ਹਾਥੀ ਹੰਕਾਰ ਦੀ ਸ਼ਰਾਬ ਨਾਲ

ਮਸਤ ਹੋਇਆ ਫਿਰਦਾ ਹੈ (ਹਾਥੀ ਬੜੇ ਬੜੇ ਦਰੱਖਤਾਂ ਨੂੰ ਤੋੜ ਦੇਂਦਾ ਹੈ, ਕੋਮਲ ਕੇਲਿਆਂ ਦਾ ਬਨ ਉਸ ਲਈ ਦਲ ਦੇਣਾ ਬੜਾ ਸੌਖਾ ਹੈ, ਮਨ ਦੇ ਅੱਗੇ ਸਰੀਰ ਕਮਜੋਰ ਹੋ ਰਿਹਾ ਹੈ।ਮਨ ਹਾਥੀ ਨੂੰ ਵਸ ਕਰਨ ਲਈ) ਕੁੰਡਾ ਹਰੀ ਦਾ ਗਿਆਨ ਤੇ ਵੈਰਾਗ ਰੂਪ ਰਤਨ ਹੈ; ਰਤਨ ਰੂਪ ਸ੍ਵੈ ਸਰੂਪ ਦਾ ਗਿਆਨ ਹੀ ਕੁੰਡਾ ਹੈ (ਪਰ ਮਨ ਹਾਥੀ ਨੂੰ ਚਲਾਉਣ ਵਾਲਾ) ਕੋਈ ਵਿਰਲਾ ਹੀ ਸੰਤ (ਗੁਰੂ) ਮਹਾਵਤ ਹੈ, ਜੋ ਮਨੁਖ ਦੇ ਮਨ ਹਾਥੀ ਨੂੰ ਚਲਾ ਸਕੇ।੨੨੪।

ਮਨੁ ਕੁੰਚਰੁ ਪੀਲਕੁ ਗੁਰੂ ,ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ।ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ।(੫੧੬)

ਪਦਾਰਥ = ਕਾਇਆ-ਸਰੀਰ।ਕਜਲੀ ਬਨੁ-(ਆਸਾਮ ਦਾ ਕਦਲੀ) ਕੇਲਿਆਂ ਦਾ ਜੰਗਲ ਜਿਥੇ ਹਾਥੀ ਬਹੁਤ ਹਨ।ਭਇਆ-ਹੋਇਆ ਹੈ।ਕੁੰਚਰੁ-ਹਾਥੀ।ਮਯ ਮੰਤੁ-ਹੰਕਾਰ ਵਿਚ ਮਸਤ।ਅੰਕਸੁ-ਕੁੰਡਾ।ਗ੍ਯਾਨੁ ਰਤਨੁ-ਉਤਮ; ਕੀਮਤੀ ਗਿਆਨ; ਰਤਨ ਰੂਪ ਸ੍ਵੈ ਸਰੂਪ ਦਾ ਗਿਆਨ।ਖੇਵਟ-ਚਲਾਉਣ ਵਾਲਾ (ਚਾਲਕ) ਚਾਹੇ ਬੇੜੀ ਨੂੰ ਚਲਾਉਣ ਵਾਲਾ ਮਲਾਹ ਕਹੋ ਜਾਂ ਹਾਥੀ ਨੂੰ ਚਲਾਉਣ ਵਾਲਾ ਮਹਾਵਤ।(ਮਯ ਨੂੰ ਮੈ, ਪਰ ਮੈਂ ਨਹੀਂ ਪੜ੍ਹਨਾ।ਗ੍ਯਾਨ ਨੂੰ ਗਿਆਨ ਉਚਾਰੋ)।੨੨੪।

ਵਿਆਖਿਆ = ਸੱਚਾ ਗੁਰੂ ਦੁਰਲੱਭ ਹੈ, ਕਲਯੁਗ ਵਿਚ ਸੱਚਾ ਗੁਰੂ, ਗੁਰੂ ਨਾਨਕ ਦੇਵ ਜੀ ਹੈ।ਜਾਂ ਗੁਰੂ ਜੀ ਦੀ ਗੁਰਬਾਣੀ ਜੋ ਗੁਰੂ ਦਾ ਹੀ ਰੂਪ ਹੈ।ਗੁਰਬਾਣੀ ਦੇ ਅਭਿਆਸ ਨਾਲ ਮਨ ਨੂੰ ਕਾਬੂ ਕੀਤਾ ਜਾ ਸਕਦਾ ਹੈ।੨੨੪।

ਕਬੀਰ ਰਾਮ ਰਤਨੁ ਮੁਖੁ ਕੋਥਰੀ, ਪਾਰਖ ਆਗੈ ਖੋਲਿ ॥ ਕੋਈ ਆਇ ਮਿਲੈਗੋ ਗਾਹਕੀ, ਲੇਗੋ ਮਹਗੇ ਮੋਲਿ ॥੨੨੫॥ ਕਬੀਰ ਜੀ ਆਖਦੇ ਹਨ, ਹੇ ਭਾਈ! ਹਰੀ ਦਾ ਨਾਮ ਰੂਪ ਰਤਨ ਜੋ ਮੂੰਹ ਰੂਪ ਗੁਥਲੀ ਵਿਚ ਹੈ, ਇਸ ਨੂੰ ਪਰਖ ਕਰਨ ਵਾਲੇ ਅੱਗੇ ਹੀ ਖੋਲ੍ਹ (ਉਤਮ ਅਧਿਕਾਰੀ ਨੂੰ ਹੀ ਉਪਦੇਸ਼ ਦੇਹ)।ਕਿਉਂਕਿ ਜਦ ਕੋਈ ਚੰਗਾ ਗਾਹਕ ਆ ਮਿਲੇਗਾ ਤਾਂ ਉਹ (ਨਾਮ ਰਤਨ ਨੂੰ ਤਨ ਮਨ ਧਨ ਅਰਪ ਕੇ) ਮਹਿੰਗੇ ਮੁੱਲ ਲੈ ਲਵੇਗਾ।੨੨੫।

ਪਦਾਰਥ = ਕੋਥਰੀ-ਗੁਥਲੀ।ਪਾਰਖ-ਪਰਖ ਕਰਨ ਵਾਲਾ (ਕਦਰਦਾਨ)।ਗਾਹਕੀ-ਖ੍ਰੀਦਣ ਵਾਲਾ।ਲੇਗੋ-ਲੈ ਲਵੇਗਾ।ਮਹਗੇ ਮੋਲਿ-ਮਹਿੰਗੇ ਮੁੱਲ ਨਾਲ।੨੨੫।

ਕਬੀਰ ਰਾਮ ਨਾਮੁ ਜਾਨਿਓ ਨਹੀ, ਪਾਲਿਓ ਕਟਕੁ ਕੁਟੰਬੁ ॥ ਧੰਧੇ ਹੀ ਮਹਿ ਮਰਿ ਗਇਓ, ਬਾਹਰਿ ਭਈ ਨ ਬੰਬੁ ॥੨੨੬॥ ਕਬੀਰ ਜੀ ਆਖਦੇ ਹਨ, ਇਸ ਮਨੁੱਖ ਨੇ ਰਾਮ ਦਾ ਨਾਮ ਜਪਣਾ ਨਹੀ ਜਾਣਿਆ, (ਮੋਹ ਕਰਕੇ) ਫੌਜ ਵਰਗਾ (ਵੱਡਾ) ਪ੍ਰਵਾਰ ਹੀ ਪਾਲਦਾ ਰਿਹਾ। ਹੈ।ਧੰਧਿਆਂ ਵਿਚ ਹੀ (ਸਾਰੀ ਉਮਰ ਭੋਗ ਕੇ ਅੰਤ ਨੂੰ) ਮਰ ਗਿਆ, ਮਰਨ ਵੇਲੇ ਬਾਹਰ ਆਵਾਜ ਵੀ ਨਾ ਹੋਈ (ਮੂੰਹੋਂ ਆਵਾਜ ਨਾ ਨਿਕਲੀ, ਜਬਾਨ ਬੰਦ ਹੋ ਗਈ); ਅਖੀਰ ਵੇਲੇ ਵੀ ਰਾਮ ਦੇ ਨਾਮ ਦੀ ਆਵਾਜ ਮੂਹੋਂ ਬਾਹਰ ਨਹੀਂ ਨਿਕਲੀ।੨੨੬।

ਪਦਾਰਥ = ਕਟਕੁ ਕੁਟੰਬ-ਫੌਜ ਵਰਗਾ ਟੱਬਰ; ਬਹੁਤ ਵੱਡਾ ਪ੍ਰਵਾਰ।ਧੰਧੇ ਹੀ ਮਹਿ-ਧੰਦੇ ਕਰਨ ਵਿਚ ਹੀ।ਬੰਬੁ-ਆਵਾਜ਼; ਨਗਾਰਾ (ਜਸ ਰੂਪ ਨਗਾਰੇ ਦੀ ਬਾਹਰ ਆਵਾਜ ਨਾ ਪ੍ਰਗਟ ਹੋਈ ਕਿ ਬੰਦਾ ਬੜਾ ਉਪਕਾਰੀ, ਪ੍ਰੇਮੀ ਜਾਂ ਭਗਤ ਸੀ)।੨੨੬।

ਕਬੀਰ ਆਖੀ ਕੇਰੇ ਮਾਟੁਕੇ, ਪਲੁ ਪਲੁ ਗਈ ਬਿਹਾਇ ॥ ਮਨੁ ਜੰਜਾਲੁ ਨ ਛੋਡਈ, ਜਮ ਦੀਆ ਦਮਾਮਾ ਆਇ ॥੨੨੭॥ ਕਬੀਰ ਜੀ ਕਹਿੰਦੇ ਹਨ ਕਿ ਅੱਖਾਂ ਦੇ ਖੋਲ੍ਹਣ ਮੀਚਣ (ਝਮਕਣੇ) ਵਿਚ ਪਲ ਪਲ ਕਰਕੇ ਸਾਰੀ ਉਮਰ ਬੀਤ ਗਈ।(ਪਰ ਅਜੇ ਵੀ ਚੰਚਲ) ਮਨ ਧੰਧਾ ਨਹੀ ਛਡਦਾ, ਅੰਤ ਜਮਾਂ ਨੇ ਮੌਤ ਦਾ ਨਗਾਰਾ ਆ ਕੇ ਬਜਾ ਦਿਤਾ।੨੨੭।

ਪਦਾਰਥ = ਆਖੀ ਕੇਰੇ-ਅੱਖਾਂ ਦੇ।ਮਾਟੁਕੇ-ਮਟਕਾਉਂਦੇ (ਝਮਕਾਉਂਦੇ) ਹੋਏ।ਗਈ ਬਿਹਾਇ-ਬੀਤ ਗਈ।ਜੰਜਾਲੁ-(ਘਰ ਦਾ) ਧੰਧਾ।ਦੀਆ ਦਮਾਮਾ-(ਮੌਤ ਦਾ) ਨਗਾਰਾ ਬਜਾ ਦਿਤਾ।੨੨੭।

ਵਿਆਖਿਆ = ਅਖਾਂ ਦਾ ਝਮਕਣਾ, ਇਹ ਉਮਰ ਦੀ ਗਿਣਤੀ ਦਸਦੀਆਂ ਹਨ।ਹਰ ਪਲ ਉਮਰ ਬੀਤਦੀ ਹੈ, ਪਰ ਮਨ ਨਹੀ ਸਮਝਦਾ। ਧੰਧਿਆਂ ਵਿਚੋਂ ਸਿਮਰਨ ਦਾ ਸਮਾਂ ਨਹੀ ਕਢ ਸਕਦਾ।ਇਤਨੇ ਨੂੰ ਮੌਤ ਆ ਜਾਂਦੀ ਹੈ।੨੨੭।

ਕਬੀਰ ਤਰਵਰ ਰੂਪੀ ਰਾਮੁ ਹੈ, ਫਲ ਰੂਪੀ ਬੈਰਾਗੁ ॥ ਛਾਇਆ ਰੂਪੀ ਸਾਧੁ ਹੈ, ਜਿਨਿ ਤਜਿਆ ਬਾਦੁ ਬਿਬਾਦੁ ॥੨੨੮॥ ਕਬੀਰ ਜੀ ਆਖਦੇ ਹਨ ਕਿ ਪ੍ਰਭੂ ਮਾਨੋ ਇਕ ਦਰੱਖਤ ਰੂਪ ਹੈ, ਜਿਸ ਨੂੰ ਵੈਰਾਗ ਰੂਪ ਫਲ ਲੱਗਾ ਹੋਇਆ ਹੈ।ਇਸ ਦਰੱਖਤ ਦੀ ਛਾਂ ਰੂਪ ਸਾਧੂ ਹੈ ,ਜਿਸ ਨੇ ਬਿਅਰਥ ਝਗੜਾ ਛੱਡ ਦਿਤਾ ਹੈ (ਦੁਨੀਆਂ ਦੀ ਤਪਸ਼ ਵਿਚ ਸਾਧੂ ਸ਼ਾਂਤੀ ਦੇਂਦਾ ਹੈ)।੨੨੮।

ਪਦਾਰਥ = ਤਰਵਰ-ਦਰੱਖਤ।ਛਾਇਆ-ਛਾਂ।ਬਾਦੁ ਬਿਬਾਦੁ-ਫਜੂਲ (ਵਿਅਰਥ) ਝਗੜਾ।੨੨੮।

ਵਿਆਖਿਆ = ਗਰਮੀ ਦੀ ਰੁੱਤ ਵਿਚ ਸੂਰਜ ਦੀ ਤਪਸ਼ ਤੋਂ ਬ੍ਰਿਛ ਦੀ ਛਾਂ ਸ਼ਾਂਤੀ ਦੇਂਦੀ ਹੈ।ਦੂਜੇ ਬ੍ਰਿਛ ਫਲ ਦਿੰਦਾ ਹੈ ਜਿਸ ਨੂੰ ਖਾ ਕੇ ਬੰਦਾ ਭੁੱਖ ਮਿਟਾਉਂਦਾ ਹੈ।ਪ੍ਰਭੂ ਇਕ ਸੁੰਦਰ ਬ੍ਰਿਛ ਹੈ, ਸੰਤ ਬ੍ਰਿਛ ਦੀ ਸੰਘਣੀ ਛਾਂ ਹਨ।ਜਿਵੇਂ ਛਾਂ ਦਰੱਖਤ ਦੇ ਨੇੜੇ ਹੈ, ਤਿਵੇਂ ਸੰਤ ਹਰੀ ਦੇ ਨੇੜੇ ਹਨ।ਸੰਤਾਂ ਨੂੰ ਮਿਲ ਕੇ ਵਿਕਾਰਾਂ ਦੀ ਤਪਸ਼ ਦੂਰ ਹੁੰਦੀ ਹੈ, ਬ੍ਰਿਛ ਦੀ ਨੇੜਤਾ ਦਾ ਸੁਖ ਵੀ ਮਿਲਦਾ ਹੈ।ਹਰੀ ਬੈਰਾਗ ਦਾ ਫਲ ਦਿੰਦਾ ਹੈ, ਜਿਸ ਨਾਲ ਅਨੰਦ ਦੀ ਪ੍ਰਾਪਤੀ ਹੁੰਦੀ ਹੈ।ਅਸਲੀ ਸਾਧੂ ਉਹ ਹੈ ਜਿਸ ਨੇ ਮਾਯਾ ਦਾ ਵਿਅਰਥ ਝਗੜਾ ਛਡ ਦਿਤਾ ਹੈ।੨੨੮।

ਕਬੀਰ ਐਸਾ ਬੀਜੁ ਬੋਇ, ਬਾਰਹ ਮਾਸ ਫਲੰਤ ॥ ਸੀਤਲ ਛਾਇਆ ਗਹਿਰ ਫਲ, ਪੰਖੀ ਕੇਲ ਕਰੰਤ ॥੨੨੯॥ ਕਬੀਰ ਜੀ ਕਹਿੰਦੇ ਹਨ

ਕਿ ਹੇ ਭਾਈ! ਇਹੋ ਜਿਹਾ (ਨਾਮ ਰੂਪ) ਬੀਜ ਬੀਜਣਾ ਕਰ (ਜਿਸ ਤੋਂ ਉਗਿਆ ਬ੍ਰਿਛ) ਬਾਰਾਂ ਮਹੀਨੇ ਫਲਦਾ ਰਹੇ।(ਕਈ ਮੌਸਮੀ ਫਲ ਦੇਣ ਵਾਲੇ ਬ੍ਰਿਛ ਸਾਰਾ ਸਾਲ ਨਹੀ ਬੀਜੇ ਜਾ ਸਕਦੇ।ਨਾਮ ਦਾ ਬੀਜ ਐਸਾ ਹੈ, ਇਹ ਸਾਰਾ ਸਾਲ ਬੀਜਿਆ ਜਾ ਸਕਦਾ ਹੈ ਤੇ ਸਦਾ ਫਲਦਾ ਹੈ।ਬਾਰਾਂ ਮਹੀਨੇ ਫਲਨ ਵਾਲੇ ਬ੍ਰਿਛ ਦੀ) ਠੰਢੀ ਛਾਂ ਹੈ, ਸੰਘਣੇ (ਬਹੁਤ ਜਿਆਦਾ) ਫਲ਼ ਲਗਦੇ ਹਨ ਅਤੇ ਜੀਵ ਰੂਪ ਪੰਛੀ (ਛਾਂ ਤੇ ਫਲ ਦਾ) ਅਨੰਦ ਮਾਨਣਾ ਕਰਦੇ ਹਨ।੨੨੯।

ਪਦਾਰਥ = ਬੋਇ-ਬੀਜਣਾ ਕਰ।ਬਾਰਹ ਮਾਸ-ਬਾਰਾਂ ਮਹੀਨੇ।ਫਲੰਤ-ਫਲਦਾ ਹੈ।ਗਹਿਰ ਫਲ-ਸੰਘਣੇ (ਬਹੁਤ ਜਿਆਦਾ) ਫਲ।ਕੇਲ ਕਰੰਤ-ਅਨੰਦ ਮਾਣਦੇ ਹਨ; ਕਲੋਲਾਂ ਕਰਦੇ ਹਨ।੨੨੯।

ਕਬੀਰ ਦਾਤਾ ਤਰਵਰੁ, ਦਯਾ ਫਲੁ, ਉਪਕਾਰੀ ਜੀਵੰਤ ॥ ਪੰਖੀ ਚਲੇ ਦਿਸਾਵਰੀ, ਬਿਰਖਾ ਸੁਫਲ ਫਲੰਤ ॥੨੩੦॥ ਕਬੀਰ ਜੀ ਕਹਿੰਦੇ ਹਨ ਕਿ ਦਾਤਾਂ ਦੇਣ ਵਾਲਾ ਗੁਰੂ ਬ੍ਰਿਛ ਰੂਪ ਹੈ, (ਇਸ ਬ੍ਰਿਛ ਨੂੰ) ਦਇਆ ਰੂਪ ਫਲ ਲਗੇ ਹੋਏ ਹਨ ਅਤੇ (ਸੱਤਗੁਰੂ) ਜੀਵਾਂ ਤੇ ਉਪਕਾਰ ਕਰਨ ਵਾਲੇ ਹਨ।(ਗੁਰੂ ਤੋਂ ਸੇਵਕ ਜਨ ਦਾਤਾਂ ਲੈ ਕੇ) ਵਿਦੇਸ਼ਾਂ (ਕਿਸੇ ਹੋਰ ਥਾਂ) ਨੂੰ ਚੱਲ ਪੈਂਦੇ ਹਨ, ਤਾਂ ਆਖਦੇ ਹਨ, ਹੇ (ਗੁਰੂ ਰੂਪ) ਬ੍ਰਿਛ! ਤੁਸੀਂ ਸ੍ਰੇਸਟ ਗੁਣਾਂ ਰੂਪ ਫਲਾਂ ਨਾਲ ਫਲਦੇ ਰਹੋ (ਸਾਡੇ ਵਾਂਗ ਹੋਰ ਲੋਕ ਵੀ ਆਪ ਜੀ ਤੋਂ ਅਨੰਦ ਮਾਣਦੇ ਰਹਿਣ); ਹੇ ਬਿਰਖ! ਹੇ ਗੁਰੂ! ਤੂੰ ਸਦਾ ਫਲ ਸਹਿਤ ਰਹੁ।ਤੇਰੇ ਸੇਵਕ ਤੈਥੋਂ ਫਲ ਸਹਿਤ ਹੋ ਕੇ ਬਾਹਰਲੇ ਦੇਸ਼ਾਂ ਵਿਚ ਇਸ ਫਲ ਨੂੰ ਵੰਡਣ ਜਾਂਦੇ ਹਨ (ਸ਼ਬਦਾਰਥ)।ਪੰਖੀ ਚਲੇ ਦਿਸਾਵਰੀ = (ਦੂਜਾ ਅਰਥ) ਪਰਮਪਦ ਦੀ ਅਵਸਥਾ ਨੂੰ ਪਾ ਕੇ ਗੁਰਮੁਖ ਆਤਮ ਵਾਕ ਕਹਿੰਦੇ ਹਨ ਕਿ ਹੇ ਗੁਰੂ ਜੀ! ਤੁਸੀਂ ਸਦਾ ਫਲੀ ਭੂਤ ਰਹੋ।ਹਰ ਕੋਈ ਦੂਜੇ ਤੋਂ ਲਾਭ ਲੈ ਕੇ ਉਸਦਾ ਧੰਨਵਾਦ ਕਰਦਾ ਹੈ ੨੩੦।

ਪਦਾਰਥ = ਤਰਵਰ-ਦਰੱਖਤ।ਉਪਕਾਰੀ-ਨੇਕੀ ਕਰਨ ਵਾਲਾ।ਜੀਵੰਤ-ਜੀਵਾਂ ਤੇ; (ਨੇਕੀ ਕਰਨ ਵਾਲਾ ਗੁਰੂ ਸਦਾ) ਜਿਉਂਦਾ ਹੈ। ਦਿਸਾਵਰੀ-ਬਿਦੇਸ਼ ਨੂੰ।ਬਿਰਖਾ-ਹੇ (ਗੁਰੂ ਰੂਪ) ਬ੍ਰਿਛ!।ਸੁਫਲ-ਸ਼ੁੱਭ ਫਲਾਂ ਨਾਲ; ਫਲ ਸਹਿਤ।ਫਲੰਤ-ਫਲਦਾ ਰਹੁ।੨੩੦।

ਅੰਗ ੧੩੭੭ = ਕਬੀਰ ਸਾਧੂ ਸੰਗੁ ਪਰਾਪਤੀ, ਲਿਖਿਆ ਹੋਇ ਲਿਲਾਟ ॥ ਮੁਕਤਿ ਪਦਾਰਥੁ ਪਾਈਐ, ਠਾਕ ਨ ਅਵਘਟ ਘਾਟ ॥ ੨੩੧॥ ਕਬੀਰ ਜੀ ਆਖਦੇ ਹਨ ਕਿ ਜੇ ਮੱਥੇ ਤੇ ਸ਼ੁੱਭ ਲੇਖ ਲਿਖਿਆ ਹੋਇਆ ਹੋਵੇ ਤਾਂ ਸਾਧ ਸੰਗਤ ਦੀ ਪ੍ਰਾਪਤੀ ਹੁੰਦੀ ਹੈ।(ਸਾਧ ਸੰਗਤ ਵਿਚੋਂ) ਮੋਖ ਪਦਾਰਥ ਪਾਈਦਾ ਹੈ ਅਤੇ ਔਖੇ ਘਾਟਾਂ (ਪ੍ਰਲੋਕ ਸਥਾਨ) ਨੂੰ ਜਾਂਦਿਆਂ ਕੋਈ ਰੋਕਦਾ ਨਹੀ ਇਸ ਲੋਕ ਵਿਚ ਵੀ ਜੀਵਨ ਦੇ ਔਖੇ ਰਸਤਿਆਂ ਤੇ ਚਲਦਿਆਂ ਕੋਈ (ਵਿਕਾਰ ਆਦਿ) ਰੋਕ ਨਹੀ ਪਾਉਂਦੇ।੨੩੧। ਠਾਕ ਨ ਹੋਤੀ ਤਿਨਹੁ ਦਰਿ, ਜਿਹ ਹੋਵਹੁ ਸੁਪ੍ਰਸੰਨ। (੨੫੬)। ਜਿਥੈ ਅੜਘਟ ਗਲੀਆ ਭੀੜੀਆ, ਤਿਥੈ ਹਰਿ ਹਰਿ ਮੁਕਤਿ ਕਰਾਇ। (੯੯੬)

ਪਦਾਰਥ = ਲਿਲਾਟ-ਮੱਥੇ ਤੇ।ਠਾਕ ਨ-ਰੋਕ ਨਹੀ।ਅਵਘਟ ਘਾਟ-ਔਖੇ ਰਸਤੇ ਤੇ (ਚੱਲਣ ਸਮੇਂ)।੨੩੧।

ਕਬੀਰ ਏਕ ਘੜੀ ਆਧੀ ਘਰੀ, ਆਧੀ ਹੂੰ ਤੇ ਆਧ ॥ ਭਗਤਨ ਸੇਤੀ ਗੋਸਟੇ, ਜੋ ਕੀਨੇ ਸੋ ਲਾਭ ॥੨੩੨॥ ਕਬੀਰ ਕਹਿੰਦੇ ਹਨ ਕਿ ਇਕ ਘੜੀ, ਅੱਧੀ ਘੜੀ (ਭਾਵੇਂ) ਅੱਧੀ ਤੋਂ ਵੀ ਅੱਧੀ ਘੜੀ ਹੋਵੇ।(ਜਿੰਨਾ ਚਿਰ ਵੀ ਹੋ ਸਕੇ) ਭਗਤਾਂ ਨਾਲ ਮਿਲ ਕੇ (ਪ੍ਰਭੂ ਸਬੰਧੀ) ਬਿਚਾਰ ਬਟਾਂਦਰਾ ਜੋ ਵੀ ਕੀਤਾ ਜਾਵੇ, ਉਹ (ਜੀਵਨ ਲਈ) ਲਾਭ ਦਾਇਕ ਹੈ।੨੩੨।

ਪਦਾਰਥ = ਘੜੀ-੨੪ ਮਿੰਟਾਂ ਦਾ ਸਮਾਂ।ਆਧੀ-ਅੱਧੀ।ਆਧੀ ਹੂੰ ਆਧ-ਅੱਧੀ ਤੋਂ ਵੀ ਅੱਧੀ (ਘੜੀ ਦਾ ਚੌਥਾ ਹਿੱਸਾ)।ਭਗਤਨ ਸੇਤੀ-ਭਗਤਾਂ ਨਾਲ।ਗੋਸਟੇ-(ਸਭਾ ਵਿਚ ਬੈਠ ਕੇ ਕੀਤੀ) ਬਿਚਾਰ; ਗੱਲਬਾਤ।ਕੀਨੇ-ਕੀਤਾ ਜਾਵੇ।ਸੋ-ਉਹ।੨੩੨।

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ, ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ, ਤੇ ਸਭੈ ਰਸਾਤਲਿ ਜਾਂਹਿ ॥੨੩੩॥ ਕਬੀਰ ਜੀ ਆਖਦੇ ਹਨ, ਹੇ ਭਾਈ! ਜੋ ਜੋ ਮਨੁੱਖ ਭੰਗ ਮੱਛੀ ਮਾਸ ਖਾਂਦੇ ਅਤੇ ਸ਼ਰਾਬ ਪੀਂਦੇ ਹਨ।(ਉਨ੍ਹਾਂ ਮਨੁੱਖਾਂ ਦੇ) ਤੀਰਥ ਸ਼ਨਾਨ, ਵਰਤ ਰੱਖੇ ਅਤੇ ਹੋਰ ਨੇਮ ਕੀਤੇ ਹੋਏ, ਉਹ ਸਾਰੇ ਨਿਸਫਲ ਚਲੇ ਜਾਂਦੇ ਹਨ; ਚਾਹੇ ਤੀਰਥ, ਵਰਤ, ਨੇਮ ਆਦਿ ਸ਼ੁੱਭ ਕਰਮ ਕੀਤੇ ਹੋਣ, ਫਿਰ ਵੀ ਉਹ ਨਰਕ ਵਿਚ ਜਾਂਦੇ ਹਨ; ਪਤਾਲ ਵਿਚ ਗਰਕ ਜਾਂਦੇ ਹਨ (ਨਸ਼ੇ ਜੀਵਨ ਨਸ਼ਟ ਕਰ ਦੇਂਦੇ ਹਨ)।੨੩੩।

ਪਦਾਰਥ = ਭਾਂਗ-ਭੰਗ (ਸੁੱਖਾ); ਮਾਸ (ਸੰ. ਸ.; ਫ.ਸ.; ਟਕਸਾਲ) {ਜੀਆਂ ਘਾਇ ਨ ਖਾਈਐ ਭੰਗਾ (ਭਾ:ਗੁ:ਵਾਰ ੩੧ ਪ:੯)।ਇਥੇ ਭੰਗਾ-ਮਾਸ ਹੈ}; ਮਰਾਠੀ ਲੋਕ ਖੈਣੀ ਜਰਦੇ ਨੂੰ ਭਾਂਗ ਕਹਿੰਦੇ ਹਨ।ਮਾਛੁਲੀ-ਮੱਛੀ।ਸੁਰਾ-ਸ਼ਰਾਬ।ਪਾਨਿ-ਪੀਂਦੇ ਹਨ; ਪੀਣ ਵਾਲੇ।ਖਾਂਹਿ -ਖਾਂਦੇ ਹਨ।ਤੇ ਸਭੈ-ਉਹ ਸਾਰੇ।ਰਸਾਤਲਿ ਜਾਂਹਿ-ਨਿਸਫਲ ਚਲੇ ਜਾਂਦੇ ਹਨ; ਗਰਕ ਜਾਂਦੇ; ਨਰਕ ਚ ਜਾਂਦੇ ਹਨ।੨੩੩।

ਨੀਚੇ ਲੋਇਨ ਕਰਿ ਰਹਉ, ਲੇ ਸਾਜਨ ਘਟ ਮਾਹਿ ॥ ਸਭ ਰਸ ਖੇਲਉ ਪੀਅ ਸਉ, ਕਿਸੀ ਲਖਾਵਉ ਨਾਹਿ ॥੨੩੪॥ ਕਬੀਰ ਜੀ (ਇਸਤ੍ਰੀ ਰੂਪ ਵਿਚ) ਕਹਿੰਦੇ ਹਨ ਕਿ ਮੈਂ ਅਪਣੀਆਂ ਅੱਖਾਂ ਨੂੰ ਨੀਵੀਆਂ ਕਰਕੇ ਰਹਿੰਦੀ ਹਾਂ ਅਤੇ ਮਿਤ੍ਰ ਹਰੀ ਨੂੰ ਹਿਰਦੇ ਵਿਚ ਲੈ ਕੇ ਰੱਖਦੀ ਹਾਂ।ਸਾਰੇ ਰਸ ਉਸ ਪਿਆਰੇ ਪਤੀ ਨਾਲ (ਅੰਤਰ ਆਤਮਾ ਰੂਪ ਸੇਜ ਤੇ) ਖੇਲਦੀ (ਮਾਣਦੀ) ਹਾਂ, (ਪਰ) ਅਪਣਾ ਆਪ ਕਿਸੇ ਨੂੰ ਜਾਹਰ ਨਹੀਂ ਕਰਦੀ (ਕਿ ਮੈਂ ਹਰੀ ਦੀ ਵੱਡੀ ਭਗਤਣੀ ਹਾਂ)।੨੩੪।

ਪਦਾਰਥ = ਨੀਚੇ-ਨੀਵੇਂ; ਹੇਠਾਂ।ਲੋਇਨ-ਅੱਖਾਂ।ਸਾਜਨ-ਪਿਅਰਾ ਹਰੀ।ਘਟ ਮਾਹਿ-ਹਿਰਦੇ ਵਿਚ।ਪੀਅ ਸਉ-ਪਤੀ (ਪ੍ਰਭੂ) ਨਾਲ ।ਕਿਸੀ-ਕਿਸੇ ਨੂੰ।ਲਖਾਵਉ ਨਾਹਿ-ਮੈਂ ਜਾਹਰ ਨਹੀਂ ਕਰਦੀ।੨੩੪।

ਵਿਆਖਿਆ = ਇਕ ਸਖੀ ਦੂਜੀ ਸਖੀ ਨੂੰ ਹਰੀ ਦੀ ਪ੍ਰੇਮਣ ਦੇਖ ਕੇ ਕਹਿੰਦੀ ਹੈ ਕਿ ਹਰੀ ਤਾਂ ਦਿਲ ਵਿਚ ਹੈ। ਬਿਰਤੀ ਨੂੰ ਅੰਤਰ ਮੁਖੀ ਕਰ ਕੇ ਕਿਸੇ ਨੂੰ ਜਣਾਓ ਨਾ ਕਿ ਮੈਂ ਹਰੀ ਦਾ ਵੱਡਾ ਭਗਤ ਹਾਂ। ਇਸ ਨਾਲ ਸੂਖਮ ਹੰਕਾਰ ਮਨ ਪੈਦਾ ਹੋ ਸਕਦਾ ਹੈ, ਲੋਕਾਂ ਦੀ ਵਾਹਵਾ ਵਾਹਵਾ ਵੀ ਭਜਨ ਵਿਚ ਰੁਕਾਵਟ ਬਣਦੀ ਹੈ।੨੩੪। ਅੱਗੇ ਸਖੀ ਉਤਰ ਦੇਂਦੀ ਹੈ, ਕਿ ਮੈਂ ਤਾਂ ਹਰੀ ਅੱਗੇ ਬੇਨਤੀਆਂ ਕਰਦੀ ਹਾਂ =

ਆਠ ਜਾਮ ਚਉਸਠਿ ਘਰੀ, ਤੁਅ ਨਿਰਖਤ ਰਹੈ ਜੀਉ ॥ ਨੀਚੇ ਲੋਇਨ ਕਿਉ ਕਰਉ, ਸਭ ਘਟ ਦੇਖਉ ਪੀਉ ॥੨੩੫॥ (ਹੇ ਪਤੀ ਪ੍ਰਭੂ!) ਅੱਠੇ ਪਹਿਰ ਚੌਂਹਟ ਘੜੀਆਂ (ਰਾਤ ਦਿਨ) ਮੇਰਾ ਦਿਲ ਤੈਨੂੰ ਦੇਖਦਾ ਰਹਿੰਦਾ ਹੈ। (ਇਸ ਲਈ ਹੇ ਸਖੀ!) ਮੈਂ ਅਪਣੀਆਂ ਅੱਖਾਂ ਨੀਵੀਂਆਂ ਕਿਉ ਕਰਾਂ? ਜਦ ਕਿ ਮੈਂ ਸਭ ਸਰੀਰਾਂ ਵਿਚ ਪਤੀ ਪ੍ਰਭੂ ਨੂੰ (ਵਸਦਾ) ਦੇਖਦੀ ਹਾਂ।੨੩੫।

ਪਦਾਰਥ = ਆਠ ਜਾਮ–ਅੱਠੇ ਪਹਿਰ। ਚਉਸਠਿ ਘਰੀ–੬੪ ਘੜੀਆਂ (ਅਜ ਕਲ ਦਿਨ ਰਾਤ ਵਿਚ ੬੦ ਘੜੀਆਂ ਹਨ, ਕਿਉਂਕਿ ਇਕ ਘੜੀ ੨੪ ਮਿੰਟਾਂ ਦੀ ਹੈ। ਪਿਛਲੇ ਸਮੇਂ ਇਕ ਘੜੀ ਵਿਚ ੨੨ ਮਿੰਟ ਦੀ, ਦਿਨ ਰਾਤ ੬੪ ਘੜੀਆਂ ਦੇ ਹੁੰਦੇ ਸਨ)। ਤੁਅ–ਤੈਨੂੰ। ਨਿਰਖਤ ਰਹੈ–ਦੇਖਦਾ ਰਹਿੰਦਾ ਹਾਂ। ਜੀਉ–ਜਿੰਦ; ਮਨ। ਨੀਵੇ–ਨੀਵੇਂ; ਹੇਠਾਂ। ਲੋਇਨ–ਅੱਖਾਂ। ਕਿਉ ਕਰਉ–ਮੈਂ ਕਿਉਂ ਕਰਾਂ? ਘਟ–ਸਰੀਰ। ਦੇਖਉ ਪੀਉ–ਮੈਂ ਪਤੀ (ਪ੍ਰਭੂ) ਨੂੰ ਦੇਖਦੀ ਹਾਂ।੨੩੫।।

ਵਿਆਖਿਆ = ਇਸ ਸਲੋਕ ਚ ਪ੍ਰਭੂ ਪਰਾਇਣ ਸਖੀ ਪਹਿਲੀ ਸਖੀ ਨੂੰ ਉਤਰ ਦਿੰਦੀ ਹੈ ਕਿ ਮੇਰੇ ਦਿਲ ਵਿਚ ਹਰੀ ਪਤੀ ਵਸਦਾ ਹੈ ਤਾਂ ਮੈਂ ਲੋਕਾਂ ਦੇ ਭੈ ਅਤੇ ਸ਼ਰਮ ਵਿਚ ਅਖਾਂ ਥੱਲੇ ਕਿਉਂ ਰੱਖਾਂ? ਮੈਂ ਹਰੀ ਨੂੰ ਸਭ ਸਰੀਰਾਂ ਵਿਚ ਵਿਆਪਕ ਦੇਖਦੀ ਹਾਂ। {ਠਾਕੁਰੁ ਏਕੁ ਸਬਾਈ ਨਾਰਿ ੯੩੩}। ਹੇ ਹਰੀ ਤੂੰ ਹੀ ਇਕ ਪੁਰਖ ਹੈਂ, ਬਾਕੀ ਸਭ ਇਸਤ੍ਰੀਆਂ ਹਨ। ਇਕ ਇਸਤ੍ਰੀ ਦੂਜੀ ਇਸਤ੍ਰੀ ਤੋਂ ਅੱਖਾਂ ਨੀਵੀਆਂ ਨਹੀ ਕਰਦੀ।

ਸੁਨੁ ਸਖੀ ਪੀਅ ਮਹਿ ਜੀਉ ਬਸੈ, ਜੀਅ ਮਹਿ ਬਸੈ ਕਿ ਪੀਉ ॥ ਜੀਉ ਪੀਉ ਬੂਝਉ ਨਹੀ, ਘਟ ਮਹਿ ਜੀਉ ਕਿ ਪੀਉ ॥੨੩੬॥ ਹੇ ਸਖੀ! ਸੁਣ, ਪਿਆਰੇ ਪ੍ਰਭੂ ਵਿਚ ਆਤਮਾ ਵਸਦਾ ਹੈ ਕਿ ਆਤਮਾ ਵਿਚ ਪਿਆਰਾ ਪ੍ਰਭੂ ਵਸਦਾ ਹੈ? (ਹੁਣ ਆਤਮਾ ਤੇ ਪਿਆਰਾ ਹਰੀ ਇਕ ਰੂਪ ਹੋ ਗਏ ਹਨ) ਮੈਂ ਤਾਂ ਜਾਣਦੀ ਨਹੀ, ਕਿ ਆਤਮਾ ਕਿਹੜਾ ਹੈ ਤੇ ਪਿਆਰਾ ਕਿਹੜਾ ਹੈ? (ਇਸ ਲਈ ਮੈਂ ਦਸ ਨਹੀਂ ਸਕਦੀ ਕਿ) ਮੇਰੇ ਅੰਦਰ ਆਤਮਾ ਹੈ ਕਿ ਪਿਆਰਾ ਹੈ।੨੩੬।

ਪਦਾਰਥ = ਸਖੀ–ਹੇ ਸਖੀ!। ਪੀਅ ਮਹਿ–ਪਿਆਰੇ ਪਤੀ (ਹਰੀ) ਵਿਚ। ਜੀਉ–ਆਤਮਾ; ਮਨ; ਜਿੰਦ। ਬਸੈ–ਵਸਦਾ ਹੈ। ਜੀਅ–ਆਤਮਾ। ਕਿ–ਜਾਂ; ਕਿਹੜਾ। ਪੀਉ–ਪਤੀ (ਹਰੀ)। ਬੂਝਉ ਨਹੀ–ਮੈਂ ਜਾਣਦੀ ਨਹੀਂ। ਘਟ–ਸਰੀਰ; ਹਿਰਦਾ।੨੩੬।

ਵਿਆਖਿਆ = ਸਲੋਕ ੨੩੪ ਵੇਂ ਵਿਚ ਭਗਤੀ ਕਰਨ ਵਾਲੀ ਸਖੀ ਵਾਰੇ ਕਿਹਾ ਹੈ। ਅੱਗੇ ੨੩੫ ਵੇਂ ਵਿਚ ਗਿਆਨ ਵਾਨ ਦਾ ਜਿਕਰ ਹੈ। ਤੀਜੇ ਸਲੋਕ ੨੩੬ ਵੇਂ ਵਿਚ ਜੀਵਨ ਮੁਕਤ ਸਖੀ ਦੀ ਹਰੀ ਨਾਲ ਇਕ ਮਿਕ ਹੋਈ ਅਵਸਥਾ ਦਾ ਜਿਕਰ ਹੈ। ਹਰਿ ਮਹਿ ਤਨੁ ਹੈ, ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ। (੮੭੦)। ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ (੯੬੯)

ਕਬੀਰ ਬਾਮਨੁ ਗੁਰੂ ਹੈ ਜਗਤ ਕਾ, ਭਗਤਨ ਕਾ ਗੁਰੁ ਨਾਹਿ ॥ ਅਰਝਿ ਉਰਝਿ ਕੈ ਪਚਿ ਮੂਆ, ਚਾਰਉ ਬੇਦਹੁ ਮਾਹਿ ॥੨੩੭॥ ਹੇ ਕਬੀਰ! ਬ੍ਰਹਮਣ ਭਾਵੇਂ ਸਾਰੇ ਜਗਤ ਦਾ ਗੁਰੂ ਹੈ (ਲੋਕਾਂ ਨੂੰ ਕਰਮ ਕਾਂਡ ਵਿਚ ਫਸਾਈ ਫਿਰਦਾ ਹੈ, ਪਰ ਨਾਮ ਜਪਣ ਵਾਲੇ) ਭਗਤਾਂ ਦਾ ਗੁਰੂ ਨਹੀਂ ਹੈ। ਚੌਹਾਂ ਬੇਦਾਂ ਦੇ ਵਾਦ ਵਿਵਾਦ ਜਾਂ ਕਰਮ ਕਾਂਡ ਦੀ ਗੁਲਝਣ ਵਿਚ ਫਸਿਆ ਦੁਖੀ ਹੋ ਕੇ ਮਰ ਗਿਆ।੨੩੭।

ਪਦਾਰਥ = ਬਾਮਨੁ–ਬ੍ਰਾਹਮਣ। ਕਾ–ਦਾ। ਨਾਹਿ–ਨਹੀਂ। ਅਰਝਿ ਉਰਝਿ–ਗੁਲਝਣ (ਗੋਰਖ ਧੰਦੇ) ਵਿਚ ਫਸ ਕੇ। ਪਚਿ–ਖਪ; ਸੜ; ਦੁਖੀ ਹੋ ਕੇ। ਚਾਰਉ ਬੇਦਹੁ ਮਾਹਿ–ਚਾਰੇ ਬੇਦਾਂ ਦੇ (ਕਰਮ ਕਾਂਡ) ਵਿਚ।੨੩੭।

ਵਿਆਖਿਆ = ਬ੍ਰਹਮਣ, ਲੋਕਾਂ ਨੂੰ ਬੇਦਾਂ ਦੇ ਕਰਮ ਕਾਂਡ, ਯੱਗ ਕਰਾਉਣੇ, ਦੇਵ ਤੇ ਮੂਰਤੀ ਪੂਜਾ ਆਦਿ ਵਿਚ ਲਗਾਉਂਦਾ ਹੈ। ਭਗਤ ਇਕ ਪ੍ਰਭੂ ਦਾ ਨਾਮ ਜਪਦੇ ਹਨ, ਇਸ ਕਰਕੇ ਭਗਤਾਂ ਦਾ ਗੁਰੂ ਬਾਹਮਣ ਨਹੀ ਹੋ ਸਕਦਾ।੨੩੭।

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ, ਹਾਥੀ ਚੁਨੀ ਨ ਜਾਇ ॥ ਕਹਿ ਕਬੀਰ ਗੁਰਿ ਭਲੀ ਬੁਝਾਈ, ਕੀਟੀ ਹੋਇ ਕੈ ਖਾਇ ॥੨੩੮॥ (ਜਿਵੇਂ ਰੇਤ ਵਿਚ ਖੰਡ ਖਿੰਡ ਜਾਵੇ ਤਾਂ ਉਹ ਹੱਥਾਂ ਨਾਲ ਜਾਂ ਹਾਥੀ ਤੋਂ ਨਹੀਂ ਚੁਗੀ ਜਾ ਸਕਦੀ), ਇਸੇ ਤਰ੍ਹਾਂ ਹਰੀ ਦਾ ਨਾਮ ਰੂਪ ਖੰਡ ਸੰਸਾਰ ਰੂਪ ਰੇਤ ਵਿਚ ਖਿਲਰੀ ਹੈ (ਸਾਕਾਮ ਰੂਪ) ਹੱਥਾਂ ਜਾਂ (ਹੰਕਾਰੀ ਮਨ ਰੂਪ) ਹਾਥੀ ਤੋਂ ਨਹੀਂ ਚੁਗੀ ਜਾ ਸਕਦੀ (ਪੰਡਤਾਂ ਦੇ ਦੱਸੇ ਕਰਮ ਕਾਂਡ ਅਤੇ ਜੱਗ ਆਦਿ ਨਾਲ ਹਰੀ ਨਹੀ ਮਿਲਦਾ)। ਕਬੀਰ ਜੀ ਆਖਦੇ ਹਨ ਕਿ ਗੁਰੂ ਨੇ ਮੈਨੂੰ ਚੰਗੀ (ਸਿਖਿਆ) ਸਮਝਾਈ ਹੈ ਕਿ ਕੀੜੀ (ਨਿਮ੍ਰਤਾ ਵਾਲਾ) ਬਣ ਕੇ ਖਾਹ। (ਹੰਕਾਰੀ ਮਨੁੱਖ ਨਾਮ ਹਾਸਲ ਨਹੀਂ ਕਰ ਸਕਦਾ)।੨੩੮।

ਪਦਾਰਥ = ਖਾਂਡ–(ਨਾਮ) ਖੰਡ। ਰੇਤੁ ਮਹਿ–(ਸੰਸਾਰ ਰੂਪ) ਰੇਤ ਵਿਚ। ਬਿਖਰੀ–ਖਿੰਡੀ ਹੋਈ। ਹਾਥੀ–ਸਾਕਾਮ ਰੂਪ ਹੱਥਾਂ ਨਾਲ; ਹੰਕਾਰ ਰੂਪ ਹਾਥੀ ਤੋਂ। ਚੁਨੀ ਨ ਜਾਇ–ਚੁਣੀ ਨਹੀਂ ਜਾ ਸਕਦੀ। ਗੁਰਿ–ਗੁਰੂ ਨੇ। ਭਲੀ ਬੁਝਾਈ–ਚੰਗੀ ਸਿੱਖਿਆ ਸਮਝਾਈ ਹੈ। ਕੀਟੀ–ਨਿਮ੍ਰਤਾ ਰੂਪ ਕੀੜੀ।੨੩੮। ਏਹ ਸਲੋਕ ਥੋੜੇ ਫਰਕ ਨਾਲ ੯੭੨ ਅੰਗ ਤੇ ੧੨ ਵੇਂ ਸ਼ਬਦ ਦਾ ਦੂਜਾ ਪਦਾ ਹੈ। ਹਰਿ ਭਇਓ ਖਾਂਡ, ਰੇਤੁ ਮਹਿ ਬਿਖਰਿਓ ਹਸਤੀਂ ਚੁਨਿਓ ਨ ਜਾਈ। ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ। (੯੭੨)

ਵਿਆਖਿਆ = ਅਗਿਆਨਤਾ ਦੇ ਹਨ੍ਹੇਰੇ ਵਿਚ ਸੁੱਤੇ ਪਏ ਹੰਕਾਰੀ ਮਨ ਨੂੰ ਅਪਣੇ ਆਪ ਦੀ ਕੋਈ ਸੂਝ ਨਹੀਂ।ਇਸ ਤਰ੍ਹਾਂ ਇਹ ਦੇਹ ਕਿਰਕਿਰੀ ਰਸ ਹੀਣ ਹੋਈ ਪਈ ਹੈ।ਬੁੱਧੀ ਨੂੰ ਸੂਖਮ ਕਰਕੇ, ਅਪਣੇ ਆਪੇ ਦੀ ਖੋਜ ਕਰਨਾ, ਇਹ ਕੀੜੀ ਬਣਨਾ ਹੈ।ਜਦ ਕੀੜੀ ਬਣ ਕੇ ਮਨੁੱਖ ਅਪਣੇ ਸਰੂਪ ਤਕ ਪਹੁੰਚੇਗਾ ਤਾਂ ਆਤਮ ਰਸ ਰੂਪ ਖੰਡ ਨੂੰ ਚੁਣ ਚੁਣ ਕੇ ਖਾਵੇਗਾ।੨੩੮।

ਕਬੀਰ ਜਉ ਤੁਹਿ ਸਾਧ ਪਿਰੰਮ ਕੀ, ਸੀਸੁ ਕਾਟਿ ਕਰਿ ਗੋਇ ॥ ਖੇਲਤ ਖੇਲਤ ਹਾਲ ਕਰਿ, ਜੋ ਕਿਛੁ ਹੋਇ ਤ ਹੋਇ ॥੨੩੯॥ ਹੇ ਕਬੀਰ! ਜੇ ਤੈਨੂੰ ਪਿਆਰੇ ਹਰੀ ਨੂੰ ਮਿਲਣ ਦੀ ਸੱਧਰ (ਇੱਛਾ) ਹੈ, ਤਾਂ ਅਪਣਾ ਹੰਕਾਰ ਰੂਪ ਸਿਰ ਕੱਟ ਕੇ ਗੇਂਦ ਕਰ ਦੇਹ।(ਹਰੀ ਨਾਲ ਪ੍ਰੇਮ ਦੀ ਖੇਡ) ਖੇਲਦਿਆਂ ਹੋਇਆਂ ਪ੍ਰੇਮ ਵਿਚ ਅਜੇਹਾ ਮਸਤ ਹੋ ਜਾ, ਫਿਰ ਜੋ ਕੁਛ ਹੋਣਾ ਹੈ, ਉਹ ਹੁੰਦਾ ਰਹੇ (ਬੇਪ੍ਰਵਾਹ ਹੋ ਜਾ, ਗੇਂਦ ਨੂੰ ਕੋਈ ਜਿਧਰ ਮਰਜੀ ਰੋੜ੍ਹੀ ਜਾਵੇ, ਕਿਸੇ ਨੂੰ ਕੁਛ ਨਹੀ ਕਹਿੰਦੀ।ਤੇਰੇ ਨਾਲ ਜੋ ਮਰਜੀ ਕੋਈ ਸਲੂਕ ਕਰੇ ਤੂੰ ਗੇਂਦ ਵਾਂਗ ਨਿੰਮ੍ਰੀਭੂਤ ਰਹਿ)।੨੩੯।

ਪਦਾਰਥ = ਜਉ–ਜੇ।ਤੁਹਿ–ਤੈਨੂੰ।ਸਾਧ–ਸੱਧਰ; ਸ਼ਰਧਾ; ਸਾਧਣ ਦੀ ਇੱਛਾ।ਪਿਰੰਮ ਕੀ–ਪ੍ਰੇਮ; ਪਿਆਰੇ ਦੀ।ਸੀਸ–ਸਿਰ (ਹੰਕਾਰ)। ਗੋਇ–ਗੇਂਦ।ਹਾਲ–(ਅ.) ਸਰੂਰ; ਮਸਤੀ (ਕਬਾਲੀ ਗਾਂਉਂਦੇ ਹੋਏ ਫਕੀਰਾਂ ਦੇ ਮਸਤ ਹੋਣ ਨੂੰ ਹਾਲ ਖੇਡਣਾ ਕਹਿੰਦੇ ਹਨ); ਪ੍ਰੇਮ ਦੀ ਮਸਤੀ ਜਿਸ ਵਿਚ ਤਨ ਦੀ ਸੁੱਧ ਬੁੱਧ ਨਾ ਰਹੇ।ਤ ਹੋਇ–ਹੁੰਦਾ ਰਹੇ।੨੩੯।

ਵਿਆਖਿਆ = ਜਿਵੇਂ ਖੇਡਣ ਵਾਲਾ ਅਪਣੀ ਖੇਡ ਵਿਚ ਇਤਨਾ ਮਸਤ ਹੋ ਜਾਂਦਾ ਹੈ, ਉਸਨੂੰ ਖੇਡ ਤੋਂ ਬਿਨਾ ਹੋਰ ਕੋਈ ਖਬਰ ਨਹੀਂ ਰਹਿੰਦੀ।ਹੇ ਮਨੁੱਖ! ਤੂੰ ਵੀ ਹਰੀ ਦੇ ਪ੍ਰੇਮ ਦੀ ਖੇਡ ਵਿਚ ਇਤਨਾ ਗੁਆਚ ਜਾ, ਕਿ ਤੈਨੂੰ ਆਪੇ ਦੀ ਸੁੱਧ ਭੁੱਲ ਜਾਵੇ।ਫੇਰ ਇਹ ਭੈ ਵੀ ਨਾ ਰੱਖੀਂ ਕਿ ਕੀ ਹੋਵੇਗਾ? ਜੋ ਹੋਵੇ ਸੋ ਹੋਵੇ, ਤੂੰ ਅਪਣੀ ਖੇਲ ਦੇ ਮਾਰਗ ਚਲਦਾ ਰਹਿ।੨੩੯।

ਕਬੀਰ ਜਉ ਤੁਹਿ ਸਾਧ ਪਿਰੰਮ ਕੀ, ਪਾਕੇ ਸੇਤੀ ਖੇਲੁ ॥ ਕਾਚੀ ਸਰਸਉਂ ਪੇਲਿ ਕੈ, ਨਾ ਖਲਿ ਭਈ ਨਾ ਤੇਲੁ ॥੨੪੦॥ ਹੇ ਕਬੀਰ! ਜੇ ਤੈਨੂੰ ਹਰੀ ਦੇ ਪ੍ਰੇਮ ਦੀ ਸੱਧਰ (ਇੱਛਾ) ਜਾਂ ਪਿਆਰੇ ਦੀ ਸ਼ਰਧਾ ਹੈ, ਤਾਂ ਪੱਕੇ (ਸੱਚੇ) ਗੁਰੂ ਨਾਲ ਖੇਲ (ਸੱਚੇ ਗੁਰੂ ਦੀ ਸੰਗਤ ਕਰ) ।(ਜਿਵੇਂ) ਕੱਚੀ ਸਰ੍ਹੋਂ ਪੀੜ ਕੇ ਨਾ ਖ਼ਲ ਬਣਦੀ ਹੈ ਅਤੇ ਨਾ ਤੇਲ ਨਿਕਲਦਾ ਹੈ (ਝੂਠੇ ਗੁਰੂ ਦੀ ਸੇਵਾ ਅਤੇ ਕਰਮ ਕਾਂਡ ਕਰਨ ਨਾਲ ਜੀਵਨ ਸਫਲ ਨਹੀ ਹੁੰਦਾ, ਨਾ ਮੁਕਤੀ ਮਿਲਦੀ ਹੈ)।੨੪੦।

ਪਦਾਰਥ = ਜਉ–ਜੇ।ਤੁਹਿ–ਤੈਨੂੰ।ਸਾਧ–ਸੱਧਰ; ਸ਼ਰਧਾ।ਪਿਰੰਮ ਕੀ–ਪ੍ਰੇਮ ਦੀ।ਪਾਕੇ–ਪੱਕੇ ਤੱਤਵੇਤਾ ਸੰਤ; ਸੱਚੇ ਗੁਰੂ।ਸੇਤੀ–ਨਾਲ ।ਸਰਸਉ–ਸਰ੍ਹੋਂ।ਪੇਲਿ ਕੈ–ਪੀੜ ਕੇ।ਖਲਿ–ਖਲ, ਸਰ੍ਹੋਂ ਆਦਿ ਦੇ ਤੇਲ ਕੱਢਣ ਪਿਛੋਂ ਬਚਿਆ ਫੋਗ।੨੪੦।

ਢੂੰਢਤ ਡੋਲਹਿ ਅੰਧ ਗਤਿ, ਅਰੁ ਚੀਨਤ ਨਾਹੀ ਸੰਤ ॥ ਕਹਿ ਨਾਮਾ ਕਿਉ ਪਾਈਐ, ਬਿਨੁ ਭਗਤਹੁ ਭਗਵੰਤੁ ॥੨੪੧॥ ਸੰਸਾਰ ਦੇ ਮਨੁੱਖ ਅੰਨ੍ਹਿਆਂ ਵਾਂਗ (ਕੱਚੇ ਗੁਰੂਆਂ ਦੇ ਪਿੱਛੇ ਲਗ ਕੇ ਪੱਥਰਾਂ ਦੀਆਂ ਮੂਰਤੀਆਂ ਵਿਚ) ਹਰੀ ਨੂੰ ਲੱਭਦੇ ਫਿਰਦੇ ਹਨ ਅਤੇ (ਪ੍ਰਭੂ ਦੀ ਭਗਤੀ ਕਰਨ ਵਾਲੇ ਤੱਤਵੇਤਾ) ਸੰਤਾਂ ਨੂੰ ਪਛਾਣਦੇ ਨਹੀ।ਨਾਮ ਦੇਵ ਜੀ ਕਹਿੰਦੇ ਹਨ, ਭਗਤਾਂ ਤੋਂ ਬਿਨਾ ਭਗਵਾਨ ਨੂੰ ਕਿਵੇਂ ਪਾਈਏ? (ਨਾਮ ਰਸੀਏ ਭਗਤਾਂ ਦੀ ਸੰਗਤ ਕੀਤੇ ਬਿਨਾ ਹਰੀ ਨਹੀ ਮਿਲ ਸਕਦਾ)।੨੪੧।

ਨਾਨਕ ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ।ਓਇ ਜੀਵੰਦੇ ਵਿਛੁੜਹਿ ਓਇ ਮੁਇਆਂ ਨ ਜਾਹੀ ਛੋੜਿ।(੧੧੦੨)

ਪਦਾਰਥ = ਢੂੰਢਤ ਡੋਲਹਿ–ਖੋਜਦੇ ਫਿਰਦੇ ਹਨ।ਅੰਧ ਗਤਿ–ਅੰਨ੍ਹਿਆਂ ਵਾਂਗ।ਅਰੁ–ਅਤੇ।ਚੀਨਤ ਨਾਹੀ–ਪਛਾਣਦੇ ਨਹੀਂ।ਕਹਿ ਨਾਮਾ– ਨਾਮ ਦੇਵ ਜੀ ਕਹਿੰਦੇ ਹਨ।ਬਿਨੁ ਭਗਤਹੁ–ਭਗਤਾਂ ਤੋਂ ਬਿਨਾ।ਭਗਵੰਤੁ–ਭਗਵਾਨ ਨੂੰ।੨੪੧।

ਹਰਿ ਸੋ ਹੀਰਾ ਛਾਡਿ ਕੈ, ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ ॥੨੪੨॥ ਹੇ ਭਾਈ! ਜੋ ਪੁਰਖ ਹਰੀ ਵਰਗੇ ਹੀਰੇ ਨੂੰ ਛੱਡ ਕੇ ਹੋਰ (ਜਪ ਤਪ ਯੱਗ ਦੇਵੀ ਦੇਵਤਿਆਂ ਜਾਂ ਮਾਯਾ ਦੀ) ਆਸ ਰਖਦੇ ਹਨ (ਕਿ ਸਾਡੀ ਸਹਾਇਤਾ ਕਰਨਗੇ)। (ਅਜੇਹੇ) ਉਹ ਪੁਰਖ ਨਰਕਾਂ ਨੂੰ ਜਾਣਗੇ, ਰਵਿਦਾਸ ਜੀ ਸੱਚੇ ਵਾਕ ਆਖਦੇ ਹਨ।੨੪੨।

ਪਦਾਰਥ = ਸੋ–ਵਰਗਾ।ਆਨ ਕੀ–ਹੋਰ ਦੂਜੇ ਦੀ।ਤੇ ਨਰ–ਉਹ ਮਨੁੱਖ।ਦੋਜਕ–ਨਰਕਾਂ ਨੂੰ।ਸਤਿ ਭਾਖੈ–ਸੱਚੇ (ਸਹੀ) ਆਖਦਾ ਹੈ।

ਇਹ ਦੋਵੇਂ ਸਲੋਕ ਕਰਮ ਵਾਰ ਨਾਮ ਦੇਵ ਜੀ ਅਤੇ ਰਵਿਦਾਸ ਜੀ ਦੇ ਹੀ ਲਿਖੇ ਹੋਏ ਹਨ।੨੪੨।

ਕਬੀਰ ਜਉ ਗ੍ਰਿਹੁ ਕਰਹਿ, ਤ ਧਰਮੁ ਕਰੁ, ਨਾਹੀ ਤ ਕਰੁ ਬੈਰਾਗੁ ॥ ਬੈਰਾਗੀ ਬੰਧਨੁ ਕਰੈ, ਤਾ ਕੋ ਬਡੋ ਅਭਾਗੁ ॥੨੪੩॥ ਕਬੀਰ ਜੀ ਆਖਦੇ ਹਨ ਕਿ ਹੇ ਭਾਈ! ਜੇ ਤੂੰ ਗ੍ਰਿਹਸਤ (ਜੀਵਨ ਧਾਰਨ) ਕਰਦਾ ਹੈਂ, ਤਾਂ ਧਰਮ (ਵਾਲੇ ਕੰਮ) ਕਰ (ਧਰਮ ਦੀ ਕਿਰਤ ਕਰਨੀ, ਲੋੜਵੰਦਾਂ ਦੀ ਮੱਦਦ ਕਰਨੀ, ਪੰਥਕ ਕਾਰਜਾਂ ਲਈ ਮਾਯਾ ਦੇਣੀ, ਗੁਰਮੁਖਾਂ ਦੀ ਸੰਗਤ ਕਰਨੀ ਆਦਿ ਕਰਮ ਕਰ।ਜੇ ਧਰਮ ਵਾਲੇ ਇਹ ਕਰਮ) ਨਹੀ ਕਰ ਸਕਦਾ, ਤਾਂ ਤਿਆਗੀ ਬਣ ਜਾ (ਜਗਤ ਨਾਲੋਂ ਮੋਹ ਤੋੜ ਕੇ ਹਰੀ ਦੀ ਭਗਤੀ ਕਰ।ਜੋ ਮਨੁੱਖ ਗ੍ਰਿਹਸਥ ਦਾ) ਤਿਆਗੀ ਬਣ ਕੇ ਮੁੜ ਬੰਧਨ ਰੂਪ ਕਰਮ ਕਰਦਾ (ਜਾਂ ਮਾਯਾ ਦੇ ਬੰਧਨ ਸਹੇੜਦਾ) ਹੈ, (ਤਾਂ ਸਮਝੋ) ਉਸ ਦੀ ਬਹੁਤ ਮੰਦੀ ਕਿਸਮਤ ਹੈ।੨੪੩।

ਪਦਾਰਥ = ਜਉ–ਜੇ।ਗ੍ਰਿਹੁ–ਗ੍ਰਿਹਸਤ (ਧਰਮ)।ਕਰਹਿ–ਕਰਦਾ ਹੈਂ।ਤ–ਤਾਂ।ਬੈਰਾਗੁ–ਤਿਆਗ (ਲੋਕ ਪ੍ਰਲੋਕ ਦੇ ਪਦਾਰਥਾਂ ਤੋਂ ਉਪਰ ਉਚੇ ਪਾਸੇ ਮਨ ਦੀ ਰੁਚੀ ਲਗ ਜਾਣੀ)।ਤਾ ਕੋ–ਉਸ ਦਾ।ਅਭਾਗੁ–ਮੰਦ ਭਾਗੀ; ਮਾੜੀ ਕਿਸਮਤ ਵਾਲਾ।(ਚਾਰ ਧਰਮ ਹਨ = ੧

ਗ੍ਰਿਹਸਤੀ. ੨ ਬਾਨ ਪ੍ਰਸਤ. ੩ ਸੰਨਿਆਸੀ. ੪ ਬ੍ਰਹਮਚਾਰੀ। ਭਾਈ ਗੁਰਦਾਸ ਜੀ ਨੇ ਕਿਹਾ ਹੈ ਗ੍ਰਿਹਸਤ ਧਰਮ ਸਭ ਤੋਂ ਉਤਮ ਹੈ।੨੪੩ ।ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ (ਕਬਿਤ ੩੭੬ ਭਾ. ਗੁ. ।ਇਸ ਭੇਖੈ ਥਾਵਹੁ ਗਿਰਹੋ ਭਲਾ, ਜਿਥਹੁ ਕੋ ਵਰਸਾਇ।(੫੮੭)। ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ।ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ (ਮ: ੧, ੪੧੯)

ਕਬੀਰ ਸਾਹਿਬ ਜੀ ਦੇ ਸਲੋਕ ਸਮਾਪਤ।

ਗੁਰਬਾਣੀ ਨਿਰੰਕਾਰ ਰੂਪ ਹੈ।ਇਸਦੇ ਸਹੀ ਅਰਥ ਤਾਂ ਗੁਰੂ ਜੀ ਹੀ ਜਾਣ ਸਕਦੇ ਹਨ।ਪਰ ਆਮ ਵਿਦਵਾਨਾਂ ਕੋਲੋਂ ਆਪੋ ਅਪਣੀ ਬੁੱਧੀ ਅਨੁਸਾਰ ਜੋ ਅਰਥ ਕੀਤੇ ਜਾਂਦੇ ਹਨ, ਉਨ੍ਹਾਂ ਵਿਚੋਂ ਕਈ ਗੁਹਜ ਅਰਥ ਇਕ ਦੂਜੇ ਦੇ ਅਰਥਾਂ ਨਾਲ ਮਿਲਦੇ ਨਹੀ।ਦਾਸ ਨੇ ਵਿਦਵਾਨਾਂ ਦੇ ਟੀਕੇ ਸ਼ਬਦਾਰਥ, ਦਰਪਣ, ਸੰਪ੍ਰਦਾਈ ਟੀਕਾ (ਗਲੀ ਸੱਤੋ ਵਾਲੀ ਵਾਲਾ), ਫਰੀਦਕੋਟ ਸਟੀਕ, ਭਾਈ ਵੀਰ ਸਿੰਘ ਦਾ ਟੀਕਾ, ਸੋਢੀ ਤੇਜਾ ਸਿੰਘ ਦਾ ਪੰਨੇਵਾਰ ਕੋਸ਼, ਮਹਾਨ ਕੋਸ਼ ਅਤੇ ਗਿ. ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੀਆਂ ਟੇਪਾਂ ਵਿਚ ਕੀਤੀ ਕਥਾ ਤੋਂ ਕਬੀਰ ਜੀ ਦੇ ਸਲੋਕਾਂ ਦੀ ਵਿਆਖਿਆ ਲਿਖਣ ਵਿਚ ਸਹਾਇਤਾ ਲਈ ਹੈ।ਕਈ ਜਗ੍ਹਾ ਮੈਂ ਅਪਣੇ ਵਿਚਾਰ ਵੀ ਲਿਖੇ ਹਨ।ਕਬੀਰ ਸਾਹਿਬ ਬਹੁਤ ਉਤਮ, ਪੂਰਨ ਪੁਰਖ ਹੋਏ ਹਨ।ਨਾ ਉਹ ਹਿੰਦੂ, ਨਾ ਮੁਸਲਮਾਨ ਅਤੇ ਨਾ ਹੀ ਵੈਸ਼ਨਵ ਸਨ।ਉਨ੍ਹਾਂ ਨੇ ਪਰਮਾਤਮਾ ਦਾ ਨਾਮ ਸਿਮਰਨ ਕਰਨ ਵਾਲਿਆਂ ਦਾ ਹੀ ਇਕ ਧਰਮ ਮਾਰਗ ਚਲਾਇਆ।ਜਾਤ ਪਾਤ, ਮਜਹਬੀ ਜਨੂਨ, ਫੋਕੀਆਂ ਧਾਰਮਕ ਰਸਮਾਂ, ਕਰਮ ਕਾਂਡ ਦਾ ਖੁਲ੍ਹ ਕੇ ਖੰਡਨ ਕੀਤਾ ਅਤੇ ਪ੍ਰਭੂ ਦੇ ਨਾਮ ਸਿਮਰਨ ਤੇ ਜੋਰ ਦਿਤਾ।ਕਬੀਰ ਜੀ ਤੋਂ ਬਾਦ ਉਨ੍ਹਾਂ ਦੇ ਮੰਨਣ ਵਾਲਿਆਂ ਨੇ ਇਸ ਮਾਰਗ ਨੂੰ ਕਬੀਰ ਪੰਥ ਦਾ ਨਾਂ ਦਿਤਾ।

ਦਾਸ ਤੋਂ ਇਨ੍ਹਾਂ ਸਲੋਕਾਂ ਦੇ ਅਰਥ ਲਿਖਣ ਲੱਗਿਆਂ ਪਤਾ ਨਹੀ ਕਿੰਨੀਆਂ ਕੁ ਗਲਤੀਆਂ ਹੋਈਆਂ ਹੋਣਗੀਆਂ।ਕਬੀਰ ਸਾਹਿਬ ਦੇ ਕੂਕਰਾਂ ਦੇ ਚਰਨਾਂ ਦੀ ਧੂੜ ਬਣ ਕੇ ਮੈਂ ਹੋਈਆਂ ਭੁੱਲਾਂ ਦੀ ਖਿਮਾ ਮੰਗਦਾ ਹਾਂ।

ਆਸਾ।ਸੁਤੁ ਅਪਰਾਧ ਕਰਤ ਹੈ ਜੇਤੇ।ਜਨਨੀ ਚੀਤਿ ਨ ਰਾਖਸਿ ਤੇਤੇ।੧।
ਰਾਮਈਆ ਹਉ ਬਾਰਿਕੁ ਤੇਰਾ।ਕਾਹੇ ਨ ਖੰਡਸਿ ਅਵਗਨੁ ਮੇਰਾ।੧।ਰਹਾਉ।
ਜੇ ਅਤਿ ਕ੍ਰੋਪ ਕਰੇ ਕਰਿ ਧਾਇਆ।ਤਾ ਭੀ ਚੀਤਿ ਨ ਰਾਖਸਿ ਮਾਇਆ।੨।
(ਅੰਗ ੪੭੮)

ਦਾਸਨਿਦਾਸ = ਹਰਜਿੰਦਰ ਸਿੰਘ ਗਿਆਨੀ
੨੧ ਦਸੰਬਰ ੨੦੦੭

.